BC CLA
BRITISH COLUMBIA
CIVIL LIBERTIES
ASSOCIATION

# ਗਿਰਫ਼ਤਾਰੀ ਸੰਬੰਧੀ ਕਿਤਾਬਚਾ

## ਤੁਹਾਡੇ ਅਧਿਕਾਰਾਂ ਸੰਬੰਧੀ ਗਾਈਡ



# ਮਹੱਤਵਪੂਰਨ ਨੋਟਿਸ ਅਤੇ ਯੋਗਤਾ

ਇਹ ਕਿਤਾਬਚਾ ਸਿਰਫ ਜਾਣਕਾਰੀ ਅਤੇ ਵਿਦਿਅਕ ਉਦੇਸ਼ਾਂ ਲਈ ਤਿਆਰ ਅਤੇ ਪਰ੍ਕਾਸ਼ਿਤ ਕੀਤਾ ਗਿਆ ਹੈ। ਇਹ ਕਨੂੰਨੀ ਸਲਾਹ ਨਹੀਂ ਹੈ, ਅਤੇ ਨਾ ਹੀ ਇਹ ਕਿਤਾਬਚਾ ਕਿਸੇ ਵੀ ਤਰਹ੍ਹਾਂ ਕਿਸੇ ਯੋਗ ਵਕੀਲ ਦੀ ਕਾਨੂੰਨੀ ਸਲਾਹ ਦਾ ਬਦਲ ਵੀ ਨਹੀਂ ਹੈ। ਵਿਸ਼ੇਸ਼ ਕਾਨੂੰਨੀ ਸਮੱਸਿਆਵਾਂ ਵਾਲੇ ਵਿਅਕਤੀਆਂ ਨੂੰ ਕਿਸੇ ਯੋਗ ਵਕੀਲ ਤੋਂ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

ਸਮੱਗਰੀ ਨੂੰ ਵਪਾਰਕ ਵਰਤੋਂ ਲਈ ਦੁਬਾਰਾ ਤੋਂ ਤਿਆਰ ਨਹੀ ਜਾ ਸਕਦਾ, ਪਰ ਜੇ ਕੋਈ ਹੋਰ ਨਵੀਂ ਤਿਆਰ ਕਰਨੀ ਹੋਵੇ ਤਾਂ ਉਸਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਜਿੱਥੇ ਇਹ ਸਮੱਗਰੀ ਦੁਬਾਰਾ ਤਿਆਰ ਕੀਤੀ ਜਾਂਦੀ ਹੈ ਅਤੇ ਵਿਦਿਅਕ ਜਾਂ ਹੋਰ ਉਦੇਸ਼ਾਂ ਲਈ ਵੰਡੀ ਜਾਂਦੀ ਹੈ, ਤਾਂ BC ਸਿਵਲ ਲਿਬਰਟੀਜ਼ ਐਸੋਸੀਏਸ਼ਨ ਨੂੰ ਹੀ ਮੁੱਖ ਮੰਨਿਆ ਜਾਣਾ ਚਾਹੀਦਾ ਹੈ।

ਇਸ ਦਾ ਪਰ੍ਕਾਸ਼ਨ ਕੈਂਟੋਨੀਜ਼, ਫਰ੍ਹੈਂਚ, ਮੈਂਡਰਿਨ, ਪੰਜਾਬੀ ਅਤੇ ਸਪੈਨਿਸ਼ ਵਿੱਚ ਇੱਕੋ ਸਮੇਂ ਕੀਤਾ ਗਿਆ ਹੈ।

ਸੰਸਕਰਣ 2023.

© BC ਸਿਵਲ ਲਿਬਰਟੀਜ਼ ਐਸੋਸੀਏਸ਼ਨ

# ਸਵੀਕਾਰੀਕਰਨ

BC ਸਿਵਲ ਲਿਬਰਟੀਜ਼ ਐਸੋਸੀਏਸ਼ਨ ਵੱਲੋਂ ਇਸ ਪਰੋਜੈਕਟ ਲਈ ਵਿੱਤੀ ਸਹਾਇਤਾ ਪਰਦਾਨ ਕਰਨ ਲਈ BC ਦੀ ਲਾਅ ਫਾਊਂਡੇਸ਼ਨ ਅਤੇ ਫਿਊਚਰ ਫੰਡ ਲਈ ਕੈਨੇਡੀਅਨ ਬਾਰ ਲਾਅ ਦਾ ਵਿਸ਼ੇਸ਼ ਧੰਨਵਾਦ ਕੀਤਾ ਜਾਂਦਾ ਹੈ।

ਇਸ ਪੁਸਤਕ ਵਿਚਲੀ ਸਮੱਗਰੀ ਬਹੁਤ ਸਾਰੇ ਭਾਈਚਾਰਕ ਸਮੂਹਾਂ ਅਤੇ ਜੀਵਨ ਅਨੁਭਵ ਵਾਲੇ ਲੋਕਾਂ ਨਾਲ ਵਿਆਪਕ ਸਲਾਹ-ਮਸ਼ਵਰੇ ਤੋਂ ਤਿਆਰ ਕੀਤੀ ਗਈ ਹੈ।

ਅਸੀਂ ਵਿਸ਼ੇ ਦੇ ਮਾਹਿਰਾਂ ਦੀਆਂ ਕੋਸ਼ਿਸ਼ਾਂ ਲਈ ਉਹਨਾਂ ਦੀ ਸ਼ਲਾਘਾ ਕਰਨਾ ਚਾਹੁੰਦੇ ਹਾਂ ਜਿਸ ਵਿੱਚ ਇਹ ਸ਼ਾਮਲ ਹਨ:

- ਆਂਡਰੇ ਕੈਪਰੇਟੀ, ਨੀਤੀ ਵਿਸ਼ਲੇਸ਼ਕ, HIV ਲੀਗਲ ਨੈੱਟਵਰਕ
- ਕੋਲਟਨ ਫੇਹਰ, ਸਹਾਇਕ ਪਰੋਫੈਸਰ, ਕਾਨੂੰਨੀ ਫੈਕਲਟੀ, ਥੌਮਸਨ ਰਿਵਰਜ਼ ਯੂਨੀਵਰਸਿਟੀ
- ਇਰੀਨਾ ਸੇਰਿਕ, ਸਹਾਇਕ ਪਰੋਫੈਸਰ, ਕਾਨੂੰਨੀ ਫੈਕਲਟੀ, ਯੂਨੀਵਰਸਿਟੀ ਆਫ ਵਿੰਡਸਰ
- ਇਵਾ ਚੇਂਗ, ਨੀਤੀ ਅਤੇ ਕਾਨੂੰਨੀ ਖੋਜਕਰਤਾ, ਹੈਲਥ ਜਸਟਿਸ
- ਜੈਨੀਫਰ ਨੈਸਨ, ਵਕੀਲ, ਮਾਨਸਿਕ ਸਿਹਤ ਕਾਨੂੰਨੀ ਪਰੋਗਰਾਮ, ਕਮਿਊਨਿਟੀ ਲੀਗਲ ਅਸਿਸਟੈਂਸ ਸੁਸਾਇਟੀ
- ਕੌਂਡਰਾ ਮਿਲਨੇ, ਕਾਰਜਕਾਰੀ ਨਿਰਦੇਸ਼ਕ, ਹੈਲਥ ਜਸਟਿਸ
- ਲੌਰਾ ਜੌਹਨਸਟਨ, ਕਾਨੂੰਨੀ ਨਿਰਦੇਸ਼ਕ, ਹੈਲਥ ਜਸਟਿਸ
- ਮੌਲੀ ਸ਼ੇਮਸ, ਵਕੀਲ, ਸਟੇਰਨ ਸ਼ਾਪਰੇ ਕਰੀਮਨਲ ਲੌਏਰਜ਼
- ਨਿਕੋਸ ਹੈਰਿਸ, KC., ਅਧਿਆਪਨ ਦੇ ਸਹਾਇਕ ਪਰੋਫੈਸਰ, ਪੀਟਰ A. ਐਲਾਰਡ ਸਕੂਲ ਆਫ਼ ਲਾਅ, UBC
- ਰਾਬਰਟ ਡਾਇਬ, ਪਰੋਫੈਸਰ, ਕਾਨੂੰਨੀ ਫੈਕਲਟੀ, ਥੌਮਸਨ ਰਿਵਰਜ਼ ਯੂਨੀਵਰਸਿਟੀ

ਅਸੀਂ ਅਫਰੀਕਨ ਨੋਵਾ ਸਕੋਸ਼ੀਆ ਜਸਟਿਸ ਇੰਸਟੀਚਿਊਟ, BC ਸੈਂਟਰ ਆਨ ਸਬਸਟੈਂਸ ਯੂਜ਼, ਕੋਲੀਸ਼ਨ ਆਫ ਪੀਅਰਸ ਡਿਸਮੈਨਟਲਿੰਗ ਡਰੱਗ ਵਾਰ, ਡਿਫੰਡ604, ਡਾਊਨਟਾਊਨ ਈਸਟਸਾਈਡ ਵੂਮੈਨਜ਼ ਸੈਂਟਰ, ਕੈਰਨ ਵਾਰਡ, ਸਵੈਨ ਵੈਨਕੂਵਰ, ਯੂਨੀਅਨ ਆਫ਼ BC ਇੰਡੀਅਨ ਚੀਫ਼ਜ਼ (UBCIC), ਵੈਨਕੂਵਰ ਏਰੀਆ ਨੈੱਟਵਰਕ ਆਫ ਡਰੱਗ ਯੂਜ਼ਰਜ਼ (VANDU), ਅਤੇ ਵੈਸਟਰਨ ਐਬਰੀਜ਼ਨਲ ਹਾਰਮ ਰਿਡਕਸ਼ਨ ਸੁਸਾਇਟੀ (WAHRS), ਉਹਨਾਂ ਦੇ ਕੀਮਤੀ ਫੀਡਬੈਕ ਲਈ ਵੀ ਉਹਨਾਂ ਦਾ ਧੰਨਵਾਦ ਕਰਨਾ ਚਾਹਾਂਗੇ।

BC ਸਿਵਲ ਲਿਬਰਟੀਜ਼ ਐਸੋਸੀਏਸ਼ਨ ਦੇ ਬੋਰਡ ਆਫ ਡਾਇਰੈਕਟਰਜ਼, ਅਤੇ ਇਸ ਗਾਈਡ ਵਿੱਚ ਯੋਗਦਾਨ ਪਾਉਣ ਵਾਲੇ ਹਰ ਵਿਅਕਤੀ ਦਾ ਧੰਨਵਾਦ।

-BCCLA ਸਟਾਫ

# ਸਮੱਗਰੀ


**ਜਾਣ ਪਛਾਣ** **10**
**ਪੁਲਿਸ ਨਾਲ ਗੱਲਬਾਤ ਕਰਨਾ** **12**
"ਸਵੈ-ਇੱਛਤ ਗੱਲਬਾਤ" 12
ਰਾਖ਼ਵੀ ਪੁਲਿਸ ਨਾਲ ਗੱਲਬਾਤ 13
ਪੁਲਿਸ ਦੀ ਫਿਲਮ ਬਣਾਉਣਾ 14
ਪੁਲਿਸ ਵੱਲੋਂ ਫੋਟੋਗਰਾਫੀ ਅਤੇ ਵੀਡੀਓ 14
ਕੀਤੇ-ਕੀਤੇ ਪੁਲਿਸ ਨਾਕੇ ਜਾਂ "ਰੋਡ 'ਤੇ ਚੈਕਿੰਗ" 15
ਚੁੱਪ ਰਹਿਣ ਦਾ ਅਧਿਕਾਰ 16
ਆਪਣੇ ਆਪ ਦੀ ਪਛਾਣ ਕਰਵਾਉਣਾ 17
ਨਕਲੀ ID 17
ਖੁਫੀਆ ਪੁਲਿਸ ਅਫ਼ਸਰ 18
**ਗਿਰ੍ਫਤਾਰ ਕੀਤਾ ਜਾਣਾ** **19**
ਗਿਰ੍ਫ਼ਤਾਰੀ ਦਾ ਕਾਰਨ 19
ਗਿਰ੍ਫ਼ਤਾਰੀ ਦੇ ਵਾਰੰਟ 21
ਪੁਲਿਸ ਦੁਆਰਾ ਬਲ ਪਰ੍ਯੋਗ 22
ਚੁੱਪ ਰਹਿਣਾ 22
ਸ਼ਾਂਤੀ ਭੰਗ ਕਰਨਾ 23
ਜਨਤਕ ਤੌਰ 'ਤੇ ਨਸ਼ਾ ਕਰਨਾ 23
ਨਸ਼ਾ ਛੁਡਾਉ ਕੇਂਦਰ 24
**ਨਜ਼ਰਬੰਦ ਕੀਤਾ ਜਾਣਾ** **25**
ਤੁਹਾਨੂੰ ਕਦੋਂ ਨਜ਼ਰਬੰਦ ਕੀਤਾ ਜਾ ਸਕਦਾ ਹੈ? 25
ਨਜ਼ਰਬੰਦ ਕੀਤੇ ਜਾਣ 'ਤੇ ਤੁਹਾਡੇ ਅਧਿਕਾਰ 26
ਨਜ਼ਰਬੰਦ ਕੀਤਾ ਜਾਣਾ 27
ਡਰਾਈਵਿੰਗ ਦੌਰਾਨ ਨਜ਼ਰਬੰਦ ਕੀਤਾ ਜਾਣਾ 28
**ਗਿਰ੍ਫ਼ਤਾਰੀ ਤੋਂ ਬਾਅਦ** **29**
ਪੁਲਿਸ ਵੱਲੋਂ ਪੁੱਛਗਿੱਛ ਕਰਨਾ 29
ਲਿਖਤੀ ਬਿਆਨ 31
ਕਿਸੇ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ 32
ਬਬਬਿਰ੍ਜਾਂ ਦੀ ਲਾਈਨ 32
ਡਿਊਟੀ ਕਾਉਂਸਲ 33
ਡਿਵੀਜ਼ਨ ਪਰੋਗਰਾਮ 33
ਕਾਨੂੰਨੀ ਸਹਾਇਤਾ 34
ਰੋਬੋਥਮ ਐਪਲੀਕੇਸ਼ਨ 35

ਆਦਿਵਾਸੀ ਲੋਕਾਂ ਲਈ ਕਾਨੂੰਨੀ ਸੇਵਾਵਾਂ 35
ਰਿਹਾਅ ਜਾਂ ਨਜ਼ਰਬੰਦ ਕਰਨਾ 36
ਨਜ਼ਰਬੰਦ ਕਰਨਾ ਅਤੇ ਵਿਅਕਤੀ ਬਾਰੇ ਜਾਂਚ-ਪੜਤਾਲ ਕਰਨਾ 36
ਹਿਰਾਸਤ ਦੌਰਾਨ ਮੈਡੀਕਲ ਲੋੜਾਂ 37
ਜੇਲਹ੍ਹਾਊਸ ਦੇ ਮੁਖਬਰ ਅਤੇ ਕੈਦੀਆਂ ਦੇ ਰੂਪ ਵਿੱਚ ਖੁਫੀਆ ਪੁਲਿਸ 37
ਟਰ੍ਹਾਂਸਜੈਂਡਰਾਂ ਦੇ ਅਧਿਕਾਰ 38
ਪਛਾਣ ਸੰਬਧੀ ਪਰ੍ਕਿਰਿਆਵਾਂ 39
ਜਮਾਨਤ 40
ਰਿਹਾਅ ਕਰਨ ਦੀਆਂ ਸ਼ਰਤਾਂ 41
ਨਜ਼ਰਬੰਦੀ ਦੀ ਸਮੀਖਿਆ 41
ਦੋਸਤਾਂ ਜਾਂ ਪਰਿਵਾਰ ਨਾਲ ਮੁਲਾਕਾਤਾਂ 42
**ਤਲਾਸ਼ੀ ਅਤੇ ਜ਼ਬਤ ਕਰਨਾ 43**
ਤਲਾਸ਼ੀ ਦਾ ਵਿਰੋਧ ਕਰਨਾ 44
ਨਸਲੀ ਪਰ੍ਰੋਫਾਈਲਿੰਗ ਪਚਪ੍ਰ 44
ਤੁਹਾਡੇ ਸਰੀਰ ਦੀ ਤਲਾਸ਼ੀ 46
ਨਜ਼ਰਬੰਦ ਕਰਨਾ ਅਤੇ ਤੁਹਾਡਾ ਸਲਾਹ ਲੈਣ ਦਾ ਅਧਿਕਾਰ 47
ਟਰ੍ਹਾਂਸਜੈਂਡਰ ਅਤੇ ਲਿੰਗ ਅਧਾਰ 'ਤੇ ਵੱਖਰੇ ਅਧਿਕਾਰ 48
ਸਰੀਰਕ ਸੁਰਖਾਂ ਦੀ ਤਲਾਸ਼ੀ 49
DNA ਸੈਂਪਲ ਅਤੇ ਸਰੀਰਕ ਸੈਂਪਲ 50
ਸੁੰਘਣ ਵਾਲੇ ਕੁੱਤੇ 51
ਤੁਹਾਡੇ ਘਰ ਦੀ ਤਲਾਸ਼ੀ 51
ਟੈਂਟ ਅਤੇ RVs 53
ਤੁਹਾਡੇ ਵਾਹਨ ਦੀ ਤਲਾਸ਼ੀ 53
ਸਰੀਰਕ ਭਾਸ਼ਾ ਅਤੇ ਸੰਚਾਰ 55
ਤੁਹਾਡੇ ਫੋਨਾਂ ਅਤੇ ਕੰਪਿਊਟਰਾਂ ਦੀ ਤਲਾਸ਼ੀ 55
ਨਿੱਜੀ ਜ਼ਾਇਦਾਦ ਨੂੰ ਜ਼ਬਤ ਕਰਨਾ 56
**ਕਾਨੂੰਨ ਲਾਗੂ ਕਰਨ ਵਾਲੀਆਂ ਹੋਰ ਏਜੰਸੀਆਂ 58**
ਨਿੱਜੀ ਸੁਰੱਖਿਆ 58
ਕੈਨੇਡਾ ਬੋਰਡਰ ਸਰਵਿਸਜ਼ ਏਜੰਸੀ (CBSA) 59
ਟਰ੍ਹਾਂਜਿਟ ਪੁਲਿਸ 61
ਟਰੇਨ ਪੁਲਿਸ 61
ਕੰਜਰਵੇਸ਼ਨ ਪੁਲਿਸ 61

**ਵਿਰੋਧ-ਪਰ੍ਦਰਸ਼ਨ, ਸਿਵਲ ਨਾ-ਫ਼ਰਮਾਨੀ ਅਤੇ ਆਦਿਵਾਸੀਆਂ ਵੱਲੋਂ ਵਿਰੋਧ** **62**
ਵਿਰੋਧ-ਪਰ੍ਦਰਸ਼ਨ ਅਤੇ ਸਿਵਲ ਨਾ-ਫ਼ਰਮਾਨੀ 62
ਤੁਹਾਡਾ ਵਿਰੋਧ-ਪਰ੍ਦਰਸ਼ਨ ਦਾ ਅਧਿਕਾਰ 62
ਸਿਵਲ ਨਾ-ਫ਼ਰਮਾਨੀ 62
ਵਿਰੋਧ-ਪਰ੍ਦਰਸ਼ਨ ਦੇ ਵਿਰੁੱਧ ਵਿਰੋਧ-ਪਰ੍ਦਰਸ਼ਨ 63
ਆਦਿਵਾਸੀਆਂ ਵੱਲੋਂ ਵਿਰੋਧ 63
ਅਦਾਲਤੀ ਹੁਕਮ 65
ਵਰਜਿਤ ਖੇਤਰ 65
ਯੋਜਨਾਬੰਦੀ 66
ਪੁਲਿਸ ਦੀ ਹਾਜ਼ਰੀ ਅਤੇ ਗੱਲਬਾਤ 68
ਜਾਣਕਾਰੀ ਰਿਕਾਰਡ ਕਰਨਾ 70
ਪਰ੍ਦਰਸ਼ਨਕਾਰੀਆਂ ਲਈ ਕਾਨੂੰਨੀ ਨਤੀਜੇ ਅਤੇ ਜ਼ਮੀਨ ਰੱਖਿਅਕ 71
**ਭਾਰਪੁਲਿਸ ਸੁਰੱਖਿਆ ਕਰਮੀਆਂ ਦੀ ਭਾਰੀ ਗਿਣਤੀ** **74**
ਸੜਕਾਂ ਅਤੇ ਜਨਤਕ ਥਾਵਾਂ ਦੀ ਆਮ ਵਰਤੋਂ 74
ਬੇਘਰ ਹੋਣ ਦਾ ਅਨੁਭਵ ਕਰ ਰਹੇ ਲੋਕ ਜਾਂ ਅਸਥਿਰ ਰਿਹਾਇਸ਼ ਵਿੱਚ 76
ਨਸ਼ੇ ਦੀ ਵਰਤੋਂ ਕਰਨ ਵਾਲੇ ਲੋਕ 79
BC ਅੰਸ਼ਿਕ ਛੋਟ ਵਾਲਾ ਪਾਇਲਟ ਪਰੋਜੈਕਟ 80
ਗੁੱਡ ਸਮਰੀਟਨ ਐਕਟ ਸੁਰੱਖਿਆ ਅਤੇ ਓਵਰਡੋਜ਼ ਪਰ੍ਤੀਕਿਰਿਆ 81
ਸੈਕਸ ਵਰਕਰ 82
ਉਹ ਲੋਕ ਜੋ HIV+ ਹਨ 85
**ਨੌਜਵਾਨ ਅਤੇ ਕਾਨੂੰਨ** **88**
12 ਤੋਂ ਘੱਟ ਉਮਰ ਦੇ ਬੱਚੇ 89
ਨੌਜਵਾਨਾਂ ਲਈ ਵਿਸ਼ੇਸ਼ ਨਿਯਮ 89
ਸਕੂਲਾਂ ਵਿੱਚ ਤਲਾਸ਼ੀ 93
ਨਿੱਜੀ ਬਚਾਅ ਅਤੇ ਸੁਰੱਖਿਆ 94
**ਮਾਨਸਿਕ ਸਿਹਤ ਸੰਬੰਧੀ ਕਾਨੂੰਨ ਅਤੇ ਅਣ-ਇੱਛਤ ਇਲਾਜ** **95**
ਮਾਨਸਿਕ ਸਿਹਤ ਅਤੇ ਸ਼ੁਰੂਆਤੀ ਨਜ਼ਰਬੰਦੀ 95
ਅਪਰਾਧਿਕ ਰਿਕਾਰਡ ਦੀ ਜਾਂਚ 97
ਅਣ-ਇੱਛਤ ਇਲਾਜ ਅਤੇ ਨਜ਼ਰਬੰਦੀ ਜਾਰੀ ਰੱਖਣਾ 98
ਇਲਾਜ ਅਤੇ ਅਨੁਸ਼ਾਸਨ 99
ਨਜ਼ਰਬੰਦੀ ਦੀ ਸਮੀਖਿਆ 101
**ਮਹੱਤਵਪੂਰਨ ਫ਼ੋਨ ਨੰਬਰ** **104**
**ਮਹੱਤਵਪੂਰਨ ਕਾਨੂੰਨੀ ਸ਼ਬਦ** **105**

BC ਸਿਵਲ ਲਿਬਰਟੀਜ਼ ਐਸੋਸੀਏਸ਼ਨ Hulquminum (ਹਲਕਮਿਊਨਮ) ਜੋ xʷməθkʷəy̓əm (ਮਸਕਿਊਮ) ਅਤੇ səl̓ilw̓ətaʔɬ (ਸਲੇਅ-ਵਾਟੁੱਥ) ਬੋਲਣ ਵਾਲੀਆਂ ਕੌਮਾਂ ਹਨ, ਅਤੇ Skwxwú7mesh sníchim (ਸ਼ਕੌਮਸ਼ ਸਨੀਕਾਈਮ) ਜੋ Skwxwú7mesh Úxwumixw (ਸ਼ਕੌਮਸ਼) ਬੋਲਣ ਵਾਲੀ ਕੌਮ ਹੈ, ਦੇ ਪਰੰਪਰਾਗਤ, ਗੈਰ-ਰਾਜਕੀ ਇਕਾਈ ਅਤੇ ਜੱਦੀ ਪਰ੍ਦੇਸ਼ਾਂ 'ਤੇ ਆਧਾਰਿਤ ਹੈ। ਇਹ ਜ਼ਮੀਨਾਂ ਹਥਿਆ ਲਈਆਂ ਗਈਆਂ। ਇੱਕ ਮੁੱਖ ਤੌਰ 'ਤੇ ਵਸਣ ਵਾਲੇ ਸੰਗਠਨ ਦੇ ਰੂਪ ਵਿੱਚ, ਅਸੀ ਇਹਨਾਂ ਜ਼ਮੀਨਾਂ 'ਤੇ ਸਾਡੇ ਲਗਾਤਾਰ ਕਬਜ਼ੇ ਦੇ ਕਾਰਨ ਹੋਈ ਇਸ ਬਸਤੀਵਾਦੀ ਹਿੰਸਾ ਵਿੱਚ ਸਾਡੀ ਸ਼ਮੂਲੀਅਤ ਨੂੰ ਸਵੀਕਾਰ ਕਰਦੇ ਹਾਂ। ਸਾਡਾ ਕੰਮ ਸੈਂਕੜੇ ਭਿੰਨ ਕੌਮਾਂ ਦੇ ਪਰੰਪਰਾਗਤ ਰਾਜਕੀ ਇਕਾਈਆਂ ਵਿੱਚ ਫੈਲਿਆ ਹੋਇਆ ਹੈ। ਅਸੀਂ ਇਹਨਾਂ ਜ਼ਮੀਨਾਂ ਦੀ ਬਰਬਾਦੀ ਦੇ ਵਿਰੁੱਧ ਚੱਲ ਰਹੇ ਵਿਰੋਧ ਸਮੇਤ ਉਹਨਾਂ ਦੇ ਪਰ੍ਬੰਧਕੀ ਕਾਰਜਾਂ ਲਈ ਧੰਨਵਾਦੀ ਹਾਂ। ਅਸੀ ਹੁਣ ਅਤੇ ਭਵਿੱਖ ਵਿੱਚ ਆਦਿਵਾਸੀ ਲੋਕਾਂ ਦੇ ਅਧਿਕਾਰਾਂ ਅਤੇ ਆਜ਼ਾਦੀਆਂ ਦੀ ਹੋ ਰਹੀ ਉਲੰਘਣਾ ਦਾ ਵਿਰੋਧ ਕਰਨ ਲਈ ਆਪਣੇ ਸਰੋਤਾਂ ਨੂੰ ਵਰਤਣ ਦਾ ਵਾਅਦਾ ਕਰਦੇ ਹਾਂ।

# ਜਾਣ ਪਛਾਣ

BCCLA ਦੀ ਸਥਾਪਨਾ 1962 ਵਿੱਚ ਡੋਖੋਬੋਰ ਧਾਰਮਿਕ ਭਾਈਚਾਰੇ ਦੇ ਵਿਰੁੱਧ RCMP ਤਾਕਤ ਦੀ ਬਹੁਤ ਜ਼ਿਆਦਾ ਵਰਤੋਂ ਦੀ ਪਰ੍ਤੀਕਿਰਿਆ ਵਜੋਂ ਕੀਤੀ ਗਈ ਸੀ। ਸਾਡੀ ਹੋਂਦ ਦਾ ਅਧਾਰ ਇਹ ਵਿਸ਼ਵਾਸ਼ ਹੈ ਕਿ ਬਰਾਬਰੀ ਤੋਂ ਦਰਕਿਨਾਰ ਕੀਤੇ ਸਮੂਹਾਂ ਦੇ ਅਧਿਕਾਰਾਂ ਦੀ ਰੱਖਿਆ ਅਤੇ ਬਚਾਅ ਕਰਨਾ ਹਰ ਕਿਸੇ ਨੂੰ ਸੁਰੱਖਿਅਤ ਭਾਈਚਾਰਿਆਂ ਵੱਲ ਲੈ ਜਾਂਦਾ ਹੈ। ਅਸੀਂ ਨਜ਼ਾਇਜ ਕਾਨੂੰਨਾਂ ਨੂੰ ਚੁਣੌਤੀ ਦੇ ਕੇ, ਜਨਤਾ ਨੂੰ ਸਿੱਖਿਆ ਦੇ ਕੇ, ਕਾਨੂੰਨ ਅਤੇ ਨੀਤੀ ਸੁਧਾਰਾਂ ਦੀ ਵਕਾਲਤ ਕਰਕੇ, ਅਤੇ ਰਾਜ ਕਰਮਚਾਰੀਆਂ ਨੂੰ ਜਵਾਬਦੇਹ ਬਣਾ ਕੇ ਨਾਗਰਿਕ ਆਜ਼ਾਦੀਆਂ ਅਤੇ ਮਨੁੱਖੀ ਅਧਿਕਾਰਾਂ ਦਾ ਪਰ੍ਚਾਰ, ਬਚਾਅ, ਸਥਾਪਤ, ਅਤੇ ਵਿਸਥਾਰ ਕਰਦੇ ਹਾਂ। ਇੱਕ ਪਨਾਹਗਾਹ ਕਾਨੂੰਨੀ ਸੁਸਾਇਟੀ ਦੇ ਰੂਪ ਵਿੱਚ, ਸਾਡੀ ਇਹ ਸਮਝਣ ਦੀ ਇੱਕ ਵਿਸ਼ੇਸ਼ ਜ਼ਿੰਮੇਵਾਰੀ ਹੈ ਕਿ ਕਿਵੇਂ ਬਸਤੀਵਾਦੀ ਕਾਨੂੰਨ ਇਹਨਾਂ ਜ਼ਮੀਨਾਂ ਦੇ ਗੈਰ-ਕਾਨੂੰਨੀ ਕਬਜ਼ਿਆਂ ਦੀ ਰੱਖਿਆ ਕਰਦੇ ਹਨ ਅਤੇ ਆਦਿਵਾਸੀ ਲੋਕਾਂ ਨੂੰ ਅਸਮਰੱਥ ਬਣਾਉਂਦੇ ਹਨ ਅਤੇ ਕੰਟਰੋਲ ਕਰਦੇ ਹਨ। ਇਹ ਉਹ ਕਾਨੂੰਨ ਹਨ ਜਿਨਹ੍ਹਾਂ ਨੂੰ ਇਸ ਗਾਈਡ ਵਿੱਚ ਸੰਬੋਧਿਤ ਕੀਤਾ ਗਿਆ ਹੈ, ਹਾਲਾਂਕਿ ਅਸੀਂ ਮੰਨਦੇ ਹਾਂ ਕਿ ਆਦਿਵਾਸੀਆਂ ਸੰਬੰਧੀ ਕਾਨੂੰਨ ਦੇ ਕਈ ਰੂਪ ਇਸ ਕਾਨੂੰਨੀ ਪਰ੍ਣਾਲੀ ਤੋਂ ਪਹਿਲਾਂ ਦੇ ਹਨ ਅਤੇ ਅੱਜ ਵੀ ਜਾਰੀ ਹਨ। ਇਸ ਗਾਈਡ ਦਾ ਉਦੇਸ਼ ਲੋਕਾਂ ਨੂੰ ਪੁਲਿਸ ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਨਾਲ ਗੱਲਬਾਤ ਵਿੱਚ ਉਹਨਾਂ ਦੇ ਅਧਿਕਾਰਾਂ ਬਾਰੇ ਜਾਣਕਾਰੀ ਪਰ੍ਦਾਨ ਕਰਕੇ ਤਾਕਤ ਬਖ਼ਸ਼ਣਾ ਹੈ।

ਪੁਲਿਸਿੰਗ ਇੱਕ ਸੰਸਥਾ ਵਜੋਂ ਬਸਤੀਵਾਦੀ ਕਾਨੂੰਨਾਂ ਅਤੇ ਕਬਜੇ ਨੂੰ ਲਾਗੂ ਕਰਦੀ ਹੈ। ਇਹ ਸੰਸਥਾ ਰਾਜ ਅਤੇ ਕਾਰਪੋਰੇਟ ਹਿੱਤਾਂ ਦੀ ਰਾਖੀ ਲਈ ਆਦਿਵਾਸੀ ਲੋਕਾਂ ਨੂੰ ਉਨਹ੍ਹਾਂ ਦੀਆਂ ਜ਼ਮੀਨਾਂ ਤੋਂ ਜ਼ਬਰੀ ਹਟਾਉਣਾ ਜਾਰੀ ਰੱਖਦੀ ਹੈ, ਅਤੇ ਆਦਿਵਾਸੀ ਔਰਤਾਂ, ਕੁੜੀਆਂ ਅਤੇ ਦੋ-ਰੂਹਾਂ ਦੇ ਲੋਕਾਂ ਨੂੰ ਹਰ ਪੱਧਰ 'ਤੇ ਹੋਣ ਵਾਲੀ ਹਿੰਸਾ ਤੋਂ ਬਚਾਉਣ ਵਿੱਚ ਯੋਜਨਾਬੱਧ ਢੰਗ ਨਾਲ ਅਸਫਲ ਰਹੀ ਹੈ। RCMP ਨੇ ਰਿਹਾਇਸ਼ੀ ਸਕੂਲ ਪਰ੍ਣਾਲੀ ਨੂੰ ਲਾਗੂ ਕਰਨ ਅਤੇ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ, ਜਿਸਨੂੰ ਅਸੀਂ ਨਸਲਕੁਸ਼ੀ ਵਜੋਂ ਮਾਨਤਾ ਦਿੰਦੇ ਹਾਂ। ਗੋਰਿਆਂ ਦੀ ਪਰਭੂਸੱਤਾ ਅਤੇ ਅਫ਼ਰੀਕੀ ਲੋਕਾਂ ਦੀ ਇਤਿਹਾਸਕ ਗੁਲਾਮੀ ਅਤੇ ਵੱਖਰਾ ਇੱਕ ਹੋਰ ਲੈਂਸ ਹੈ ਜਿਸ ਦੁਆਰਾ ਵਿਤਕਰੇ ਭਰੀ ਪੁਲਿਸਿੰਗ ਅੱਜ ਨੂੰ ਸਮਝਿਆ ਜਾਣਾ ਚਾਹੀਦਾ ਹੈ। ਇਹ ਗਾਈਡ ਚੱਲ ਰਹੀ ਬਸਤੀਵਾਦੀ ਹਿੰਸਾ ਅਤੇ ਆਦਿਵਾਸੀ ਅਤੇ ਕਾਲੇ ਲੋਕਾਂ ਦੀ ਸਮੂਹਿਕ ਕੈਦ ਨੂੰ ਸਵੀਕਾਰ ਕੀਤੇ ਬਿਨਾਂ ਅਧੂਰੀ ਹੋਵੇਗੀ। ਪੁਲਿਸ ਨੇ

ਆਦਿਵਾਸੀ, ਕਾਲੇ ਅਤੇ ਹੋਰ ਨਸਲ ਦੇ ਲੋਕਾਂ, ਬੇਘਰ ਲੋਕ, ਮਾਨਸਿਕ ਸਿਹਤ ਸੰਬੰਧੀ ਚੁਣੌਤੀਆਂ ਵਾਲੇ ਲੋਕ, ਨਸ਼ੀਲੇ ਪਦਾਰਥਾਂ ਨੂੰ ਵਰਤਣ ਵਾਲੇ ਲੋਕ, HIV+ ਵਾਲੇ ਲੋਕ, ਅਤੇ ਲਿੰਗ ਭਿੰਨਤਾ ਵਾਲੇ ਲੋਕਾਂ ਨੂੰ ਗੈਰ-ਅਨੁਪਾਤਕ ਤੌਰ 'ਤੇ ਨਿਸ਼ਾਨਾ ਬਣਾਉਣਾ ਜਾਰੀ ਰੱਖਿਆ ਹੈ। ਇਹ ਗਾਈਡ ਤੁਹਾਨੂੰ ਸਮਰਪਿਤ ਹੈ।

**ਬੇਦਾਅਵਾ:** ਇਹ ਗਾਈਡ ਪੁਲਿਸ ਜਾਂ ਕਾਨੂੰਨ ਲਾਗੂ ਕਰਨ ਵਾਲਿਆਂ ਨਾਲ ਗੱਲਬਾਤ ਕਰਦੇ ਸਮੇਂ ਤੁਹਾਡੇ ਅਧਿਕਾਰਾਂ ਦੀ ਵਿਆਖਿਆ ਕਰਦੀ ਹੈ। ਭਾਵੇਂ, ਕਈ ਵਾਰ ਕਾਨੂੰਨ ਲਾਗੂ ਕਰਨ ਵਾਲੀ ਪੁਲਿਸ ਇਹਨਾਂ ਨਿਯਮਾਂ ਦੀ ਪਾਲਣਾ ਜਾਂ ਸਤਿਕਾਰ ਨਹੀਂ ਕਰਦੀ ਹੈ। ਉਨਹਾਂ ਨੂੰ ਸ਼ਾਇਦ ਪਤਾ ਵੀ ਨਾ ਹੋਵੇ। ਤੁਹਾਡੇ ਅਧਿਕਾਰਾਂ ਨੂੰ ਜਾਣਨਾ ਤੁਹਾਨੂੰ ਤੁਹਾਡੇ ਲਈ ਵਕਾਲਤ ਕਰਨ ਵਿੱਚ ਸਹਾਇਤਾ ਕਰਦਾ ਹੈ, ਪਰ ਇਹ ਵੀ ਸੰਭਵ ਹੈ ਕਿ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਹੋ ਸਕਦੀ ਹੈ। ਜੇ ਅਜਿਹਾ ਹੁੰਦਾ ਹੈ, ਤਾਂ ਸ਼ਾਂਤ ਰਹਿਣ ਦੀ ਕੋਸ਼ਿਸ਼ ਕਰੋ। ਸ਼ਾਂਤ, ਸਪੱਸ਼ਟ ਤਰੀਕੇ ਨਾਲ ਆਪਣੇ ਅਧਿਕਾਰਾਂ ਨੂੰ ਬਿਆਨ ਕਰਨਾ ਜਾਰੀ ਰੱਖੋ। ਸ਼ਾਮਲ ਹੋਣ ਵਾਲੇ ਸਾਰੇ ਵੀ ਅਫ਼ਸਰਾਂ ਦੇ ਨਾਮ, ਬੈਜ ਨੰਬਰ, ਜਾਂ ਹੋਰ ਪਛਾਣ ਜਾਣਕਾਰੀ ਨੋਟ ਕਰੋ। ਜੇ ਤੁਹਾਨੂੰ ਸਹੀ ਲੱਗੇ ਤਾਂ ਗੱਲਬਾਤ ਨੂੰ ਰਿਕਾਰਡ ਕਰੋ। ਇਹ ਜਾਣਕਾਰੀ ਕਿਸੇ ਵਕੀਲ ਜਾਂ ਕਿਸੇ ਅਜਿਹੇ ਵਿਅਕਤੀ ਨੂੰ ਦਿਓ ਜਿਸ 'ਤੇ ਤੁਸੀਂ ਬਾਅਦ ਵਿੱਚ ਵਿਸ਼ਵਾਸ਼ ਕਰ ਸਕੋ।

# ਪੁਲਿਸ ਨਾਲ ਗੱਲਬਾਤ ਕਰਨਾ

## "ਸਵੈ-ਇੱਛਤ" ਗੱਲਬਾਤ

ਪੁਲਿਸ ਤੁਹਾਨੂੰ ਨਜ਼ਰਬੰਦ ਕਰਨ ਦੇ ਕਾਰਨਾਂ ਦਾ ਪਤਾ ਲਗਾਉਣ ਲਈ, ਜਾਂ ਤੁਹਾਡੇ ਬਾਰੇ ਅਤੇ ਤੁਹਾਡੀ ਪਛਾਣ ਦੇ ਲੋਕਾਂ ਬਾਰੇ ਜਾਣਕਾਰੀ ਇੱਕਠੀ ਕਰਨ ਲਈ "ਦੋਸਤਾਨਾ" ਜਾਂ "ਸਵੈ-ਇੱਛਤ" ਗੱਲਬਾਤ ਦਾ ਢੰਗ ਵਰਤ ਸਕਦੀ ਹੈ। 'ਉਹ ਤੁਹਾਨੂੰ ਕਹਿ ਸਕਦੇ ਹਨ ਕਿ ਉਹ ਉਸ ਵਾਰਦਾਤ ਦੀ ਜਾਂਚ ਕਰ ਰਹੇ ਹਨ ਜਿਸ ਬਾਰੇ ਉਹਨਾਂ ਨੂੰ ਲੱਗਦਾ ਹੈ ਕਿ ਜਿਸ ਨੂੰ ਤੁਸੀ ਦੇਖਿਆ ਹੋਵੇ ਜਾਂ ਉਸ ਬਾਰੇ ਜਾਣਦੇ ਹੋਵੋਂ ਜਾਂ ਉਹਨਾਂ ਨੂੰ ਲੱਗ ਸਕਦਾ ਹੈ ਕਿ ਤੁਸੀ ਕੋਈ ਜੁਰਮ ਕਰਨ ਜਾ ਰਹੇ ਹੋ।

**ਭਾਵੇਂ ਇਹ ਲੱਗ ਸਕਦਾ ਹੈ ਕਿ ਤੁਸੀ ਇੱਕ ਸੁਭਾਵਿਕ ਗੱਲਬਾਤ ਕਰ ਰਹੇ ਹੋ, ਜੋ ਵੀ ਤੁਸੀ ਪੁਲਿਸ ਨੂੰ ਲਿਖਵਾਂਉਂਦੇ ਹੋ ਕਹਿੰਦੇ ਹੋ ਉਹ "ਰਿਕਾਰਡ ਤੋਂ ਬਾਹਰ" ਨਹੀ ਹੈ**। ਉਹ ਸਭ ਕੁਝ ਜੋ ਤੁਸੀ ਪੁਲਿਸ ਨੂੰ ਕਹਿੰਦੇ ਹੋ, ਇੱਥੋਂ ਤੱਕ ਕਿ "ਦੋਸਤਾਨਾ" ਗੱਲਬਾਤ ਵਿੱਚ ਵੀ, ਉਹ ਅਦਾਲਤ ਵਿੱਚ ਤੁਹਾਡੇ ਵਿਰੁੱਧ ਸਬੂਤ ਵਜੋਂ ਵਰਤਿਆ ਜਾ ਸਕਦਾ ਹੈ। ਕਿਸੇ ਜੁਰਮ ਲਈ ਤੁਹਾਨੂੰ ਕਸੂਰਵਾਰ ਠਹਿਰਾਉਣ ਦੇ ਕਈ ਤਰੀਕੇ ਹਨ, ਜਿਵੇਂ ਕਿ ਜੇ ਤੁਸੀਂ ਕਿਸੇ ਹੋਰ ਦੀ ਜੁਰਮ ਕਰਨ ਵਿੱਚ ਸਹਾਇਤਾ ਕਰਦੇ ਹੋ ਜਾਂ ਭਾਵੇਂ ਤੁਸੀਂ ਸਿਰਫ਼ ਇੱਕ ਜੁਰਮ ਕਰਨ ਦੀ ਕੋਸ਼ਿਸ਼ ਹੀ ਕਿਉਂ ਨਾ ਕੀਤੀ ਹੋਵੇ।

ਤੁਸੀ ਪੁਲਿਸ ਨਾਲ ਗੱਲ ਕਰਨ ਦੀ ਚੋਣ ਕਰ ਸਕਦੇ ਹੋ, ਜਿਵੇਂ ਕਿ ਜਦੋਂ ਤੁਸੀ ਅਜਿਹੀ ਜਾਣਕਾਰੀ ਬਾਰੇ ਜਾਣਦੇ ਹੋਵੋਂ ਜੋ ਜੁਰਮ ਨੂੰ ਸੁਲਝਾਉਣ ਲਈ ਮਹੱਤਵਪੂਰਨ ਹੋ ਸਕਦੀ ਹੈ, ਪਰ ਤੁਹਾਨੂੰ ਪੁਲਿਸ ਨਾਲ ਗੱਲ ਕਰਨ ਲਈ ਮਜਬੂਰ ਨਹੀ ਕੀਤਾ ਜਾ ਸਕਦਾ।

ਜੇ ਤੁਸੀਂ ਕਿਸੇ ਪੁਲਿਸ ਅਧਿਕਾਰੀ ਨਾਲ ਗੱਲ ਨਹੀਂ ਕਰਨਾ ਚਾਹੁੰਦੇ ਹੋ, ਤਾਂ ਪੁੱਛੋ: "ਕੀ ਮੈਂ ਜਾਣ ਲਈ ਸੁਤੰਤਰ ਹਾਂ?" ਜੇ ਜਵਾਬ ਹਾਂ ਹੋਵੇ, ਤਾਂ ਤੁਸੀ ਜਾ ਸਕਦੇ ਹੋ। ਜੇ ਜਵਾਬ ਨਾ ਹੋਵੇ, ਤਾਂ ਤੁਹਾਨੂੰ ਨਜ਼ਰਬੰਦ ਕੀਤਾ ਜਾ ਰਿਹਾ ਹੈ। (ਦੇਖੋ ਪਾਠ 3: ਨਜ਼ਰਬੰਦ ਕੀਤਾ ਜਾਣਾ।)

ਜੇ ਪੁਲਿਸ ਤੁਹਾਡੇ ਨਾਲ "ਸਵੈ-ਇੱਛਤ" ਗੱਲਬਾਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਤਾਂ **ਤੁਹਾਡੇ ਕੋਲ ਹਮੇਸ਼ਾ ਚੁੱਪ ਰਹਿਣ ਦਾ ਅਧਿਕਾਰ ਹੁੰਦਾ ਹੈ** । ਤੁਹਾਨੂੰ ਗਿਰਫ਼ਤਾਰ ਕੀਤੇ ਜਾਣ ਤੋਂ ਪਹਿਲਾਂ ਅਤੇ ਬਾਅਦ ਵਿੱਚ, ਪੁਲਿਸ ਅਕਸਰ ਤੁਹਾਡੇ ਨਾਲ ਗੱਲ ਕਰਨ ਦੀ ਜੁਗਤ ਵਰਤਦੀ ਹੈ। ਉਹ ਕਹਿ ਸਕਦੇ ਹਨ ਕਿ ਉਹ ਸੱਚਮੁੱਚ ਤੁਹਾਡੇ ਪੱਖ ਦੀ ਕਹਾਣੀ ਨੂੰ ਸੁਣਨਾ ਚਾਹੁੰਦੇ ਹਨ, ਜਾਂ ਜੇ ਤੁਸੀਂ ਗੱਲ ਕਰੋਗੇ ਤਾਂ ਤੁਸੀਂ ਬਹੁਤ ਵਧੀਆ ਮਹਿਸੂਸ ਕਰੋਗੇ। ਤੁਸੀਂ ਇਹ ਦੁਹਰਾ ਸਕਦੇ ਹੋ: "ਮੈਂ ਚੁੱਪ ਰਹਿਣਾ ਚਾਹਾਂਗਾ/ਚਾਹਾਂਗੀ।" ਜੇ ਤੁਹਾਨੂੰ ਨਜ਼ਰਬੰਦ ਜਾਂ ਗਿਰਫ਼ਤਾਰ ਨਹੀਂ ਕੀਤਾ ਜਾ ਰਿਹਾ ਹੈ, ਤਾਂ ਤੁਸੀਂ ਇੱਥੋਂ ਜਾ ਸਕਦੇ ਹੋ।

BC ਵਿੱਚ, ਹਰੇਕ ਪੁਲਿਸ ਏਜੰਸੀ ਕੋਲ ਸਵੈ-ਇੱਛਤ ਤੌਰ 'ਤੇ ਪੁਲਿਸ ਨਾਲ ਗੱਲਬਾਤ ਬਾਰੇ ਇੱਕ ਔਨਲਾਈਨ ਨੀਤੀ ਹੋਣੀ ਚਾਹੀਦੀ ਹੈ। 2020 ਵਿੱਚ, BC ਨੇ ਇੱਕ ਮਿਆਰ ਸੈੱਟ ਕੀਤਾ ਹੈ ਕਿ "ਇਹ ਯਕੀਨੀ ਬਣਾਉਣ ਲਈ ਕਿ...ਵਿਅਕਤੀ ਜਾਣਦਾ ਹੋਵੇ ਕਿ ਉਹ ਜਾਣ ਲਈ ਸੁਤੰਤਰ ਹੈ, ਅਤੇ ਉਸ ਦਾ ਰੁਕਣ ਜਾਂ ਸਵਾਲਾਂ ਦਾ ਜਵਾਬ ਦੇਣ ਤੋਂ ਇਨਕਾਰ 'ਤੇ ਕਾਨੂੰਨ ਲਾਗੂ ਕਰਨ ਲਈ ਕੀਤੀ ਜਾਣ ਵਾਲੀ ਅਗਲੀ ਕਾਰਵਾਈ ਨੂੰ ਜਾਇਜ਼ ਨਹੀਂ ਮੰਨਿਆ ਜਾ ਸਕਦਾ ਹੈ।" ਉਦਾਹਰਨ ਲਈ, ਵੈਨਕੂਵਰ ਵਿੱਚ ਪੁਲਿਸ ਨੂੰ ਤੁਹਾਨੂੰ ਦੱਸਣਾ ਚਾਹੀਦਾ ਹੈ ਕਿ ਤੁਹਾਨੂੰ ਕੋਈ ਵੀ ਪਛਾਣ ਜਾਹਿਰ ਕਰਨ ਵਾਲੀ ਜਾਣਕਾਰੀ ਪਰਦਾਨ ਕਰਨ ਜਾਂ ਕਿਸੇ ਸਵਾਲ ਦਾ ਜਵਾਬ ਦੇਣ ਦੀ ਲੋੜ ਨਹੀਂ ਹੈ ਅਤੇ ਤੁਸੀਂ ਕਿਸੇ ਵੀ ਸਮੇਂ ਇੱਥੋਂ ਜਾਣ ਲਈ ਸੁਤੰਤਰ ਹੋ।

## ਰਾਖ਼ਵੀ ਪੁਲਿਸ ਨਾਲ ਗੱਲਬਾਤ

ਜੇ ਤੁਸੀਂ ਖਾਸ ਭਾਈਚਾਰੇ ਨਾਲ ਸੰਬੰਧਤ ਹੋ, ਤਾਂ ਰਾਖ਼ਵੀ ਪੁਲਿਸ ਦੀਆਂ ਡਿਊਟੀਆਂ RCMP, ਰਾਜਕੀ ਇਕਾਈ ਮਿਊਂਸੀਪਲ ਪੁਲਿਸ ਬਲਾਂ, ਜਾਂ ਭਾਈਚਾਰੇ ਦੁਆਰਾ ਸੰਚਾਲਿਤ ਪੁਲਿਸ ਫੋਰਸ ਦੁਆਰਾ ਨਿਭਾਈਆਂ ਜਾ ਸਕਦੀਆਂ ਹਨ।

ਕਿਸੇ ਖਾਸ ਭਾਈਚਾਰੇ ਨਾਲ ਸੰਬੰਧਤ ਕਾਨੂੰਨਾਂ ਤੋਂ ਇਲਾਵਾ, ਅਪਰਾਧਿਕ ਕੋਡ ਅਤੇ ਕਈ ਰਾਜਕੀ ਇਕਾਈ ਦੇ ਰਾਖ਼ਵੇਂ ਕਾਨੂੰਨ ਲਾਗੂ ਹੁੰਦੇ ਹਨ ਅਤੇ ਇਹਨਾਂ ਨੂੰ ਪੁਲਿਸ ਦੁਆਰਾ ਲਾਗੂ ਕੀਤਾ ਜਾ ਸਕਦਾ ਹੈ। ਇਸ ਕਿਤਾਬਚੇ ਵਿੱਚ ਦਰਸਾਏ ਤੁਹਾਡੇ ਸਾਰੇ ਅਧਿਕਾਰ ਅਜੇ ਵੀ ਲਾਗੂ ਹੁੰਦੇ ਹਨ।

### ਪੁਲਿਸ ਦੀ ਫਿਲਮ ਬਣਾਉਣਾ

ਤੁਹਾਨੂੰ ਪੁਲਿਸ ਦੀ ਫਿਲਮ ਬਣਾਉਣ ਦਾ ਅਧਿਕਾਰ ਹੈ। ਪੁਲਿਸ ਤੁਹਾਨੂੰ ਉਨਹ੍ਹਾਂ ਦੀ ਫਿਲਮ ਬਣਾਉਣ ਤੋਂ ਮਨਹ੍ਹਾਂ ਨਹੀਂ ਕਰ ਸਕਦੀ, ਪਰ ਜੇ ਤੁਸੀਂ ਸੁਰੱਖਿਆ ਸੰਬੰਧੀ ਕੋਈ ਸਮੱਸਿਆ ਪੈਦਾ ਕਰ ਰਹੇ ਹੋ ਜਾਂ ਉਹਨਾਂ ਦੇ ਡਿਊਟੀਆਂ ਦੇ ਰਾਹ ਵਿੱਚ ਰੁਕਾਵਟ ਬਣ ਰਹੇ ਹੋ ਤਾਂ ਉਹ ਤੁਹਾਨੂੰ ਜਾਣ ਲਈ ਕਹਿ ਸਕਦੇ ਹਨ। ਪੁਲਿਸ ਵੱਲੋਂ ਤੁਹਾਨੂੰ ਜਿੱਥੇ ਖੜਹ੍ਹੇ ਹੋਣ ਲਈ ਨਿਰਦੇਸ਼ਾਂ ਦਿੱਤੇ ਜਾਂਦੇ ਹਨ ਉਹਨਾਂ ਦੀ ਪਾਲਣਾ ਕਰੋ।

ਜੇ ਪੁਲਿਸ ਤੁਹਾਡਾ ਫ਼ੋਨ ਖੋਹਣ ਦੀ ਕੋਸ਼ਿਸ਼ ਕਰੇ, ਤਾਂ ਤੁਸੀਂ ਉਨਹ੍ਹਾਂ ਨੂੰ ਇਹ ਗੱਲਾਂ ਸਾਫ਼-ਸਾਫ਼ ਕਹਿ ਸਕਦੇ ਹੋ: "ਮੈਂ ਇਸਦੀ ਸਹਿਮਤੀ ਨਹੀ ਦਿੰਦਾ/ ਦਿੰਦੀ," ਪਰ ਸਰੀਰਕ ਤੌਰ 'ਤੇ ਵਿਰੋਧ ਨਾ ਕਰੋ, ਕਿਉਂਕਿ ਇਹ ਖਤਰਨਾਕ ਹੋ ਸਕਦਾ ਹੈ ਜਾਂ ਅਪਰਾਧਿਕ ਦੋਸ਼ਾਂ ਦਾ ਕਾਰਨ ਬਣ ਸਕਦਾ ਹੈ। ਜੇ ਤੁਸੀਂ ਕਿਸੇ ਹੋਰ ਵਿਅਕਤੀ ਨੂੰ ਗਿਰਫ਼ਤਾਰ ਕਰਨ ਵੇਲੇ ਪੁਲਿਸ ਦੀ ਫ਼ਿਲਮ ਬਣਾ ਰਹੇ ਹੋ, ਤਾਂ ਇਹ ਧਿਆਨ ਰੱਖੋ ਕਿ ਪੁਲਿਸ 'ਤੇ ਚੀਕਣ ਜਾਂ ਗਾਲਾਂ ਕੱਢਣ ਜਿਹੀਆਂ ਹਰਕਤਾਂ ਨਾਲ ਗਿਰਫ਼ਤਾਰ ਕੀਤੇ ਜਾ ਰਹੇ ਵਿਅਕਤੀ ਲਈ ਨਕਾਰਾਤਮਕ ਨਤੀਜੇ ਹੋ ਸਕਦੇ ਹਨ।

## ਪੁਲਿਸ ਵੱਲੋਂ ਫੋਟੋਗਰ੍ਹਾਫੀ ਅਤੇ ਵੀਡੀਓ

ਜਿਵੇਂ ਕਿ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਆਪਣੇ ਅਫ਼ਸਰਾਂ ਲਈ ਸਰੀਰ ਨਾਲ ਬੰਨੇ ਹੋਏ ਕੈਮਰਿਆਂ ਦੀ ਵਰਤੋਂ ਕਰਨ ਦਾ ਫੈਸਲਾ ਕਰਦੀਆਂ ਹਨ, ਲੋਕਾਂ ਨਾਲ ਉਹਨਾਂ ਦੀ ਹਰ ਗੱਲਬਾਤ ਦੀ ਪੁਲਿਸ ਰਿਕਾਰਡਿੰਗ ਆਮ ਹੋ ਗਈ ਹੈ। ਜੇ ਤੁਸੀਂ ਸੋਚਦੇ ਹੋ ਕਿ ਤੁਹਾਡੀ ਰਿਕਾਰਡਿੰਗ ਕੀਤੀ ਗਈ ਹੈ, ਜੇ ਤੁਸੀਂ ਲਿਖਤੀ ਰੂਪ ਵਿੱਚ ਪੁੱਛੋ ਤਾਂ ਪੁਲਿਸ ਤੁਹਾਨੂੰ ਉਹਨਾਂ ਵੱਲੋਂ ਕੀਤੀ ਰਿਕਾਰਡਿੰਗ ਦੀ ਇੱਕ ਕਾਪੀ ਦੇ ਸਕਦੀ ਹੈ। ਜੇ ਤੁਹਾਡੇ 'ਤੇ ਕਿਸੇ ਜੁਰਮ ਦਾ ਦੋਸ਼ ਲਗਾਇਆ ਜਾਂਦਾ ਹੈ, ਤਾਂ ਤੁਹਾਡੇ ਕੋਲ ਕੋਈ ਵੀ ਸੰਬੰਧਿਤ ਵੀਡੀਓ ਅਤੇ ਫ਼ੋਟੋਆਂ ਦੇਖਣ ਦਾ ਅਧਿਕਾਰ ਹੋਵੇਗਾ।

ਜੇ ਪੁਲਿਸ ਤੁਹਾਨੂੰ ਰਿਕਾਰਡਿੰਗਾਂ ਵੇਖਣ ਦੀ ਆਗਿਆ ਨਹੀਂ ਦਿੰਦੀ, ਤਾਂ ਤੁਸੀਂ BC ਫਰੀਡਮ ਆਫ ਇਨਫਰਮੇਸ਼ਨ ਐਂਡ ਪਰੋਟੈਕਸ਼ਨ ਆਫ ਪਰ੍ਹਾਈਵੇਸੀ ਐਕਟ ਦੇ ਤਹਿਤ ਇੱਕ ਬੇਨਤੀ ਰਾਹੀਂ ਉਹਨਾਂ ਤੋਂ ਪਰ੍ਹਾਪਤ ਕਰਨ ਦੇ ਯੋਗ ਹੋ ਸਕਦੇ ਹੋ । ਇੱਥੇ ਜਾਓ www.oipcbc.org ਜਾਂ 250-387-5629 'ਤੇ ਕਾਲ ਕਰੋ।

RCMP ਰਿਕਾਰਡਿੰਗਾਂ ਲਈ, ਤੁਸੀਂ ਪਰ੍ਹਾਈਵੇਸੀ ਐਕਟ ਦੇ ਤਹਿਤ ਬੇਨਤੀ ਕਰ ਸਕਦੇ ਹੋ। ਇੱਥੇ ਜਾ ਕੇ ਫਾਰਮ ਭਰੋ www.priv.gc.ca/en ਜਾਂ ਪਰ੍ਹਈਵੇਸੀ ਕਮੀਸ਼ਨਰ ਦੇ ਦਫ਼ਤਰ 1-800-282-1376 'ਤੇ ਕਾਲ ਕਰੋ।

## ਕੀਤੇ-ਕੀਤੇ ਪੁਲਿਸ ਨਾਕੇ ਜਾਂ "ਰੋਡ 'ਤੇ ਚੈਕਿੰਗ"

BC ਅਤੇ ਕੈਨੇਡਾ ਦੇ ਜ਼ਿਆਦਾਤਰ ਭਾਗਾਂ ਵਿੱਚ ਪੁਲਿਸ ਦੁਆਰਾ ਕਿਸੇ ਨੂੰ ਵੀ ਅਚਾਨਕ ਰੋਕਣਾ ਅਤੇ ਉਸ ਤੋਂ ਜਾਣਕਾਰੀ ਮੰਗਣਾ ਗੈਰ-ਕਾਨੂੰਨੀ ਹੈ, ਜਾਂਚ-ਪੜਤਾਲ ਲਈ ਜਾਂ ਜੇ ਵਿਅਕਤੀ ਗੱਡੀ ਚਲਾ ਰਿਹਾ ਹੋਵੇ ਸੰਬੰਧੀ ਸਥਿਤੀ ਨੂੰ ਛੱਡ ਕੇ। ਅਕਾਸਮਿਕ ਪੁਲਿਸ ਨਾਕੇ ਸਾਡੀਆਂ ਬੁਨਿਆਦੀ ਆਜ਼ਾਦੀਆਂ ਅਤੇ ਆਜ਼ਾਦੀਆਂ ਵਿੱਚ ਦਖਲਅੰਦਾਜ਼ੀ ਹੈ। ਉਹ ਅਕਸਰ ਨਸਲੀ ਪਰੋਫਾਈਲਿੰਗ ਅਤੇ ਵਿਤਕਰੇ ਦਾ ਕਰਾਨ ਬਣ ਸਕਦੇ ਹਨ।

**ਅਕਾਸਮਿਕ ਪੁਲਿਸ ਨਾਕੇ ਕਾਨੂੰਨੀ ਨਹੀ ਹੁੰਦੇ, ਅਤੇ ਫਿਰ ਵੀ ਇਹ ਲਗਾਏ ਜਾਂਦੇ ਹਨ।** ਨੋਵਾ ਸਕੋਸ਼ੀਆ ਕੈਨੇਡਾ ਵਿੱਚ ਇੱਕੋ ਇੱਕ ਅਜਿਹੀ ਥਾਂ ਹੈ ਜਿੱਥੇ ਰੋਡ ਚੈਕਿੰਗ 'ਤੇ ਸਪੱਸ਼ਟ ਪਾਬੰਦੀ ਹੈ, ਹਾਲਾਂਕਿ ਅਸਲੀ ਤਜਰਬੇ ਵਾਲੇ ਲੋਕ ਦੱਸਦੇ ਹਨ ਕਿ ਉਹ ਅਜੇ ਵੀ ਉੱਥੇ ਅਜਿਹਾ ਹੁੰਦਾ ਹੈ।

ਪੁਲਿਸ ਨਾਕੇ ਡਰਾਉਣ ਵਾਲੀਆਂ ਅਤੇ ਤਣਾਅਪੂਰਨ ਹੋ ਸਕਦੇ ਹਨ। ਭਾਵੇਂ ਲੱਗ ਵੀ ਸਕਦਾ ਹੈ ਕਿ ਪੁਲਿਸ ਕਾਨੂੰਨ ਦੇ ਅੰਦਰ ਕੰਮ ਨਹੀਂ ਕਰ ਰਹੀ ਹੈ, ਜਾਂ ਜੇ ਤੁਸੀਂ ਅਸੁਰੱਖਿਅਤ ਮਹਿਸੂਸ ਕਰਦੇ ਹੋ, ਤਾਂ ਤੁਸੀਂ ਆਪਣੀ ਸਭ ਤੋਂ ਵਧੀਆ ਸੂਝ-ਬੂਝ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰੋ। ਤੁਹਾਡੇ ਕੋਲ ਬਾਅਦ ਵਿੱਚ ਹਮੇਸ਼ਾ ਸ਼ਿਕਾਇਤ ਦਰਜ ਕਰਵਾਉਣ ਦਾ ਵਿਕਲਪ ਹੁੰਦਾ ਹੈ। ਜਿੰਨਾ ਹੋ ਸਕੇ ਸ਼ਾਂਤ ਰਹੋ ਅਤੇ ਜਿੰਨੀ ਜਲਦੀ ਹੋ ਸਕੇ ਪੁਲਿਸ ਨਾਲ ਆਪਣੀ ਗੱਲਬਾਤ ਨੂੰ ਨੋਟ ਕਰਨਾ ਸ਼ੁਰੂ ਕਰੋ।

## ਚੁੱਪ ਰਹਿਣ ਦਾ ਅਧਿਕਾਰ

ਜੇ ਤੁਹਾਡੀ ਕਿਸੇ ਜੁਰਮ ਲਈ ਪੜਤਾਲ ਕੀਤੀ ਜਾ ਰਹੀ ਹੈ, ਤਾਂ ਤੁਹਾਡੇ ਕੋਲ ਚੁੱਪ ਰਹਿਣ ਦਾ ਅਧਿਕਾਰ ਹੈ। ਜਦੋਂ ਤੱਕ ਤੁਸੀਂ ਕਿਸੇ ਵਕੀਲ ਨਾਲ ਗੱਲ ਨਹੀਂ ਕਰ ਲੈਂਦੇ ਉਦੋਂ ਤੱਕ ਪੁਲਿਸ ਨੂੰ ਕੁਝ ਨਾ ਕਹਿਣਾ ਹੀ ਸਭ ਤੋਂ ਵਧੀਆ ਹੈ। (ਗਿਰਫ਼ਤਾਰੀ ਤੋਂ ਬਾਅਦ ਇਸਨੂੰ ਦੇਖੋਛ: ਵਕੀਲ ਨਾਲ ਸੰਪਰਕ ਕਰਨ ਬਾਰੇ ਹੋਰ ਜਾਣਕਾਰੀ ਲਈ ਪਾਠ 3)। ਪੁਲਿਸ ਤੁਹਾਡੇ ਤੋਂ ਸਵਾਲ ਪੁੱਛਣਾ ਜਾਰੀ ਰੱਖ ਸਕਦੀ ਹੈ ਭਾਵੇਂ ਤੁਸੀਂ ਉਹਨਾਂ ਨੂੰ ਕਹਿ ਵੀ ਦਿੰਦੇ ਹੋ ਕਿ ਤੁਸੀਂ ਚੁੱਪ ਰਹਿਣਾ ਚਾਹੁੰਦੇ ਹੋ, ਪਰ ਤੁਸੀਂ ਇਹ ਕਹਿਣਾ ਜਾਰੀ ਰੱਖ ਸਕਦੇ ਹੋ: “ਮੈਂ ਚੁੱਪ ਰਹਿਣਾ ਚਾਹਾਂਗਾ/ਚਾਹਾਂਗੀ। ਮੈਂ ਕਿਸੇ ਵਕੀਲ ਨਾਲ ਗੱਲ ਕਰਨਾ ਚਾਹਾਂਗਾ/ਚਾਹਾਂਗੀ।"

ਪੁਲਿਸ ਨੂੰ ਕੀ ਕਹਿਣਾ ਹੈ:

1. ਜੇ ਪੁਲਿਸ ਕਹਿੰਦੀ ਹੈ: “ਕੀ ਤੁਸੀਂ ਜਾਣਾ ਚਾਹੁੰਦੇ ਹੋ?” ਤੁਸੀਂ ਪੁੱਛ ਸਕਦੇ ਹੋ: “ਕੀ ਮੈਂ ਜਾਣ ਲਈ ਸੁਤੰਤਰ ਹਾਂ?” ਜੇ ਉਹ ਹਾਂ ਕਹਿੰਦੇ ਹਨ ਤਾਂ ਤੁਸੀਂ ਜਾ ਸਕਦੇ ਹੋ।
2. ਜੇ ਤੁਸੀਂ ਜਾਣ ਲਈ ਸੁਤੰਤਰ ਨਹੀਂ ਹੋ, ਤਾਂ ਤੁਸੀਂ ਪੁੱਛ ਸਕਦੇ ਹੋ: “ਕੀ ਮੈਨੂੰ ਗਿਰਫ਼ਤਾਰ ਕੀਤਾ ਗਿਆ ਹੈ?” ਜੇ ਉਹ ਹਾਂ ਕਹਿੰਦੇ ਹਨ ਤਾਂ ਤੁਸੀਂ ਪੁੱਛ ਸਕਦੇ ਹੋ: “ਕਿਉਂ?”
3. ਜੇ ਤੁਸੀਂ ਗਿਰਫ਼ਤਾਰ ਹੋ ਗਏ ਹੋ ਤਾਂ ਤੁਸੀਂ ਕਹਿ ਸਕਦੇ ਹੋ: “ਮੈਂ ਚੁੱਪ ਰਹਿਣਾ ਚਾਹਾਂਗਾ/ਚਾਹਾਂਗੀ। ਮੈਂ ਕਿਸੇ ਵਕੀਲ ਨਾਲ ਗੱਲ ਕਰਨਾ ਚਾਹੁੰਦਾ ਹਾਂ।" ਜੇ ਪੁਲਿਸ ਪੁੱਛੇ ਤਾਂ ਆਪਣਾ ਨਾਮ ਅਤੇ ਪਤਾ ਦੱਸੋ। ਤੁਸੀਂ ਪੁਲਿਸ ਅਫ਼ਸਰ ਦਾ ਬੈਜ ਨੰਬਰ ਮੰਗ ਸਕਦੇ ਹੋ।
4. ਜੇ ਤੁਸੀਂ ਗਿਰਫ਼ਤਾਰ ਨਹੀਂ ਹੋਏ, ਪਰ ਤੁਹਾਨੂੰ ਕਿਹਾ ਜਾਂਦਾ ਹੈ ਕਿ ਤੁਸੀਂ ਜਾ ਨਹੀਂ ਸਕਦੇ, ਤਾਂ ਤੁਸੀਂ ਪੁੱਛ ਸਕਦੇ ਹੋ: “ਕਿਉਂ?” ਅਤੇ ਪੁਲਿਸ ਅਫ਼ਸਰ ਦਾ ਬੈਜ ਨੰਬਰ ਮੰਗੋ।

**ਇਹ ਤੱਥ ਕਿ ਤੁਸੀਂ ਚੁੱਪ ਰਹਿਣ ਦੇ ਆਪਣੇ ਅਧਿਕਾਰ ਨੂੰ ਵਰਤਿਆ ਹੈ, ਇਸ ਨੂੰ ਕਦੇ ਵੀ ਤੁਹਾਡੇ ਵਿਰੁੱਧ ਜੁਰਮ ਸਾਬਤ ਕਰਨ ਲਈ ਨਹੀ ਵਰਤਿਆ ਜਾ ਸਕਦਾ।**

## ਆਪਣੇ ਆਪ ਦੀ ਪਛਾਣ ਕਰਵਾਉਣਾ

ਬਹੁਤੀ ਵਾਰੀ, ਕਾਨੂੰਨ ਦੇ ਅਨੁਸਾਰ, ਤੁਹਾਨੂੰ ਪੁਲਿਸ ਨੂੰ ਕੋਈ ਜਾਣਕਾਰੀ ਦੇਣ ਦੀ ਲੋੜ ਵੀ ਨਹੀਂ ਹੁੰਦੀ ਹੈ।

ਕਈ ਵਾਰੀ ਤੁਹਾਨੂੰ ਪੁਲਿਸ ਨੂੰ ਆਪਣਾ ਨਾਮ ਅਤੇ ਪਤਾ ਦੇਣਾ ਪੈ ਸਕਦਾ ਹੈ, ਜਿਵੇਂ ਕਿ ਜਦੋਂ:

1. ਤੁਸੀਂ ਗ੍ਰਿਫ਼ਤਾਰ ਹੋ ਗਏ ਹੋਵੋਂ।
2. ਤੁਸੀਂ ਕਾਰ ਚਲਾ ਰਹੇ ਹੋਵੋਂ। ਕਾਰ ਵਿੱਚ ਸਵਾਰ ਯਾਤਰੀਆਂ ਨੂੰ ਪੁਲਿਸ ਨੂੰ ਆਪਣਾ ਨਾਮ ਜਾਂ ਪਤਾ ਦੇਣ ਦੀ ਲੋੜ ਨਹੀਂ ਹੁੰਦੀ ਹੈ।
3. ਕੋਈ ਪੁਲਿਸ ਅਫ਼ਸਰ ਤੁਹਾਨੂੰ ਇੱਕ ਟਿਕਟ ਦੇ ਰਿਹਾ ਹੋਵੇ (ਸ਼ਹਿਰ ਦੇ ਉਪ-ਨਿਯਮ ਜਾਂ ਕਿਸੇ ਹੋਰ ਕਾਨੂੰਨ ਨੂੰ ਤੋੜਨ ਲਈ) ਜਾਂ ਤੁਹਾਨੂੰ ਕੋਈ ਪੇਸ਼ ਹੋਣ ਦਾ ਨੋਟਿਸ, ਪੇਸ਼ ਹੋਣ ਦਾ ਵਾਅਦਾ, ਜਾਂ ਸੰਮਨ ਦੇ ਰਿਹਾ ਹੋਵੇ। ।

ਜੇ ਤੁਸੀਂ ਬੇਘਰ ਹੋ, ਤਾਂ ਤੁਸੀਂ ਪੁਲਿਸ ਨੂੰ ਆਖ ਸਕਦੇ ਹੋ, ਜਾਂ ਉਹਨਾਂ ਨੂੰ ਕਹਿ ਸਕਦੇ ਹੋ ਕਿ ਤੁਹਾਡੇ ਕੋਲ "ਕੋਈ ਪੱਕਾ ਪਤਾ ਨਹੀਂ ਹੈ।"

### ਨਕਲੀ ID

ਪੁਲਿਸ ਨੂੰ ਗਲਤ ਨਾਮ ਅਤੇ ਪਤਾ, ਜਾਂ ਨਕਲੀ ID ਨਾ ਦਿਓ। ਤੁਹਾਨੂੰ ਗੰਭੀਰ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਖੁਫੀਆ ਪੁਲਿਸ ਅਫ਼ਸਰ

ਖੁਫੀਆ ਪੁਲਿਸ ਅਫ਼ਸਰ ਵਰਦੀ ਨਹੀਂ ਪਹਿਨਦੇ ਅਤੇ ਪੁਲਿਸ ਵਾਲਾ ਨਾ ਹੋਣ ਦਾ ਦਿਖਾਵਾ ਕਰਦੇ ਹਨ। ਜੇ ਉਹ ਜੇਲਹ੍ ਵਿੱਚ ਖੁਫੀਆ ਤੌਰ 'ਤੇ ਹਨ, ਤਾਂ ਉਹ ਦਿਖਾਵਾ ਕਰ ਸਕਦੇ ਹਨ ਕਿ ਉਹਨਾਂ ਨੂੰ ਵੀ ਹਿਰਾਸਤ ਵਿੱਚ ਰੱਖਿਆ ਜਾ ਰਿਹਾ ਹੈ। ਹੋਰ ਸਥਿਤੀਆਂ ਵਿੱਚ, ਉਹ ਕਿਸੇ ਬੇਘਰ ਵਿਅਕਤੀ, ਇੱਕ ਵਪਾਰੀ, ਜਾਂ ਇੱਕ ਅਪਰਾਧਿਕ ਸੰਗਠਨ ਦੇ ਮੁਖੀ ਦੀ ਤਰਹ੍ਾਂ ਕੱਪੜੇ ਪਾ ਸਕਦੇ ਹਨ। ਜਦੋਂ ਤੁਸੀਂ ਹਿਰਾਸਤ ਵਿੱਚ ਹੋਵੋਂ ਤਾਂ ਤੁਹਾਨੂੰ ਬਚਾਅ ਪੱਖ ਦੇ ਵਕੀਲ ਤੋਂ ਬਿਨਾਂ ਕਿਸੇ ਹੋਰ ਨਾਲ ਆਪਣੇ ਕੇਸ ਜਾਂ ਦੋਸ਼ਾਂ ਬਾਰੇ ਗੱਲ ਨਹੀਂ ਕਰਨੀ ਚਾਹੀਦੀ। ਕੋਈ ਹੋਰ ਕੋਈ ਖੁਫੀਆ ਪੁਲਿਸ ਅਧਿਕਾਰੀ ਵੀ ਹੋ ਸਕਦਾ ਹੈ। ਭਾਵੇਂ ਉਹ ਪੁਲਿਸ ਵਾਲੇ ਨਾ ਵੀ ਹੋਣ, ਜੋ ਵੀ ਤੁਸੀਂ ਆਪਣੇ ਵਕੀਲ ਤੋਂ ਇਲਾਵਾ ਕਿਸੇ ਹੋਰ ਨੂੰ ਕਹਿੰਦੇ ਹੋ, ਅਦਾਲਤ ਵਿੱਚ ਤੁਹਾਡੇ ਵਿਰੁੱਧ ਵਰਤਿਆ ਜਾ ਸਕਦਾ ਹੈ।

ਖੁਫੀਆ ਢੰਗ ਨਾਲ ਕੰਮ ਕਰਨ ਵਾਲੀ ਪੁਲਿਸ ਨੂੰ ਤੁਹਾਨੂੰ ਜੁਰਮ ਕਰਨ ਲਈ ਉਤਸ਼ਾਹਿਤ ਕਰਨ ਦੀ ਅਗਿਆ ਦਿੱਤੀ ਜਾਂਦੀ ਹੈ ਜੇ ਉਹਨਾਂ ਨੂੰ ਸ਼ੱਕ ਹਵੇ ਕਿ ਤੁਸੀਂ ਪਹਿਲਾਂ ਹੀ ਅਜਿਹਾ ਜੁਰਮ ਕਰ ਰਹੇ ਹੋ, ਜਾਂ ਤੁਸੀਂ ਅਜਿਹੇ ਖੇਤਰ ਵਿੱਚ ਹੋ ਜਿੱਥੇ ਇਹ ਜੁਰਮ ਬਹੁਤ ਹੁੰਦਾ ਹੈ। ਉਦਾਹਰਨ ਲਈ, ਜੇ ਉਹ ਸੋਚਦੇ ਹਨ ਕਿ ਤੁਸੀਂ ਨਸ਼ੇ ਵੇਚ ਰਹੇ ਹੋ, ਜਾਂ ਤੁਸੀਂ ਅਜਿਹੇ ਖੇਤਰ ਵਿੱਚ ਹੋ ਜਿੱਥੇ ਆਮ ਤੌਰ 'ਤੇ ਨਸ਼ੇ ਵੇਚੇ ਜਾਂਦੇ ਹਨ, ਤਾਂ ਉਹ ਤੁਹਾਨੂੰ ਨਸ਼ੇ ਵੇਚਣ ਲਈ ਆਖ ਸਕਦੇ ਹਨ। ਪਰ ਉਹ ਅਕਾਸਮਿਕ ਤੌਰ 'ਤੇ ਤੁਹਾਨੂੰ ਜੁਰਮ ਕਰਨ ਲਈ ਨਹੀਂ ਕਹਿ ਸਕਦੇ ਹਨ, ਅਤੇ ਉਹ ਇਨਾਮ ਦੀ ਪੇਸ਼ਕਸ਼ ਨਹੀਂ ਕਰ ਸਕਦੇ ਹਨ ਜਾਂ ਤੁਹਾਡੇ ਤੋਂ ਜੁਰਮ ਕਰਵਾਉਣ ਲਈ ਧੋਖਾ ਨਹੀਂ ਦੇ ਸਕਦੇ ਹਨ।

ਖੁਫੀਆ ਜਾਂਚ-ਪੜਤਾਲਾਂ ਵਿੱਚ ਪੁਲਿਸ ਨੂੰ ਇਹ ਆਗਿਆ ਹੁੰਦੀ ਹੈ:

- ਪੁਲਿਸ ਅਫ਼ਸਰ ਹੋਣ ਬਾਰੇ ਝੂਠ ਬੋਲਣਾ, ਭਾਵੇਂ ਤੁਸੀਂ ਉਹਨਾਂ ਨੂੰ ਸਿੱਧੇ ਤੌਰ 'ਤੇ ਇਹ ਕਿੰਨੀ ਵਾਰ ਵੀ ਪੁੱਛੋ: "ਕੀ ਤੁਸੀਂ ਪੁਲਿਸ ਅਫ਼ਸਰ ਹੋ?"
- ਕਿਸੇ ਹੋਰ ਚੀਜ਼ ਬਾਰੇ ਝੂਠ ਬੋਲਣਾ - ਸਮੇਤ ਉਹਨਾਂ ਦਾ ਨਾਮ, ਪਿਛੋਕੜ, ਅਤੇ ਨਿੱਜੀ ਜਾਣਕਾਰੀ।
- ਕਾਨੂੰਨ ਤੋੜਨਾ (ਕੁਝ ਸਥਿਤੀਆਂ ਵਿੱਚ।)

ਪਾਠ 2

# ਗਿਰ੍ਫਤਾਰ ਕੀਤਾ ਜਾਣਾ

ਜਦੋਂ ਤੱਕ ਇਹ ਸਪੱਸ਼ਟ ਨਾ ਹੋ ਜਾਵੇ, ਪੁਲਿਸ ਨੂੰ ਤੁਹਾਨੂੰ ਤੁਹਾਡੇ ਗਿਰ੍ਫ਼ਤਾਰ ਹੋਣ ਬਾਰੇ ਅਤੇ ਤੁਹਾਡੀ ਗਿਰ੍ਫ਼ਤਾਰੀ ਦੇ ਕਾਰਨ ਬਾਰੇ ਦੱਸਣਾ ਪਵੇਗਾ। ਉਹ ਕਾਰਨ ਯਾਦ ਰੱਖੋ ਜੋ ਉਹ ਤੁਹਾਨੂੰ ਗਿਰ੍ਫ਼ਤਾਰ ਕਰਨ ਲਈ ਦੱਸਦੇ ਹਨ ਤਾਂ ਜੋ ਤੁਸੀਂ ਬਾਅਦ ਵਿੱਚ ਇਸ ਨੂੰ ਆਪਣੇ ਵਕੀਲ ਨੂੰ ਦੱਸ ਸਕੋ। ਜੇ ਤੁਹਾਨੂੰ ਗਿਰ੍ਫ਼ਤਾਰ ਕਰ ਲਿਆ ਹੈ, ਅਤੇ ਪੁਲਿਸ ਪੁੱਛਦੀ ਹੈ, ਤਾਂ ਤੁਹਾਡੇ ਲਈ ਲਾਜ਼ਮੀ ਹੈ ਕਿ ਤੁਸੀਂ ਉਹਨਾਂ ਨੂੰ ਆਪਣਾ ਨਾਮ ਅਤੇ ਪਤਾ ਦੱਸੋ।

## ਗਿਰ੍ਫ਼ਤਾਰੀ ਦਾ ਕਾਰਨ

ਪੁਲਿਸ ਕੋਲ ਤੁਹਾਨੂੰ ਗਿਰ੍ਫ਼ਤਾਰ ਕਰਨ ਦਾ ਕੋਈ ਕਾਰਨ ਹੋਣਾ ਲਾਜ਼ਮੀ ਹੈ। ਤੁਹਾਨੂੰ ਪੁਲਿਸ ਦੁਆਰਾ ਗਿਰ੍ਫ਼ਤਾਰ ਕੀਤਾ ਜਾ ਸਕਦਾ ਹੈ ਜੇ:

1. ਉਹ ਤੁਹਾਨੂੰ ਛੋਟਾ-ਮੋਟਾ ਜੁਰਮ ਕਰਦੇ ਹੋਏ ਵੀ ਦੇਖ ਲੈਂਦੇ ਹਨ।
2. ਉਹਨਾਂ ਕੋਲ ਇਹ ਵਿਸ਼ਵਾਸ ਕਰਨ ਦੇ ਵਾਜਬ ਆਧਾਰ ਹੋਣ ਕਿ ਤੁਸੀਂ ਕੋਈ ਵੱਡਾ (ਗੰਭੀਰ) ਜਾਂ ਹਾਈਬਿਰ੍ਡ ਜੁਰਮ ਕੀਤਾ ਹੈ ਜਾਂ ਕਰਨ ਜਾ ਰਹੇ ਹੋ।
3. ਉਹਨਾਂ ਕੋਲ ਇਹ ਵਿਸ਼ਵਾਸ ਕਰਨ ਦੇ ਵਾਜਬ ਆਧਾਰ ਹੋਣ ਕਿ ਤੁਸੀਂ ਸੰਮਨ, ਪੇਸ਼ ਹੋਣ ਦੇ ਨੋਟਿਸ, ਪੇਸ਼ ਹੋਣ ਦੇ ਵਾਅਦੇ ਜਾਂ ਰਿਹਾਈ ਦੇ ਹੁਕਮ ਦੀਆਂ ਕਿਸੇ ਵੀ ਰਾਜ ਦੁਆਰਾ ਕੀਤੇ ਹੁਕਮ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਹੈ ਜਾਂ ਉਲੰਘਣਾ ਕਰਨ ਜਾ ਰਹੇ ਹੋ।
4. ਤੁਹਾਡੀ ਗਿਰ੍ਫ਼ਤਾਰੀ ਦਾ ਵਾਰੰਟ ਹੋਵੇ। (ਦੇਖੋ ਪਾਠ 3: ਗਿਰ੍ਫ਼ਤਾਰੀ ਵਾਰੰਟਾਂ ਬਾਰੇ ਜਾਣਕਾਰੀ ਲਈ ਨਜ਼ਰਬੰਦ ਕਰਨਾ।)
5. ਉਹਨਾਂ ਕੋਲ ਇਹ ਸੋਚਣ ਲਈ ਵਾਜਬ ਆਧਾਰ ਹੋਣ ਕਿ ਉਹਨਾਂ ਨੂੰ ਇੱਕ ਅੱਤਵਾਦੀ ਕਾਰਵਾਈ ਨੂੰ ਰੋਕਣ ਲਈ ਤੁਹਾਨੂੰ ਗਿਰ੍ਫ਼ਤਾਰ ਕਰਨ ਦੀ ਲੋੜ ਹੈ।
6. ਤੁਸੀਂ ਰਾਜਕੀ ਇਕਾਈ ਦੇ ਕਾਨੂੰਨਾਂ ਅਤੇ ਸ਼ਹਿਰ ਦੇ ਉਪ-ਨਿਯਮਾਂ ਸਮੇਤ ਕੋਈ ਵੀ ਕਾਨੂੰਨ ਤੋੜਿਆ ਹੋਵੇ, ਅਤੇ ਤੁਸੀਂ ਪੁਲਿਸ ਨੂੰ ਇਹ ਨਹੀਂ ਦੱਸੋਗੇ ਕਿ ਤੁਸੀਂ ਕੌਣ ਹੋ ਅਤੇ ਤੁਸੀਂ ਕਿੱਥੇ ਰਹਿੰਦੇ ਹੋ।
7. ਉਹ ਤੁਹਾਨੂੰ "ਸ਼ਾਂਤੀ ਭੰਗ" ਕਰਦੇ ਦੇਖ ਲੈਂਦੇ ਹਨ ਜਾਂ ਉਹਨਾਂ ਕੋਲ ਇਹ ਵਿਸ਼ਵਾਸ ਕਰਨ ਲਈ ਉਚਿਤ ਆਧਾਰ ਹੋਣ ਕਿ ਤੁਸੀਂ "ਸ਼ਾਂਤੀ ਭੰਗ" ਕਰਨ ਜਾ ਰਹੇ ਹੋ (ਦੇਖੋ ਪਾਠ 3: ਸ਼ਾਂਤੀ ਭੰਗ ਕਰਨ ਬਾਰੇ ਜਾਣਕਾਰੀ ਲਈ ਨਜ਼ਰਬੰਦ ਕੀਤਾ ਜਾਣਾ)।

8. ਇੱਕ ਅਜਿਹਾ ਵਿਸ਼ੇਸ਼ ਕਾਨੂੰਨ ਵੀ ਹੈ ਜਿਸ ਵਿੱਚ ਪੁਲਿਸ ਤੁਹਾਡੇ ਦੁਆਰਾ ਕੀਤੇ ਗਏ ਕਿਸੇ ਕੰਮ ਲਈ ਤੁਹਾਨੂੰ ਗਿਰ੍ਫ਼ਤਾਰ ਕਰ ਸਕਦੀ ਹੈ। ਉਦਾਹਰਨ ਲਈ, ਜੇ ਤੁਸੀਂ ਜਨਤਕ ਤੌਰ 'ਤੇ ਸ਼ਰਾਬ ਪੀਂਦੇ ਹੋ ਜਾਂ ਨਸ਼ੇ ਵਿੱਚ ਟੱਲੀ ਹੋ। (ਦੇਖੋ ਪਾਠ 3: ਜਨਤਕ ਤੌਰ 'ਤੇ ਨਸ਼ਾ ਕਰਨ 'ਤੇ ਜਾਣਕਾਰੀ ਲਈ ਹਿਰਾਸਤ ਵਿੱਚ ਲੈਣਾ)।

ਕਿਸੇ ਹਾਈਬਿਰ੍ਡ ਅਤੇ ਛੋਟੇ-ਮੋਟੇ ਜੁਰਮ ਲਈ, ਤੁਹਾਨੂੰ ਉਦੋਂ ਤੱਕ ਗਿਰ੍ਫ਼ਤਾਰ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਪੁਲਿਸ: (a) ਤੁਹਾਡੀ ਪਛਾਣ ਨਹੀਂ ਲੈਂਦੀ; (b) ਤੁਹਾਡੇ ਜੁਰਮ ਦੇ ਸਬੂਤ ਨੂੰ ਸੁਰੱਖਿਅਤ ਕਰਨ ਦੀ ਲੋੜ ਨੂੰ ਪੂਰਾ ਨਹੀਂ ਕਰ ਲੈਂਦੀ; (c) ਤੁਹਾਨੂੰ ਜੁਰਮ ਕਰਨ ਜਾਂ ਦੁਹਰਾਉਣ ਤੋਂ ਰੋਕਣ ਦੀ ਲੋੜ ਨੂੰ ਪੂਰਾ ਨਹੀਂ ਕਰ ਲੈਂਦੀ; ਜਾਂ (d) ਤੁਹਾਨੂੰ ਵਿਸ੍ਵਾਸ ਨਹੀਂ ਦਿਵਾਉਂਦੀ ਕਿ ਤੁਹਾਨੂੰ ਅਦਾਲਤ ਵਿੱਚ ਨਹੀਂ ਆਉਣਾ ਪਵੇਗਾ।

ਜੇ ਇਹਨਾਂ ਵਿੱਚੋਂ ਕੋਈ ਵੀ ਲਾਗੂ ਨਹੀਂ ਹੁੰਦਾ, ਤਾਂ ਪੁਲਿਸ ਨੂੰ ਸੰਭਵ ਤੌਰ 'ਤੇ ਤੁਹਾਨੂੰ ਪੇਸ਼ ਹੋਣ ਦੇ ਨੋਟਿਸ ਦੇ ਨਾਲ ਰਿਹਾਅ ਕਰਨਾ ਪਵੇਗਾ, ਤੁਹਾਨੂੰ ਕਿਸੇ ਨਿਸ੍ਚਿਤ ਸਮੇਂ 'ਤੇ ਅਦਾਲਤ ਵਿੱਚ ਪੇਸ੍ ਹੋਣ ਲਈ ਅਤੇ ਸੰਭਵ ਤੌਰ 'ਤੇ ਉਂਗਲਾਂ ਦੇ ਨਿਸ੍ਾਨ ਲੈਣ ਲਈ ਪੁਲਿਸ ਸਟੇਸ੍ਨ ਆਉਣ ਲਈ ਕਿਹਾ ਜਾਵੇਗਾ।ਉਹ ਕਿਸੇ ਪੀੜਤ ਜਾਂ ਗਵਾਹ ਦੀ ਸੁਰੱਖਿਆ ਲਈ ਉਹ ਤੁਹਾਨੂੰ ਹਿਰਾਸਤ ਵਿਚ ਵੀ ਰੱਖ ਸਕਦੇ ਹਨ। (ਦੇਖੋ ਪਾਠ 4: ਗਿਰ੍ਫ਼ਤਾਰੀ ਤੋਂ ਬਾਅਦ।)

# ਗਿਰਫ਼ਤਾਰੀ ਦੇ ਵਾਰੰਟ

ਇੱਕ ਵਾਰੰਟ ਕਾਗਜ਼ ਦਾ ਇੱਕ ਟੁਕੜਾ ਹੁੰਦਾ ਹੈ ਜਿਸ ਰਾਹੀਂ ਇੱਕ ਜੱਜ ਪੁਲਿਸ ਨੂੰ ਕੁਝ ਕਰਨ ਦੀ ਇਜਾਜ਼ਤ ਦਿੰਦਾ ਹੈ। ਗਿਰਫ਼ਤਾਰੀ ਵਾਰੰਟ ਪੁਲਿਸ ਨੂੰ ਹੁਕਮ ਦਿੰਦੇ ਹਨ ਕਿ ਕਿਸੇ ਖਾਸ ਵਿਅਕਤੀ ਨੂੰ ਗਿਰਫ਼ਤਾਰ ਕੀਤਾ ਜਾਵੇ।

ਜੇ ਪੁਲਿਸ ਕਹਿੰਦੀ ਹੈ ਕਿ ਉਹਨਾਂ ਕੋਲ ਤੁਹਾਡੀ ਗਿਰਫਤਾਰੀ ਲਈ ਵਾਰੰਟ ਹੈ, ਤਾਂ ਤੁਹਾਨੂੰ ਇਸਨੂੰ ਵੇਖਣ ਦਾ ਅਧਿਕਾਰ ਹੁੰਦਾ ਹੈ। ਤੁਸੀਂ ਪੁੱਛ ਸਕਦੇ ਹੋ: "ਕੀ ਮੈਂ ਵਾਰੰਟ ਦੇਖ ਸਕਦਾ/ਸਕਦੀ ਹਾਂ?" ਜੇ ਪੁਲਿਸ ਕੋਲ ਇਹ ਹੋਵੇ ਅਤੇ ਸਥਿਤੀ ਕਾਬੂ ਵਿੱਚ ਹੋਵੇ, ਤਾਂ ਉਹਨਾਂ ਨੂੰ ਇਹ ਤੁਹਾਨੂੰ ਦਿਖਾਉਣਾ ਹੀ ਪਵੇਗਾ। ਭਾਵੇਂ, ਪੁਲਿਸ ਕੋਲ ਆਮ ਤੌਰ 'ਤੇ ਕਾਗਜ਼ੀ ਰੂਪ ਵਾਲਾ ਵਾਰੰਟ ਨਹੀਂ ਹੁੰਦਾ ਹੈ। ਉਹਨਾਂ ਨੂੰ ਆਮ ਤੌਰ 'ਤੇ ਦੱਸਿਆ ਜਾਂਦਾ ਹੈ ਕਿ ਉਹਨਾਂ ਦੇ ਕੰਪਿਊਟਰ ਸਿਸਟਮ ਵਿੱਚ ਇੱਕ ਆਆਉਟਸਟੈਂਡਿੰਗ ਵਾਰੰਟ ਹੈ। ਜੇ ਤੁਹਾਡੀ ਗਿਰਫ਼ਤਾਰੀ ਦੇ ਸਮੇਂ ਇਹ ਸੰਭਵ ਨਹੀਂ ਹੈ, ਤਾਂ ਤੁਹਾਡੀ ਗਿਰਫ਼ਤਾਰੀ ਤੋਂ ਬਾਅਦ ਪੁਲਿਸ ਨੂੰ ਜਿੰਨੀ ਜਲਦੀ ਹੋ ਸਕੇ ਤੁਹਾਨੂੰ ਵਾਰੰਟ ਦਿਖਾਉਣਾ ਪਵੇਗਾ।

ਜਦੋਂ ਤੁਸੀਂ ਵਾਰੰਟ ਨੂੰ ਪੜ੍ਹਦੇ ਹੋ, ਤਾਂ ਯਕੀਨੀ ਬਣਾਓ ਕਿ ਵਾਰੰਟ ਸੱਚਮੁੱਚ ਤੁਹਾਡੇ ਲਈ ਹੀ ਹੋਵੇ। ਵਾਰੰਟ **ਵਿੱਚ ਲਾਜ਼ਮੀ** ਇਹ ਗੱਲਾਂ ਹੋਣ:

- ਤੁਹਾਡਾ ਨਾਮ ਜਾਂ ਇਹ ਵੇਰਾਵਾ ਕਿ ਤੁਸੀ ਕਿਸ ਤਰਹ੍ਾਂ ਦਿਖਾਈ ਦਿੰਦੇ ਹੋ।
- ਤੁਹਾਨੂੰ ਗਿਰਫ਼ਤਾਰ ਕਰਨ ਦਾ ਕਾਰਨ।
- ਇਹ ਹੁਕਮ ਕਿ ਤੁਹਾਨੂੰ ਗਿਰਫ਼ਤਾਰ ਕੀਤਾ ਜਾਵੇ।
- ਜੱਜ ਜਾਂ ਜਸਟਿਸ ਆਫ਼ ਦਾ ਪੀਸ ਦੇ ਦਸਤਖ਼ਤ।

ਜੇ ਤੁਹਾਨੂੰ ਵਾਰੰਟ ਦੇ ਨਾਲ ਜਾਂ ਬਿਨਾਂ ਗਿਰਫ਼ਤਾਰ ਕੀਤਾ ਗਿਆ ਹੈ, ਤਾਂ ਤੁਹਾਡੇ ਕੋਲ ਇੱਕੋ ਜਿਹੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਹੁੰਦੀਆਂ ਹਨ। ਤੁਹਾਨੂੰ ਚੁੱਪ ਰਹਿਣ ਦਾ ਅਧਿਕਾਰ ਹੈ ਅਤੇ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਹੁੰਦਾ ਹੈ। ਤੁਹਾਡੇ ਲਈ ਆਪਣਾ ਨਾਮ ਅਤੇ ਪਤਾ ਦੱਸਣਾ ਲਾਜ਼ਮੀ ਹੈ। (ਦੇਖੋ ਪਾਠ 4: ਗਿਰਫ਼ਤਾਰੀ ਤੋਂ ਬਾਅਦ।)

## ਪੁਲਿਸ ਦੁਆਰਾ ਬਲ ਪਰ੍ਯੋਗ

ਪੁਲਿਸ ਨੂੰ ਸਿਰਫ ਓਨਾ ਹੀ ਬਲ ਪਰ੍ਯੋਗ ਕਰਨ ਦੀ ਇਜਾਜ਼ਤ ਹੈ ਜਿੰਨੀ ਤੁਹਾਨੂੰ ਗਿਰ੍ਫ਼ਤਾਰ ਕਰਨ ਲਈ ਹੁੰਦੀ ਹੈ ਜਾਂ ਸਥਿਤੀ ਸੁਰੱਖਿਅਤ ਹੈ ਇਹ ਯਕੀਨੀ ਬਣਾਉਣ ਲਈ ਜ਼ਰੂਰੀ ਹੋਵੇ। ਕਿਸੇ ਵੀ ਵਾਧੂ ਬਲ ਨੂੰ "ਲੋੜੋਂ ਵੱਧ" ਬਲ ਮੰਨਿਆ ਜਾਂਦਾ ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਪੁਲਿਸ ਨੇ ਲੋੜ ਤੋਂ ਵੱਧ ਬਲ ਪਰ੍ਯੋਗ ਕੀਤਾ ਹੈ, ਤਾਂ ਆਪਣੇ ਵਕੀਲ ਨੂੰ ਦੱਸੋ। ਤੁਸੀਂ ਸ਼ਿਕਾਇਤ ਕਰ ਸਕਦੇ ਹੋ ਜਾਂ ਮੁਕੱਦਮਾ ਦਾਇਰ ਕਰ ਸਕਦੇ ਹੋ। ਜੇ ਤੁਹਾਡੇ ਕੱਟ, ਨਿਸ਼ਾਨ, ਸੱਟਾਂ ਲੱਗੀਆਂ ਹਨ ਜਾਂ ਹੋਰ ਸਰੀਰਕ ਸਬੂਤ ਹਨ, ਤਾਂ ਡਾਕਟਰ ਕੋਲ ਜਾਓ ਅਤੇ ਆਪਣੀਆਂ ਸੱਟਾਂ ਦੀਆਂ ਫੋਟੋਆਂ ਲਓ। ਡਾਕਟਰ ਦੇ ਨੋਟਸ ਅਤੇ ਫੋਟੋਆਂ ਨੂੰ ਮੁਕੱਦਮੇ ਵਿੱਚ ਸਬੂਤ ਵਜੋਂ ਜਾਂ ਸ਼ਿਕਾਇਤ ਦੇ ਸਮਰਥਨ ਕਰਨ ਲਈ ਵਰਤਿਆ ਜਾ ਸਕਦਾ ਹੈ।

ਜੇ ਤੁਹਾਨੂੰ ਗਿਰ੍ਫ਼ਤਾਰ ਕੀਤਾ ਜਾਂਦਾ ਹੈ, ਤਾਂ ਪੁਲਿਸ ਤੁਹਾਡੀ ਅਤੇ ਤੁਹਾਡੀ ਨਿੱਜੀ ਜਾਇਦਾਦ ਦੀ ਪੂਰੀ ਤਰਹ੍ਹਾਂ ਤਲਾਸ਼ੀ ਲੈ ਸਕਦੀ ਹੈ। (ਦੇਖੋ ਪਾਠ 5: ਤਲਾਸ਼ੀ ਅਤੇ ਜ਼ਬਤੀ।)

ਜੇ ਤੁਸੀਂ ਗਿਰ੍ਫਤਾਰ ਹੋ ਗਏ ਹੋਵੋਂ, ਤਾਂ ਪੁਲਿਸ ਦਾ ਸਰੀਰਕ ਤੌਰ 'ਤੇ ਵਿਰੋਧ ਨਾ ਕਰੋ। ਹੋਰ ਢੰਗਾਂ ਨਾਲ ਲੱਤ ਮਾਰਨਾ, ਮੁੱਕਾ ਮਾਰਨਾ, ਖਿੱਚੋ-ਤਾਣ, ਦੌੜਨਾ ਜਾਂ ਸਰੀਰਕ ਤੌਰ 'ਤੇ ਵਿਰੋਧ ਕਰਨਾ ਖ਼ਤਰਨਾਕ ਹੋ ਸਕਦਾ ਹੈ ਅਤੇ ਜਿਸ ਕਾਰਨ ਤੁਹਾਡੇ ਵਿਰੁੱਧ ਹੋਰ ਦੋਸ਼ ਲੱਗ ਸਕਦੇ ਹਨ। ਲੰਗੜਾ ਕੇ ਤੁਰਨਾ ਵਿਰੋਧ ਨਹੀਂ ਗਿਣਿਆ ਜਾਂਦਾ, ਪਰ ਪੁਲਿਸ ਇਸ 'ਤੇ ਵੀ ਨਕਾਰਾਤਮਕ ਪਰ੍ਤੀਕਿਰਿਆ ਕਰ ਸਕਦੀ ਹੈ।

### ਚੁੱਪ ਰਹਿਣਾ

ਤੁਸੀਂ ਪੁਲਿਸ ਨੂੰ ਦੱਸ ਸਕਦੇ ਹੋ: "ਮੈਂ ਚੁੱਪ ਰਹਿਣਾ ਚਾਹਾਂਗਾ/ਚਾਹਾਂਗੀ। ਮੈਂ ਕਿਸੇ ਵਕੀਲ ਨਾਲ ਗੱਲ ਕਰਨਾ ਚਾਹਾਂਗਾ/ਚਾਹਾਂਗੀ।" ਉਹ ਵਾਰ-ਵਾਰ ਸਵਾਲ ਪੁੱਛ ਸਕਦੇ ਹਨ, ਪਰ ਤੁਹਾਨੂੰ ਉਹਨਾਂ ਦੇ ਜਵਾਬ ਦੇਣ ਦੀ ਲੋੜ ਨਹੀਂ ਹੁੰਦੀ ਹੈ। (ਦੇਖੋ ਪਾਠ 1: ਪੁਲਿਸ ਨਾਲ ਗੱਲਬਾਤ ਕਰਨਾ।) ਤੁਹਾਨੂੰ ਗਿਰ੍ਫ਼ਤਾਰ ਕੀਤੇ ਜਾਣ ਤੋਂ ਬਾਅਦ ਪੁਲਿਸ ਨਾਲ ਗੱਲ ਕਰਨ ਤੋਂ ਪਹਿਲਾਂ ਕਿਸੇ ਵਕੀਲ ਨਾਲ ਗੱਲ ਕਰੋ। ਜੋ ਵੀ ਤੁਸੀਂ ਪੁਲਿਸ ਨੂੰ ਜਾਂ ਹੋਰ ਲੋਕਾਂ ਨੂੰ ਲਿਖਤੀ ਵਿੱਚ ਦਿੰਦੇ ਹੋ ਜਾਂ ਕਹਿੰਦੇ ਹੋ ਉਹ ਤੁਹਾਡੇ ਵਿਰੁੱਧ ਵੀ ਵਰਤਿਆ ਜਾ ਸਕਦਾ ਹੈ। **ਪੁਲਿਸ ਨਾਲ ਕੀਤੀ ਗਈ ਚਰਚਾ ਦੀ "ਰਿਕਾਰਡ ਤੋਂ ਬਾਹਰੀ" ਵਰਗੀ ਕੋਈ ਚੀਜ਼ ਨਹੀ ਹੈ ਹੁੰਦੀ।**

## ਸ਼ਾਂਤੀ ਭੰਗ ਕਰਨਾ

ਪੁਲਿਸ ਤੁਹਾਨੂੰ ਸ਼ਾਂਤੀ ਭੰਗ ਕਰਨ ਲਈ ਗਿਰਫ਼ਤਾਰ ਕਰ ਸਕਦੀ ਹੈ। ਸ਼ਾਂਤੀ ਭੰਗ ਕਰਨਾ ਦਾ ਅਰਥ ਹੈ ਕਿ ਤੁਸੀਂ ਅਜਿਹੇ ਤਰੀਕੇ ਨਾਲ ਕੰਮ ਕਰ ਰਹੇ ਹੋ ਜੋ ਹਿੰਸਕ ਹੈ ਜਾਂ ਦੂਜੇ ਲੋਕਾਂ ਨੂੰ ਜਾਂ ਜਾਇਦਾਦ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਤੰਗ ਕਰਨ ਵਾਲਾ ਜਾਂ ਅੜਿੱਕੇ ਪਾਉਣਾ ਵਾਲਾ ਵਿਵਹਾਰ ਗਿਰਫ਼ਤਾਰ ਕੀਤੇ ਜਾਣ ਲਈ ਕਾਫ਼ੀ ਨਹੀਂ ਹੈ, ਪਰ ਜੇ ਉਹ ਸੋਚਦੇ ਹਨ ਕਿ ਤੁਸੀਂ ਸ਼ਾਂਤੀ ਭੰਗ ਕਰਨ ਜਾ ਰਹੇ ਹੋ ਤਾਂ ਪੁਲਿਸ ਤੁਹਾਨੂੰ ਗਿਰਫ਼ਤਾਰ ਕਰ ਸਕਦੀ ਹੈ।

ਸ਼ਾਂਤੀ ਭੰਗ ਕਰਨਾ ਕੋਈ ਖਾਸ ਜੁਰਮ ਨਹੀਂ ਹੁੰਦਾ ਹੈ। ਇਸਦਾ ਅਰਥ ਹੈ ਕਿ ਪੁਲਿਸ ਲਈ ਤੁਹਾਨੂੰ ਰਿਹਾਅ ਕਰਨਾ ਲਾਜ਼ਮੀ ਹੈ, ਜਦੋਂ ਤੱਕ ਉਹ ਤੁਹਾਡੇ 'ਤੇ ਕਿਸੇ ਹੋਰ ਕਾਨੂੰਨ ਨੂੰ ਤੋੜਨ ਦਾ ਦੋਸ਼ ਨਹੀਂ ਲਗਾਉਂਦੇ। ਉਹ ਤੁਹਾਨੂੰ ਕਿਸੇ ਸੈੱਲ ਵਿੱਚ ਰੱਖ ਸਕਦੇ ਹਨ ਜਾਂ ਤੁਹਾਨੂੰ ਰਿਹਾਅ ਕਰਨ ਤੋਂ ਪਹਿਲਾਂ ਨਜ਼ਰਬੰਦ ਕਰ ਸਕਦੇ ਹਨ। ਜਿਵੇਂ ਹੀ ਉਲੰਘਣਾ ਕਰਨ ਦਾ ਜੋਖਮ ਖ਼ਤਮ ਹੋ ਜਾਵੇ, ਤਾਂ ਤੁਹਾਨੂੰ ਰਿਹਾਅ ਕਰਨਾ ਲਾਜ਼ਮੀ ਹੈ ਅਤੇ ਸਾਰੇ ਕੇਸਾਂ ਵਿੱਚ 24 ਘੰਟੇ ਦੇ ਅੰਦਰ। ਸ਼ਾਂਤੀ ਭੰਗ ਕਰਨ 'ਤੇ ਗਿਰਫ਼ਤਾਰੀ ਦੇ ਨਤੀਜੇ ਵਜੋਂ ਅਪਰਾਧਿਕ ਰਿਕਾਰਡ ਵਜੋਂ ਨਹੀਂ ਹੁੰਦਾ, ਪਰ ਉਹ ਪੁਲਿਸ ਰਿਕਾਰਡ ਦੀ ਜਾਂਚ ਵਿੱਚ ਦਿਖਾਈ ਦੇ ਸਕਦੇ ਹਨ।

## ਜਨਤਕ ਤੌਰ 'ਤੇ ਨਸ਼ਾ ਕਰਨਾ

ਜਨਤਕ ਖੇਤਰ ਉਹ ਥਾਂਵਾਂ ਹਨ ਜਿੱਥੇ ਕੋਈ ਵੀ ਜਾ ਸਕਦਾ ਹੈ, ਜਿਵੇਂ ਕਿ ਪਾਰਕ, ਰੈਸਟੋਰੈਂਟ, ਮਾਲ, ਬੀਚ, ਅਤੇ ਸੜਕ। ਉਹ ਸਰਕਾਰੀ ਜਾਂ ਨਿੱਜੀ ਜ਼ਾਇਦਾਦਾਂ ਹੋ ਸਕਦੀਆਂ ਹਨ। ਤੁਹਾਡਾ ਆਪਣਾ ਘਰ, ਇੱਕ ਹੋਟਲ ਦਾ ਕਮਰਾ, ਜਾਂ ਕਿਸੇ ਦੋਸਤ ਦਾ ਘਰ ਇੱਕ ਜਨਤਕ ਖੇਤਰ ਨਹੀਂ ਹੁੰਦਾ ਹੈ।

ਭਾਵੇਂ ਜਨਤਕ ਤੌਰ 'ਤੇ ਨਸ਼ਾ ਕਰਨਾ ਕੋਈ ਅਪਰਾਧਿਕ ਜੁਰਮ ਨਹੀਂ ਹੈ, ਜੇ ਤੁਸੀਂ ਕਿਸੇ ਜਨਤਕ ਖੇਤਰ ਵਿੱਚ ਹੋ ਅਤੇ ਤੁਸੀਂ ਹੁਲੜਬਾਜੀ ਕਰਦੇ ਹੋ, ਤਾਂ ਪੁਲਿਸ ਤੁਹਾਨੂੰ ਗਿਰਫ਼ਤਾਰ ਕਰ ਸਕਦੀ ਹੈ। "ਹੁਲੜਬਾਜੀ" ਕਰਨਾ ਕਿ ਇੰਨਾ ਸ਼ਰਾਬੀ ਹੋ ਜਾਂਣਾ ਜਾਂ ਹੋਰ ਨਸ਼ਾ ਕਰਨਾ ਕਿ ਤੁਸੀਂ ਆਪਣੇ ਆਪ ਜਾਂ ਦੂਜਿਆਂ ਲਈ ਖ਼ਤਰਾ ਹੋ ਜਾਵੋਂ, ਜਾਂ ਤੁਸੀਂ ਪਰੇਸ਼ਾਨੀ ਦਾ ਕਾਰਨ ਬਣ ਰਹੇ ਹੋਵੋਂ। ਜੇ ਤੁਹਾਨੂੰ ਗਿਰਫ਼ਤਾਰ ਕੀਤਾ ਜਾਂਦਾ ਹੈ, ਤਾਂ ਪੁਲਿਸ ਲਈ ਤੁਹਾਨੂੰ ਉਦੋਂ ਰਿਹਾਅ ਕਰਨਾ ਲਾਜ਼ਮੀ ਹੈ ਜਦੋਂ ਤੁਸੀਂ ਸੁਚੇਤ ਹੋ ਜਾਵੋ। ਜੇ ਤੁਸੀਂ ਇੱਕ ਬਾਲਗ ਹੋ ਜੋ ਸੁਚੇਤ ਅਤੇ ਜ਼ਿੰਮੇਵਾਰ ਹੋ, ਤਾਂ ਤੁਸੀਂ ਪੁਲਿਸ ਨੂੰ ਆਖ ਸਕਦੇ ਹੋ ਕਿ ਉਹ ਤੁਹਾਨੂੰ ਆਪਣੀ ਦੇਖਰੇਖ ਵਿੱਚ ਰਿਹਾਅ ਕਰਨ, ਤਾਂ ਉਹਨਾਂ ਲਈ ਤੁਹਾਨੂੰ ਰਿਹਾਅ ਕਰਨਾ ਲਾਜ਼ਮੀ ਹੋ ਜਾਂਦਾ ਹੈ।

## ਨਸ਼ਾ ਛੁਡਾਊ ਕੇਂਦਰ

ਜੇ ਤੁਹਾਨੂੰ ਜਨਤਕ ਤੌਰ 'ਤੇ ਨਸ਼ਾ ਕਰਨ ਲਈ ਗਿਰਫ਼ਤਾਰ ਕੀਤਾ ਜਾਂਦਾ ਹੈ, ਤਾਂ ਪੁਲਿਸ ਤੁਹਾਨੂੰ ਜੇਲਹ੍ ਸੈੱਲ ਵਿੱਚ ਰੱਖ ਸਕਦੀ ਹੈ ਜਾਂ ਤੁਹਾਨੂੰ ਹਸਪਤਾਲ ਦੀ ਐਮਰਜੈਂਸੀ ਯੂਨਿਟ ਵਿੱਚ ਲਿਆ ਸਕਦੀ ਹੈ। BC ਦੇ ਕੁਝ ਖੇਤਰਾਂ ਵਿੱਚ, ਉਹ ਤੁਹਾਨੂੰ ਇੱਕ ਨਸ਼ਾਂ ਛੁਡਾਊ ਕੇਂਦਰ ਵਿੱਚ ਵੀ ਲੈ ਜਾ ਸਕਦੇ ਹਨ। ਇਹ ਬੈੱਡਾਂ ਅਤੇ ਸਪੋਰਟਾਂ ਵਾਲੀ ਇੱਕ ਸਹੂਲਤ ਹੁੰਦੀ ਹੈ ਜਿੱਥੇ ਨਸ਼ਾ ਕਰਨ ਵਾਲੇ ਲੋਕਾਂ ਨੂੰ ਥੋੜਹ੍ੇ ਸਮੇਂ ਲਈ, ਆਮ ਤੌਰ 'ਤੇ 24 ਘੰਟਿਆਂ ਤੱਕ ਰੱਖਿਆ ਜਾ ਸਕਦਾ ਹੈ।

### ਤੁਹਾਡੇ ਅਧਿਕਾਰ

ਯਾਦ ਰੱਖੋ! ਭਾਵੇਂ ਤੁਸੀ ਜਨਤਕ ਤੌਰ 'ਤੇ ਨਸ਼ਾ ਕਰਦੇ ਹੋ, ਜਾਂ ਤੁਸੀਂ ਸ਼ਾਂਤੀ ਭੰਗ ਕਰਦੇ ਹੋ, ਤੁਹਾਡੇ ਕੋਲ ਅਜੇ ਵੀ ਤੁਹਾਡੇ ਸਾਰੇ ਅਧਿਕਾਰ ਹਨ, ਜਿਸ ਵਿੱਚ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਅਤੇ ਚੁੱਪ ਰਹਿਣ ਦਾ ਅਧਿਕਾਰ ਸ਼ਾਮਲ ਹੈ।

# ਨਜ਼ਰਬੰਦ ਕੀਤਾ ਜਾਣਾ

ਪੁਲਿਸ ਤੁਹਾਨੂੰ ਉਦੋਂ ਨਜ਼ਰਬੰਦ ਕਰ ਦਿੰਦੀ ਹੈ ਜਦੋਂ ਉਹ ਘੁੰਮਣ-ਫਿਰਨ ਦੀ ਤੁਹਾਡੀ ਆਜ਼ਾਦੀ ਨੂੰ ਸੀਮਤ ਕਰ ਦਿੰਦੇ ਹਨ। ਇਹ ਤੁਹਾਨੂੰ ਸਰੀਰਕ ਤੌਰ 'ਤੇ ਸੀਮਤ ਕਰਕੇ, ਜਾਂ ਤੁਹਾਨੂੰ ਵਿਸ਼ਵਾਸ ਦਿਵਾਕੇ ਹੋ ਸਕਦਾ ਹੈ ਕਿ ਤੁਸੀਂ ਜਾਣ ਲਈ ਸੁਤੰਤਰ ਨਹੀਂ ਹੋ।

ਜੇ ਤੁਸੀਂ ਪੁਲਿਸ ਸੁਰੱਖਿਆ ਕਰਮੀਆਂ ਦੀ ਭਾਰੀ ਗਿਣਤੀ ਵਿੱਚ ਹੋ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਇਹ ਮਹਿਸੂਸ ਹੋਣ ਦੀ ਜ਼ਿਆਦਾ ਸੰਭਾਵਨਾ ਹੋ ਸਕਦੀ ਹੈ ਕਿ ਜਦੋਂ ਤੁਸੀਂ ਪੁਲਿਸ ਨਾਲ ਗੱਲਬਾਤ ਕਰਦੇ ਸਮੇਂ ਤੁਹਾਨੂੰ ਨਜ਼ਰਬੰਦ ਕੀਤਾ ਜਾ ਰਿਹਾ ਹੈ। ਜੇ ਤੁਸੀਂ ਯਕੀਨੀ ਨਹੀਂ ਹੋ ਕਿ ਤੁਹਾਨੂੰ ਨਜ਼ਰਬੰਦ ਕੀਤਾ ਜਾ ਰਿਹਾ ਹੈ, ਤਾਂ ਤੁਸੀਂ ਪੁਲਿਸ ਨੂੰ ਪੁੱਛ ਸਕਦੇ ਹੋ: “ਕੀ ਮੈਂ ਜਾ ਸਕਦਾ/ਸਕਦੀ ਹਾਂ?” ਜੇ ਜਵਾਬ ਹਾਂ ਹੋਵੇ, ਤਾਂ ਤੁਸੀਂ ਜਾ ਸਕਦੇ ਹੋ। ਜੇ ਜਵਾਬ ਨਾ ਹੋਵੇ, ਤਾਂ ਤੁਹਾਨੂੰ ਨਜ਼ਰਬੰਦ ਕੀਤਾ ਜਾ ਰਿਹਾ ਹੈ ।

## ਤੁਹਾਨੂੰ ਕਦੋਂ ਨਜ਼ਰਬੰਦ ਕੀਤਾ ਜਾ ਸਕਦਾ ਹੈ?

ਪੁਲਿਸ ਤੁਹਾਨੂੰ ਉਦੋਂ ਨਜ਼ਰਬੰਦ ਕਰ ਸਕਦੀ ਹੈ ਜਦੋਂ ਉਹ ਕਿਸੇ ਜੁਰਮ ਦੀ ਜਾਂਚ ਕਰ ਰਹੀ ਹੋਵੇ। ਤੁਹਾਨੂੰ ਤਫ਼ਤੀਸ਼ ਲਈ ਤਾਂ ਹੀ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ ਜੇ ਪੁਲਿਸ ਕੋਲ **ਸ਼ੱਕ ਕਰਨ ਦੇ ਵਾਜਬ ਆਧਾਰ** ਹੋਣ ਕਿ ਤੁਹਾਡਾ ਕਿਸੇ ਜੁਰਮ ਨਾਲ ਸੰਬੰਧ ਹੈ। ਉਦਾਹਰਨ ਲਈ, ਜੇ ਤੁਸੀਂ ਸ਼ੱਕੀ ਵਿਅਕਤੀ ਦੇ ਹੁਲੀਏ ਨਾਲ ਮੇਲ ਖਾਂਦੇ ਹੋ, ਅਤੇ ਤੁਹਾਡੀ ਨਜ਼ਰਬੰਦੀ ਹਾਲਾਤਾਂ ਅਨੁਸਾਰ ਜ਼ਰੂਰੀ ਅਤੇ ਵਾਜਬ ਹੈ।

ਕੁਝ ਹੋਰ ਖਾਸ ਹਾਲਤਾਂ ਵੀ ਹਨ ਜਦੋਂ ਤੁਹਾਨੂੰ ਕਾਨੂੰਨੀ ਤੌਰ 'ਤੇ ਨਜ਼ਰਬੰਦ ਕੀਤਾ ਜਾ ਸਕਦਾ ਹੈ। ਪੁਲਿਸ ਤੁਹਾਨੂੰ ਉਹਨਾਂ ਦੇ ਕਾਨੂੰਨੀ ਫਰਜ਼ ਨਿਭਾਉਣ ਲਈ ਵੀ ਨਜ਼ਰਬੰਦ ਕਰ ਸਕਦੀ ਹੈ। ਉਦਾਹਰਨ ਲਈ, ਉਪ-ਕਾਨੂੰਨ ਲਾਗੂ ਕਰਨ ਲਈ ਜਾਂ ਤੁਹਾਨੂੰ ਗੈਰ-ਅਪਰਾਧਿਕ ਜੁਰਮ ਲਈ ਟਿਕਟ ਦੇਣਾ।

ਪੁਲਿਸ ਤੁਹਾਨੂੰ ਵਾਜਬ ਸਮੇਂ ਲਈ ਹੀ ਨਜ਼ਰਬੰਦ ਕਰ ਸਕਦੀ ਹੈ - ਇਹ ਆਮ ਤੌਰ 'ਤੇ ਥੋੜ੍ਹੇ ਸਮੇਂ ਲਈ ਹੀ ਹੁੰਦਾ ਹੈ।

## ਨਜ਼ਰਬੰਦ ਕੀਤੇ ਜਾਣ 'ਤੇ ਤੁਹਾਡੇ ਅਧਿਕਾਰ

ਤੁਹਾਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ ਤੁਹਾਨੂੰ ਕਿਉਂ ਨਜ਼ਰਬੰਦ ਕੀਤਾ ਜਾ ਰਿਹਾ ਹੈ, ਜਦੋਂ ਤੱਕ ਜਵਾਬ ਸਪੱਸ਼ਟ ਨਾ ਹੋਵੇ, ਉਦਾਹਰਨ ਲਈ, ਜੇ ਤੁਹਾਡੀ ਸੜਕ ਦੇ ਕਿਨਾਰੇ ਬਰੈੱਥਲਾਈਜ਼ਰ ਨਾਲ ਕਨੂੰਨੀ ਸੀਮਾ ਤੋਂ ਵੱਧ ਜਾਂਚ ਕੀਤੀ ਗਈ ਹੋਵੇ। ਯਾਦ ਰੱਖੋ ਕਿ ਪੁਲਿਸ ਅਫ਼ਸਰ ਤੁਹਾਨੂੰ ਕੀ ਕਾਰਨ ਦੱਸਦਾ ਹੈ। ਜੇ ਤੁਸੀਂ ਬਾਅਦ ਵਿੱਚ ਸ਼ਿਕਾਇਤ ਕਰਨੀ ਚਾਹੁੰਦੇ ਹੋ ਤਾਂ ਪੁਲਿਸ ਅਫ਼ਸਰ ਦਾ ਬੈਜ ਨੰਬਰ ਜਾਂ ਨਾਮ ਲੈ ਲਓ।

ਜੇ ਤੁਸੀਂ ਗੱਲ ਨਹੀਂ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਕਹਿ ਸਕਦੇ ਹੋ: "ਮੈਂ ਚੁੱਪ ਰਹਿਣਾ ਚਾਹਾਂਗਾ/ਚਾਹਾਂਗੀ।" ਆਮ ਤੌਰ 'ਤੇ, ਤੁਹਾਨੂੰ ਪੁਲਿਸ ਨੂੰ ਕੁਝ ਵੀ ਕਹਿਣ ਦੀ ਲੋੜ ਨਹੀਂ ਹੁੰਦੀ। ਕੁਝ ਮਾਮਲਿਆਂ ਵਿੱਚ, ਜਿਵੇਂ ਕਿ ਜੇ ਤੁਹਾਨੂੰ ਕਾਨੂੰਨ ਤੋੜਨ ਲਈ ਗਿਰਫ਼ਤਾਰ ਕੀਤਾ ਜਾ ਰਿਹਾ ਹੈ ਜਾਂ ਟਿਕਟ ਦਿੱਤੀ ਜਾ ਰਹੀ ਹੈ, ਤਾਂ ਤੁਹਾਨੂੰ ਆਪਣਾ ਨਾਮ ਅਤੇ ਪਤਾ ਦੇਣਾ ਹੀ ਪਵੇਗਾ। ਤੁਹਾਨੂੰ ਉਦੋਂ ਵੀ ਜਾਣਕਾਰੀ ਦੇਣੀ ਪਵੇਗੀ ਜਦੋਂ ਕੋਈ ਖਾਸ ਕਾਨੂੰਨ ਹੋਵੇ, ਜਿਸ ਲਈ ਇਸਦੀ ਲੋੜ ਹੋਵੇ। ਉਦਾਹਰਨ ਲਈ, ਜੇ ਪੁਲਿਸ ਗੱਡੀ ਚਲਾਉਂਦੇ ਸਮੇਂ ਤੁਹਾਨੂੰ ਰੋਕ ਲੈਂਦੀ ਹੈ। ਦੇਖੋ "ਡਰਾਈਵਿੰਗ ਦੌਰਾਨ ਨਜ਼ਰਬੰਦ ਕੀਤਾ ਜਾਣਾ" (ਪੰਨਾ 28)।

ਕਈ ਵਾਰ, ਭਾਵੇਂ ਤੁਸੀਂ ਕਹਿੰਦੇ ਵੀ ਹੋਵੋਂ ਕਿ ਤੁਸੀਂ ਚੁੱਪ ਰਹਿਣਾ ਚਾਹੁੰਦੇ ਹੋ, ਅਫ਼ਸਰ ਤੁਹਾਡੇ ਤੋਂ ਸਵਾਲ ਪੁੱਛਦਾ ਰਹੇਗਾ ਅਤੇ ਤੁਹਾਨੂੰ ਬੁਲਾਉਣ ਦੀ ਕੋਸ਼ਿਸ਼ ਕਰੇਗਾ। ਤੁਸੀਂ ਇਹ ਕਹਿਣਾ ਜਾਰੀ ਰੱਖ ਸਕਦੇ ਹੋ: "ਮੈਂ ਚੁੱਪ ਰਹਿਣਾ ਚਾਹਾਂਗਾ/ਚਾਹਾਂਗੀ।" ਦੇਖੋ ਪਾਠ 1: ਪੁਲਿਸ ਪੁੱਛਗਿੱਛ ਅਤੇ ਜਾਂਚ-ਪੜਤਾਲ ਬਾਰੇ ਹੋਰ ਜਾਣਕਾਰੀ ਲਈ ਪੁਲਿਸ ਨਾਲ ਗੱਲਬਾਤ ਕਰਨਾ।

ਆਮ ਤੌਰ 'ਤੇ, ਤੁਹਾਨੂੰ ਪੁਲਿਸ ਨੂੰ ਕੁਝ ਕਹਿਣ ਜਾਂ ਲਿਖਣ ਤੋਂ ਪਹਿਲਾਂ ਕਿਸੇ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਵੀ ਹੁੰਦਾ ਹੈ। ਤੁਸੀਂ ਕਹਿ ਸਕਦੇ ਹੋ: "ਮੈਂ ਕਿਸੇ ਵਕੀਲ ਨਾਲ ਗੱਲ ਕਰਨਾ ਚਾਹਾਂਗਾ/ਚਾਹਾਂਗੀ।" ਜੇ ਤੁਸੀਂ ਇਹ ਪੁੱਛਦੇ ਹੋ, ਤਾਂ ਪੁਲਿਸ ਨੂੰ ਤੁਹਾਡੇ ਵੱਲੋਂ ਚੁਣੇ ਗਏ ਵਕੀਲ ਨੂੰ ਕਾਲ ਕਰਨ ਲਈ ਤੁਹਾਨੂੰ ਇੱਕ ਫ਼ੋਨ ਦੇਣਾ ਪਵੇਗਾ। ਦੇਖੋ ਪਾਠ 3: ਗਿਰਫ਼ਤਾਰੀ ਤੋਂ ਬਾਅਦ ਕਿਸੇ ਵਕੀਲ ਨੂੰ ਲੱਭਣ ਅਤੇ ਸੰਪਰਕ ਕਰਨ ਬਾਰੇ ਹੋਰ ਜਾਣਕਾਰੀ ਲਈ। ਕਈ ਅਜਿਹੇ ਖਾਸ ਸਮੇਂ ਵੀ ਹੁੰਦੇ ਹਨ ਜਦੋਂ ਤੁਹਾਨੂੰ ਪਹਿਲਾਂ ਤੋਂ ਕਿਸੇ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਨਹੀਂ ਹੁੰਦਾ, ਉਦਾਹਰਨ ਲਈ, ਜਦੋਂ ਤੁਸੀਂ ਗੱਡੀ ਚਲਾ ਰਹੇ ਹੋਵੋ।

ਜਦੋਂ ਤੁਹਾਨੂੰ ਨਜ਼ਰਬੰਦ ਕਰ ਲਿਆ ਜਾਂਦਾ ਹੈ, ਤਾਂ ਪੁਲਿਸ ਹਥਿਆਰਾਂ ਲਈ ਪੈਟ-ਡਾਊਨ ਤਲਾਸੀ ਕਰ ਸਕਦੀ ਹੈ, ਅਤੇ ਉਹ ਤੁਹਾਡੇ ਬੈਗਾਂ ਦੀ ਸਮੱਗਰੀ ਨੂੰ ਵੀ ਵੇਖ ਸਕਦੀ ਹੈ। ਉਹ ਇਹ ਤਲਾਸੀਆਂ ਤਾਂ ਹੀ ਕਰ ਸਕਦੇ ਹਨ ਜੇ ਉਹਨਾਂ ਕੋਲ ਸ਼ੱਕ ਕਰਨ ਦਾ ਵਾਜਬ ਅਧਾਰ ਹੋਵੇ ਕਿ ਸੁਰੱਖਿਆ ਸੰਬੰਧੀ ਜੋਖ਼ਮ ਹੈ। ਪਰ ਜੇ ਇਹ ਪਤਾ ਚਲਦਾ ਹੈ ਕਿ ਪੁਲਿਸ ਨੂੰ ਤੁਹਾਨੂੰ ਨਜ਼ਰਬੰਦ ਕਰਨ ਦਾ ਅਧਿਕਾਰ ਨਹੀਂ ਹੈ, ਤਾਂ ਉਹਨਾਂ ਕੋਲ ਤੁਹਾਡੀ ਤਲਾਸ਼ੀ ਲੈਣ ਦਾ ਵੀ ਅਧਿਕਾਰ ਨਹੀਂ ਹੋਵੇਗਾ। ਕਿਸੇ ਵਕੀਲ ਨੂੰ ਦੱਸਣ ਜਾਂ ਸ਼ਿਕਾਇਤ ਕਰਨ ਲਈ ਵੇਰਵਿਆਂ ਨੂੰ ਯਾਦ ਰੱਖੋ। (ਦੇਖੋ ਪਾਠ 4: ਤਲਾਸ਼ੀ ਅਤੇ ਜ਼ਬਤੀ ਬਾਰੇ ਹੋਰ ਜਾਣਕਾਰੀ ਲਈ ਤਲਾਸ਼ੀ ਅਤੇ ਜ਼ਬਤ ਕਰਨਾ।)

## ਨਜ਼ਰਬੰਦ ਕੀਤਾ ਜਾਣਾ

ਜੇ ਤੁਹਾਨੂੰ ਗਿਰਫ਼ਤਾਰ ਨਹੀਂ ਕੀਤਾ ਗਿਆ ਹੈ, ਪਰ ਤੁਹਾਨੂੰ ਤੁਹਾਡੀ ਇੱਛਾ ਦੇ ਵਿਰੁੱਧ ਰੋਕਿਆ ਗਿਆ ਹੈ, ਤਾਂ ਯਾਦ ਰੱਖੋ:

- ਤੁਸੀਂ ਪੁੱਛ ਸਕਦੇ ਹੋ ਕਿ ਤੁਹਾਨੂੰ ਕਿਉਂ ਰੋਕ ਕੇ ਰੱਖਿਆ ਜਾ ਰਿਹਾ ਹੈ।
- ਤੁਸੀਂ ਪੁਲਿਸ ਅਫ਼ਸਰ ਦਾ ਬੈਜ ਨੰਬਰ ਜਾਂ ਨਾਮ ਹਾਸਿਲ ਕਰ ਸਕਦੇ ਹੋ।
- ਤੁਹਾਡੇ ਕੋਲ ਆਮ ਤੌਰ 'ਤੇ ਤੁਹਾਨੂੰ ਚੁੱਪ ਰਹਿਣ ਦਾ ਅਧਿਕਾਰ ਹੈ। ਜੇ ਤੁਸੀਂ ਇਹ ਕਹਿਣਾ ਸੁਰੱਖਿਅਤ ਮਹਿਸੂਸ ਕਰਦੇ ਹੋ ਤਾਂ ਤੁਸੀਂ ਪੁਲਿਸ ਨੂੰ ਕਹਿ ਸਕਦੇ ਹੋ ਕਿ ਤੁਸੀਂ ਚੁੱਪ ਰਹਿਣਾ ਚਾਹੁੰਦੇ ਹੋ।
- ਤੁਹਾਡੇ ਕੋਲ ਕਿਸੇ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਹੁੰਦਾ ਹੈ। ਤੁਸੀਂ ਪੁਲਿਸ ਨੂੰ ਦੱਸ ਸਕਦੇ ਹੋ: "ਮੈਂ ਕਿਸੇ ਵਕੀਲ ਨਾਲ ਗੱਲ ਕਰਨਾ ਚਾਹਾਂਗਾ/ਚਾਹਾਂਗੀ।"
- ਕੁਝ ਮਾਮਲਿਆਂ ਵਿੱਚ, ਤੁਹਾਨੂੰ ਕੁਝ ਨਿੱਜੀ ਜਾਣਕਾਰੀ ਦੇਣੀ ਪੈ ਸਕਦੀ ਹੈ, ਜਿਵੇਂ ਕਿ ਜਦੋਂ ਤੁਸੀਂ ਡਰਾਈਵਿੰਗ ਕਰ ਰਹੇ ਹੋ ਅਤੇ ਤੁਹਾਨੂੰ ਉਪ-ਕਾਨੂੰਨ ਦੀ ਉਲੰਘਣਾ ਲਈ ਟਿਕਟ ਦਿੱਤੀ ਜਾ ਰਹੀ ਹੋ, ਜਾਂ ਜੇ ਤੁਸੀਂ ਸਰਹੱਦ ਪਾਰ ਕਰ ਰਹੇ ਹੋ।

**ਦੇਖੋ ਪਾਠ 1:** ਪੁਲਿਸ ਨਾਲ ਗੱਲ ਕਰਨ ਬਾਰੇ ਕਰਨ ਬਾਰੇ ਵਧੇਰੇ ਜਾਣਕਾਰੀ ਲਈ ਪੁਲਿਸ ਨਾਲ ਗੱਲਬਾਤ ਕਰਨਾ।

## ਡਰਾਈਵਿੰਗ ਦੌਰਾਨ ਨਜ਼ਰਬੰਦ ਕੀਤਾ ਜਾਣਾ

ਜਦੋਂ ਤੁਸੀਂ ਡਰਾਈਵਿੰਗ ਕਰ ਰਹੇ ਹੋਵੋਂ ਤਾਂ ਤੁਹਾਡੇ ਲਾਇਸੰਸ ਦੀ ਜਾਂਚ ਕਰਨ ਲਈ, ਵਾਹਨ ਦੀ ਜਾਂਚ ਕਰਨ ਲਈ, ਅਤੇ ਆਮ ਤੌਰ 'ਤੇ ਸੜਕ ਦੀ ਸੁਰੱਖਿਆ ਬਣਾਈ ਰੱਖਣ ਲਈ ਪੁਲਿਸ ਤੁਹਾਨੂੰ ਅਕਾਸਮਿਕ ਢੰਗ ਨਾਲ ਰੋਕ ਸਕਦੀ ਹੈ। ਜੇ ਪੁਲਿਸ ਤੁਹਾਨੂੰ ਰੋਕਦੀ ਹੈ, ਤਾਂ ਤੁਹਾਨੂੰ ਉਹਨਾਂ ਨੂੰ ਆਪਣਾ ਲਾਇਸੰਸ, ਵਾਹਨ ਦੀ ਰਜਿਸਟਰੇਸ਼ਨ ਅਤੇ ਬੀਮੇ ਦਾ ਸਬੂਤ ਦੇਣਾ ਪਵੇਗਾ, ਜੇ ਉਹ ਪੁੱਛਦੇ ਹਨ। ਤੁਹਾਨੂੰ ਪੁਲਿਸ ਨੂੰ ਆਪਣਾ ਨਾਮ ਅਤੇ ਪਤਾ ਅਤੇ ਵਾਹਨ ਦੇ ਮਾਲਕ ਦਾ ਨਾਮ ਵੀ ਦੇਣਾ ਪਵੇਗਾ।

ਜੇ ਪੁਲਿਸ ਦਾ ਮੰਨਣਾ ਹੋਵੇ ਕਿ ਤੁਹਾਡੀ ਕਾਰ, ਜਾਂ ਉਹ ਕਾਰ ਜੋ ਤੁਸੀਂ ਚਲਾ ਰਹੇ ਹੋ, ਦੁਰਘਟਨਾ ਵਿੱਚ ਸ਼ਾਮਲ ਸੀ, ਜਾਂ ਕਿਸੇ ਕਾਨੂੰਨ ਦੀ ਉਲੰਘਣਾ ਵਿੱਚ ਸ਼ਾਮਲ ਸੀ, ਤਾਂ ਤੁਹਾਨੂੰ ਪੁਲਿਸ ਨੂੰ ਦੱਸਣਾ ਪਵੇਗਾ ਕਿ ਉਸ ਸਮੇਂ ਕਾਰ ਕੌਣ ਚਲਾ ਰਿਹਾ ਸੀ। ਜੇ ਪੁਲਿਸ ਨੂੰ ਸ਼ੱਕ ਹੋਵੇ ਕਿ ਤੁਸੀਂ ਸ਼ਰਾਬ ਪੀ ਕੇ ਗੱਡੀ ਚਲਾ ਰਹੇ ਹੋ, ਤਾਂ ਉਹ ਤੁਹਾਡੇ ਵਕੀਲ ਨਾਲ ਗੱਲ ਕਰਨ ਤੋਂ ਪਹਿਲਾਂ ਸੜਕ ਦੇ ਕਿਨਾਰੇ 'ਤੇ ਹੀ ਜਾਂਚ-ਪੜਤਾਲ ਕਰ ਸਕਦੇ ਹਨ। ਇਸ ਵਿੱਚ ਤੁਹਾਨੂੰ ਇਹ ਪੁੱਛਣਾ ਵੀ ਸ਼ਾਮਲ ਹੈ ਕਿ ਕੀ ਤੁਸੀਂ ਸ਼ਰਾਬ ਪੀਤੀ ਹੈ, ਸੁਚੇਤਤਾ ਦੇ ਟੈਸਟ ਕਰਨਾ, ਅਤੇ ਸੜਕ ਦੇ ਕਿਨਾਰੇ ਬਰੈਥਲਾਈਜ਼ਰ ਦੀ ਵਰਤੋਂ ਕਰਨਾ। ਇਹਨਾਂ ਲੋੜਾਂ ਤੋਂ ਇਲਾਵਾ, ਤੁਹਾਨੂੰ ਪੁਲਿਸ ਨੂੰ ਕੁਝ ਵੀ ਕਹਿਣ ਤੋਂ ਪਹਿਲਾਂ ਤੁਹਾਨੂੰ ਚੁੱਪ ਰਹਿਣ ਅਤੇ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਹੁੰਦਾ ਹੈ।

ਪਾਠ 4

# ਗਿਰ੍ਫ਼ਤਾਰੀ ਤੋਂ ਬਾਅਦ

ਗਿਰ੍ਫ਼ਤਾਰ ਕੀਤੇ ਜਾਣ ਤੋਂ ਬਾਅਦ, ਤੁਹਾਨੂੰ ਅਜੇ ਵੀ **ਚੁੱਪ ਰਹਿਣ** ਅਤੇ **ਕਿਸੇ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ** ਹੁੰਦਾ ਹੈ।

## ਪੁਲਿਸ ਵੱਲੋਂ ਪੁੱਛਗਿੱਛ ਕਰਨਾ

ਤੁਹਾਡੇ ਵੱਲੋਂ ਵਕੀਲ ਨਾਲ ਗੱਲ ਕਰਨ ਲਈ ਕਹਿਣ ਤੋਂ ਬਾਅਦ ਵੀ ਪੁਲਿਸ ਤੁਹਾਨੂੰ ਪੱਛਗਿੱਛ ਕਰਨਾ ਜਾਰੀ ਰੱਖ ਸਕਦੀ ਹੈ। ਤੁਸੀਂ ਇਹ ਦੁਹਰਾ ਸਕਦੇ ਹੋ: "ਮੈਂ ਚੁੱਪ ਰਹਿਣਾ ਚਾਹਾਂਗਾ/ਚਾਹਾਂਗੀ। ਮੈਂ ਕਿਸੇ ਵਕੀਲ ਨਾਲ ਗੱਲ ਕਰਨਾ ਚਾਹਾਂਗਾ/ਚਾਹਾਂਗੀ।" ਤੁਹਾਨੂੰ ਵਾਰ-ਵਾਰ ਆਪਣੇ ਚੁੱਪ ਰਹਿਣ ਦੇ ਅਧਿਕਾਰ ਦੀ ਵਰਤੋਂ ਕਰਨੀ ਪੈ ਸਕਦੀ ਹੈ। ਜੋ ਵੀ ਤੁਸੀਂ ਪੁਲਿਸ ਨੂੰ ਜਾਂ ਹੋਰ ਲੋਕਾਂ ਨੂੰ ਲਿਖਤੀ ਵਿੱਚ ਦਿੰਦੇ ਹੋ ਜਾਂ ਕਹਿੰਦੇ ਹੋ ਉਹ ਤੁਹਾਡੇ ਵਿਰੁੱਧ ਵਰਤਿਆ ਜਾ ਸਕਦਾ ਹੈ। ਤੁਸੀਂ ਕੁਝ ਵੀ ਪੁਲਿਸ ਨੂੰ "ਰਿਕਾਰਡ ਤੋਂ ਬਾਹਰ" ਨਹੀਂ ਕਹਿੰਦੇ ਹੋ।

ਪੁਲਿਸ ਤੁਹਾਡੇ ਤੋਂ ਜਾਣਕਾਰੀ ਲੈਣ ਲਈ ਇਹ ਵੱਖ-ਵੱਖ ਤਰੀਕਿਆਂ ਅਜਮਾ ਸਕਦੀ ਹੈ:

- **ਝੂਠ ਬੋਲਣਾ - ਪੁਲਿਸ ਅਫ਼ਸਰਾਂ ਨੂੰ ਤੁਹਾਡੇ ਤੋਂ ਸਵਾਲ ਪੁੱਛਣ ਵੇਲੇ ਝੂਠ ਬੋਲਣ ਦੀ ਇਜਾਜ਼ਤ ਹੁੰਦੀ ਹੈ** । ਉਹ ਪੁੱਛ ਸਕਦੇ ਹਨ: "ਤੁਹਾਡੇ ਦੋਸਤਾਂ ਨੇ ਸਾਨੂੰ ਪਹਿਲਾਂ ਹੀ ਸਭ ਕੁਝ ਦੱਸ ਦਿੱਤਾ ਹੈ," "ਸਾਡੇ ਕੋਲ ਸਬੂਤ ਹਨ," ਜਾਂ "ਅਸੀਂ ਪਹਿਲਾਂ ਹੀ ਜਾਣਦੇ ਹਾਂ ਕਿ ਅਸਲ ਵਿੱਚ ਕੀ ਹੋਇਆ ਸੀ," ਭਾਵੇਂ ਕਿ ਇਹਨਾਂ ਵਿੱਚੋਂ ਕੁਝ ਵੀ ਸੱਚ ਨਾ ਹੋਵੇ।
- **ਧਮਕੀਆਂ - ਪੁਲਿਸ ਨੂੰ ਕਿਸੇ ਵੀ ਢੰਗ ਨਾਲ ਤੁਹਾਨੂੰ ਧਮਕਾਉਣ ਦੀ ਇਜਾਜ਼ਤ <u>ਨਹੀ</u> ਹੁੰਦੀ ਹੈ।** ਉਹਨਾਂ ਨੂੰ ਤੁਹਾਨੂੰ ਇਹ ਦੱਸਣ ਦੀ ਇਜਾਜ਼ਤ ਨਹੀਂ ਹੁੰਦੀ ਹੈ ਕਿ ਜੇ ਤੁਸੀਂ ਸਹਿਯੋਗ ਨਹੀਂ ਕਰਦੇ ਹੋ ਤਾਂ ਤੁਹਾਨੂੰ ਹੋਰ ਦੋਸ਼ਾਂ ਜਾਂ ਹੋਰ ਗੰਭੀਰ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਜੇ ਤੁਹਾਡਾ ਕੋਈ ਵਕੀਲ ਹੈ, ਤਾਂ ਉਸਨੂੰ ਦੱਸੋ ਕਿ ਕੀ ਤੁਹਾਨੂੰ ਧਮਕਾਇਆ ਗਿਆ ਹੈ ਜਾਂ ਤੁਹਾਨੂੰ ਅਸੁਰੱਖਿਅਤ ਮਹਿਸੂਸ ਕਰਵਾਇਆ ਗਿਆ।

- **ਵਾਅਦੇ - ਪੁਲਿਸ ਨੂੰ ਤੁਹਾਡੇ ਤੋਂ ਇਕਬਾਲ ਕਰਵਾਉਣ ਲਈ ਤੁਹਾਡੇ ਨਾਲ ਕੋਈ ਵਾਅਦਾ ਕਰਨ ਦੀ ਇਜਾਜ਼ਤ ਨਹੀ ਹੁੰਦੀ ਹੈ।** ਸਿਰਫ਼ ਕਰਾਊਨ ਪਰੌਸੀਕਿਊਟਰ ਹੀ ਇਕਰਾਰਨਾਮਾ ਕਰ ਸਕਦਾ ਹੈ। ਕਿਸੇ ਵਕੀਲ ਨਾਲ ਗੱਲ ਕਰਨ ਤੋਂ ਪਹਿਲਾਂ ਪੁਲਿਸ ਨਾਲ ਕੋਈ ਇਕਰਾਰਨਾਮਾ ਜਾਂ "ਸੌਦਾ" ਨਾ ਕਰੋ।
- **ਝੂਠ ਫੜਨ ਵਾਲਾ ਟੈਸਟ - ਪੁਲਿਸ ਦੁਆਰਾ ਝੂਠ ਫੜਨ ਵਾਲਾ ਟੈਸਟ ਕਰਨ ਤੋਂ ਪਹਿਲਾਂ ਤੁਹਾਡੀ ਇਜਾਜ਼ਤ ਲੈਣੀ ਲਾਜ਼ਮੀ ਹੁੰਦੀ ਹੈ।** ਜੇ ਤੁਸੀ ਪਹਿਲਾਂ ਹੀ ਕਿਸੇ ਵਕੀਲ ਨਾਲ ਗੱਲ ਕਰ ਲਈ ਹੈ, ਅਤੇ ਪੁਲਿਸ ਤੁਹਾਨੂੰ ਝੂਠ ਫੜਨ ਵਾਲਾ ਟੈਸਟ ਕਰਵਾਉਣ ਲਈ ਕਹਿੰਦੀ ਹੈ, ਤਾਂ ਤੁਹਾਨੂੰ ਵਕੀਲ ਨਾਲ ਦੁਬਾਰਾ ਗੱਲ ਕਰਨ ਦਾ ਅਧਿਕਾਰ ਹੈ। ਪੁਲਿਸ ਤੁਹਾਨੂੰ ਕਦੇ ਵੀ ਇਸ ਲਈ ਨਹੀਂ ਛੱਡੇਗੀ ਕਿਉਂਕਿ ਤੁਸੀਂ ਝੂਠ ਫੜਨ ਵਾਲਾ ਟੈਸਟ ਪਾਸ ਕਰ ਲੈਂਦੇ ਹੋ। ਝੂਠ ਫੜਨ ਵਾਲੇ ਟੈਸਟ ਦੌਂਰਾਨ ਜੋ ਵੀ ਤੁਸੀਂ ਕਹਿੰਦੇ ਹੋ, ਉਸ ਨੂੰ ਅਦਾਲਤ ਵਿੱਚ ਸਬੂਤ ਵਜੋਂ ਵਰਤਿਆ ਜਾ ਸਕਦਾ ਹੈ, ਪਰ ਟੈਸਟ ਦੇ ਨਤੀਜਿਆਂ ਨੂੰ ਭਰੋਸੇਯੋਗ ਨਹੀ ਮੰਨਿਆ ਜਾ ਸਕਦਾ।

## ਲਿਖਤੀ ਬਿਆਨ

**ਯਾਦ ਰੱਖੋ:** ਜੋ ਵੀ ਤੁਸੀਂ ਪੁਲਿਸ ਨੂੰ ਜਾਂ ਹੋਰ ਲੋਕਾਂ ਨੂੰ ਲਿਖਤੀ ਵਿੱਚ ਦਿੰਦੇ ਹੋ ਜਾਂ ਕਹਿੰਦੇ ਹੋ ਉਹ ਤੁਹਾਡੇ ਵਿਰੁੱਧ ਵਰਤਿਆ ਜਾ ਸਕਦਾ ਹੈ। ਤੁਹਾਨੂੰ ਲਿਖਤੀ ਬਿਆਨ ਦੇਣ ਤੋਂ ਇਨਕਾਰ ਕਰਨ ਦਾ ਅਧਿਕਾਰ ਹੁੰਦੀਹੁੰਦਹੁੰਦਾ ਹੈ। ਜੇ ਤੁਸੀਂ ਕਿਸੇ ਵਕੀਲ ਨਾਲ ਗੱਲ ਕਰਨ ਤੋਂ ਪਹਿਲਾਂ ਬਿਆਨ ਲਿਖਣ ਦਾ ਫੈਸਲਾ ਕਰ ਲੈਂਦੇ ਹੋ, ਤਾਂ ਪੁਲਿਸ ਨੂੰ ਦੱਸੋ ਕਿ ਤੁਸੀ ਇਸ ਨੂੰ ਆਪ ਲਿਖਣਾ ਚਾਹੁੰਦੇ ਹੋ ਜਾਂ ਦਸਤਖ਼ਤ ਕਰਨ ਤੋਂ ਪਹਿਲਾਂ ਕਿਸੇ ਵੀ ਦਸਤਾਵੇਜ਼ ਨੂੰ ਧਿਆਨ ਨਾਲ ਪੜ੍ਹ ਲਓ। ਜੇ ਤੁਸੀਂ ਕੁਝ ਅਜਿਹਾ ਵੇਖਦੇ ਹੋ ਜੋ ਸਹੀ ਨਹੀਂ ਹੈ, ਤਾਂ ਇਸ 'ਤੇ ਦਸਤਖ਼ਤ ਨਾ ਕਰੋ ਅਤੇ ਇਸ ਨੂੰ ਬਦਲਣ ਲਈ ਕਹੋ। ਜੇ ਤੁਹਾਨੂੰ ਦਸਤਾਵੇਜ਼ ਵਿੱਚ ਕੁਝ ਸਮਝ ਨਾ ਆਵੇ, ਤਾਂ ਇਸ 'ਤੇ ਦਸਤਖ਼ਤ ਨਾ ਕਰੋ।

### ਦੋ-ਭਾਸ਼ੀਏ

ਕਿਸੇ ਦੋ-ਭਾਸ਼ੀਏ ਦੀ ਮੰਗ ਕਰੋ ਜੇ ਕੋਈ ਹੋਰ ਭਾਸ਼ਾ ਵਿੱਚ ਬੋਲਦੇ ਹੋ, ਇਸ ਨਾਲ ਤੁਹਾਨੂੰ ਇਹ ਸਮਝਣ ਵਿੱਚ ਸਹਾਇਤਾ ਮਿਲੇਗੀ ਕਿ ਪੁਲਿਸ ਕੀ ਕਹਿ ਰਹੀ ਹੈ। ਤੁਹਾਨੂੰ ਪੁਲਿਸ ਦੀ
ਪੁੱਛਗਿੱਛ ਲਈ ਦੋ-ਭਾਸ਼ੀਏ ਦਾ ਅਧਿਕਾਰ ਨਹੀਂ ਹੈ, ਪਰ ਜੇ ਤੁਸੀਂ ਮੰਗ ਕਰੋ ਤਾਂ ਉਹ ਕਿਸੇ ਨੂੰ ਲਿਆ ਸਕਦੇ ਹਨ।

**ਯਾਦ ਰੱਖੋ:** ਤੁਹਾਨੂੰ ਚੁੱਪ ਰਹਿਣ ਦਾ ਅਧਿਕਾਰ ਹੈ ਅਤੇ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਹੁੰਦਾ ਹੈ। ਜੇ ਪੁਲਿਸ ਦੋ-ਭਾਸ਼ੀਆ ਪਰ੍ਦਾਨ ਨਹੀਂ ਕਰਦੀ ਹੈ ਤਾਂ ਇਹਨਾਂ ਅਧਿਕਾਰਾਂ ਦੀ ਵਰਤੋਂ ਕਰੋ।

ਜੇ ਤੁਸੀਂ ਅਦਾਲਤ ਵਿੱਚ ਜਾਂਦੇ ਹੋ, ਤਾਂ ਤੁਹਾਨੂੰ ਦੋ-ਭਾਸ਼ੀਏ ਰੱਖਣ ਦਾ ਅਧਿਕਾਰ ਹੈ। ਲੋਅਰ ਮੇਨਲੈਂਡ ਵਿੱਚ, MOSAIC ਤੁਹਾਨੂੰ ਫ਼ੀਸ ਭਰਨ 'ਤੇ ਇਸ ਨੰਬਰ ਤੋਂ ਦੋ-ਭਾਸ਼ੀਆ ਪਰ੍ਦਾਨ ਕਰ ਸਕਦਾ ਹੈ: 604-254-8022 ਜਾਂ 1-877-475-6777.

## ਕਿਸੇ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ

ਜਦੋਂ ਤੁਸੀਂ ਕਾਨੂੰਨੀ ਪਰ੍ਣਾਲੀ ਵਿੱਚੋਂ ਗੁਜ਼ਰਦੇ ਹੋ ਤਾਂ ਵਕੀਲ ਤੁਹਾਡੀ ਸਹਾਇਤਾ ਕਰ ਸਕਦੇ ਹਨ ਅਤੇ ਇਹ ਯਕੀਨੀ ਬਣਾਉਣ ਵਿੱਚ ਸਹਾਇਤਾ ਕਰ ਸਕਦੇ ਹਨ ਕਿ ਤੁਹਾਡੇ ਅਧਿਕਾਰਾਂ ਦਾ ਸਨਮਾਨ ਕੀਤਾ ਜਾਂਦਾ ਹੈ। ਤੁਹਾਨੂੰ ਗਿਰ੍ਫ਼ਤਾਰ ਕੀਤੇ ਜਾਣ ਤੋਂ ਬਾਅਦ ਤੁਹਾਡੇ ਕੋਲ ਜਲਦੀ ਤੋਂ ਜਲਦੀ ਕਿਸੇ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਹੁੰਦਾ ਹੈ। ਜਿੰਨੀ ਵਾਰ ਤੁਹਾਨੂੰ ਵਕੀਲ ਨਾਲ ਗੱਲ ਕਰਨ ਦੀ ਲੋੜ ਹੁੰਦੀ ਹੈ, ਤੁਹਾਨੂੰ ਓਨੀ ਵਾਰ ਹੀ ਫ਼ੋਨ ਦੀ ਵਰਤੋਂ ਕਰਨ ਦਾ ਅਧਿਕਾਰ ਹੁੰਦਾ ਹੈ।

ਤੁਸੀਂ ਆਪਣੇ ਵਕੀਲ ਨੂੰ ਜੋ ਵੀ ਨਿੱਜੀ ਤੌਰ 'ਤੇ ਕਹਿੰਦੇ ਹੋ ਉਹ ਗੁਪਤ ਹੁੰਦਾ ਹੈ ਅਤੇ ਵਕੀਲ ਵੱਲੋਂ ਇਸ ਨੂੰ ਤੁਹਾਡੀ ਇਜਾਜ਼ਤ ਤੋਂ ਬਿਨਾਂ ਅਦਾਲਤ ਵਿੱਚ ਦੁਹਰਾਇਆ ਨਹੀਂ ਜਾ ਸਕਦਾ। ਭਾਵੇਂ, ਜੇ ਤੁਸੀਂ ਵਕੀਲ ਤੋਂ ਇਲਾਵਾ ਕਿਸੇ ਦੋਸਤ, ਪਰਿਵਾਰਕ ਮੈਂਬਰ, ਸਲਾਹਕਾਰ, ਧਾਰਮਿਕ ਆਗੂ, ਸੈੱਲ ਵਾਲ਼, ਪੁਲਿਸ ਅਫ਼ਸਰ, ਜਾਂ ਕਿਸੇ ਹੋਰ ਨੂੰ ਕੁਝ ਕਹਿੰਦੇ ਹੋ, ਤਾਂ ਉਹ ਜਾਣਕਾਰੀ ਤੁਹਾਡੇ ਵਿਰੁੱਧ ਵਰਤੀ ਜਾ ਸਕਦੀ ਹੈ।

ਕੁਝ ਵੀ ਜੋ ਜੇਲਹ੍ ਦੀ ਫ਼ੋਨ ਲਾਈਨ 'ਤੇ ਜਾਂ ਜੇਲ ਤੋਂ ਤੁਹਾਡੇ ਵੱਲੋਂ ਭੇਜੀ ਜਾਂ ਪਰ੍ਾਪਤ ਕੀਤੀ ਮੇਲ ਰਾਹੀਂ ਤੁਸੀਂ ਕਹਿੰਦੇ ਹੋ ਉਹ ਨਿੱਜੀ ਨਹੀਂ ਹੋ ਸਕਦਾ। ਜਦੋਂ ਤੁਸੀਂ ਜੇਲਹ੍ ਤੋਂ ਕਾਲ ਕਰ ਰਹੇ ਹੁੰਦੇ ਹੋ, ਤਾਂ ਪੁਲਿਸ ਵੀ ਸੁਣ ਰਹੀ ਹੋ ਸਕਦੀ ਹੈ। ਅਜਿਹਾ ਉਦੋਂ ਹੋ ਸਕਦਾ ਹੈ ਜਦੋਂ ਤੁਸੀਂ ਆਪਣੇ ਵਕੀਲ ਨਾਲ ਗੱਲ ਕਰ ਰਹੇ ਹੋਵੋਂ, ਭਾਵੇਂ ਉਹ ਕਾਲਾਂ ਨਿੱਜੀ ਹੋਣੀਆਂ ਚਾਹੀਦੀਆਂ ਹਨ।

## ਬਬਬਿਰ੍ਜ਼ਸ ਲਾਈਨ

ਸਾਰੇ ਸੂਬਿਆਂ ਅਤੇ ਰਾਜਕੀ ਇਕਾਈਆਂ ਵਿੱਚ ਉਹਨਾਂ ਲੋਕਾਂ ਲਈ ਇੱਕ ਫ਼ੋਨ ਲਾਈਨ ਹੁੰਦੀ ਹੈ ਜੋ ਇੱਕ ਸਰਗਰਮ ਪੁਲਿਸ ਜਾਂਚ ਲਈ ਗਿਰ੍ਫ਼ਤਾਰ ਕੀਤੇ ਗਏ ਹੁੰਦੇ ਹਨ, ਨਜ਼ਰਬੰਦ ਕੀਤੇ ਗਏ ਹੁੰਦੇ ਹਨ, ਜਾਂ ਹਿਰਾਸਤ ਵਿੱਚ ਹੁੰਦੇ ਹਨ, ਜਿਸ ਨੂੰ ਬਿਰ੍ਜ਼ਸ ਲਾਈਨ ਕਿਹਾ ਜਾਂਦਾ ਹੈ। BC ਵਿੱਚ, ਬਿਰ੍ਜ਼ਸ ਲਾਈਨ ਲੀਗਲ ਏਡ BC ਦੁਆਰਾ ਚਲਾਈ ਜਾਂਦੀ ਹੈ ਅਤੇ 24/7 ਉਪਲਬਧ ਹੁੰਦੀ ਹੈ: 1-866-458-5500.

## ਡਿਊਟੀ ਕਾਉਂਸਲ

ਜੇ ਤੁਹਾਨੂੰ ਕਿਸੇ ਵਕੀਲ ਨੂੰ ਕਾਲ ਕਰਨ ਦਾ ਮੌਕਾ ਮਿਲਣ ਤੋਂ ਪਹਿਲਾਂ ਅਦਾਲਤ ਵਿੱਚ ਜਾਣਾ ਪਵੇ, ਤਾਂ ਤੁਸੀਂ ਡਿਊਟੀ ਕਾਉਂਸਲ ਤੋਂ ਸਹਾਇਤਾ ਲੈ ਸਕਦੇ ਹੋ। ਡਿਊਟੀ ਕਾਉਂਸਲ ਇੱਕ ਵਕੀਲ ਹੀ ਹੁੰਦਾ ਹੈ ਜੋ ਕੋਰਟਹਾਊਸ ਵਿੱਚ ਉਹਨਾਂ ਲੋਕਾਂ ਦੀ ਸਹਾਇਤਾ ਕਰਨ ਲਈ ਕੰਮ ਕਰਦਾ ਹੈ ਜਿਨਹ੍ਾਂ ਕੋਲ ਕੋਈ ਆਪਣਾ ਵਕੀਲ ਨਹੀਂ ਹੁੰਦਾ ਹੈ। ਡਿਊਟੀ ਕਾਉਂਸਲ ਤੁਹਾਨੂੰ ਤੁਹਾਡੇ ਵਿਰੁੱਧ ਲੱਗੇ ਦੋਸ਼ਾਂ, ਅਦਾਲਤੀ ਪਰ੍ਕਿਰਿਆਵਾਂ ਅਤੇ ਤੁਹਾਡੇ ਕਾਨੂੰਨੀ ਅਧਿਕਾਰਾਂ ਬਾਰੇ ਜਾਣਕਾਰੀ ਪਰ੍ਦਾਨ ਕਰਨ ਸਕਦਾ ਹੈ। ਉਹ ਜੱਜ ਨੂੰ ਇਹ ਸਮਝਾਉਣ ਵਿੱਚ ਵੀ ਸਹਾਇਤਾ ਕਰ ਸਕਦੇ ਹਨ ਕਿ ਤੁਸੀਂ ਕੀ ਕਰਨਾ ਚਾਹੁੰਦੇ ਹੋ।

ਡਿਊਟੀ ਕਾਉਂਸਲ ਤੁਹਾਡੀ ਇਸ ਤਰਹ੍ਾਂ ਸਹਾਇਤਾ ਕਰ ਸਕਦਾ ਹੈ:

- ਵਕੀਲ ਜਾਂ ਕਾਨੂੰਨੀ ਸਹਾਇਤਾ ਲੱਭਣ ਲਈ ਲੋੜੀਂਦਾ ਪਤਾ ਅਤੇ ਨੰਬਰ ਪਰ੍ਾਪਤ ਕਰਨ ਵਿੱਚ;
- ਤੁਹਾਡੇ ਮੁਕੱਦਮੇ ਲਈ ਕੋਈ ਤਾਰੀਖ਼ ਨਿਰਧਾਰਤ ਕਰਨ ਵਿੱਚ;
- ਤੁਹਾਡੇ ਲਈ ਜ਼ਮਾਨਤ ਜਾਂ ਰਿਹਾਅ ਕਰਨ ਸੰਬੰਧੀ ਸ਼ਰਤਾਂ ਨਿਰਧਾਰਤ ਕਰਨ ਲਈ ਜੱਜ ਉਪਲਬਧ ਕਰਨ ਵਿੱਚ;
- ਦੋਸ਼ੀ ਦੀ ਅਪੀਲ ਕਰਨ ਅਤੇ ਜੱਜ ਨੂੰ ਇਹ ਦੱਸਣ ਵਿੱਚ ਕਿ ਤੁਸੀਂ ਘੱਟ ਸਖ਼ਤ ਸਜ਼ਾ ਦੇ ਹੱਕਦਾਰ ਕਿਉਂ ਹੋ; ਅਤੇ
- ਪਤਾ ਕਰੋ ਕਿ ਕੀ ਤੁਸੀਂ ਡਾਇਵਰਜ਼ਨ ਪਰੋ੍ਗਰਾਮ ਲਈ ਯੋਗ ਹੋ।

### ਡਾਇਵਰਜ਼ਨ ਪਰੋ੍ਗਰਾਮ

ਡਾਇਵਰਜ਼ਨ ਪਰੋ੍ਗਰਾਮ, ਜਾਂ ਵਿਕਲਪਕ ਉਪਾਅ, ਲੋਕਾਂ ਨੂੰ ਭਾਈਚਾਰਕ ਸੇਵਾ ਜਾਂ ਹੋਰ ਗਤੀਵਿਧੀਆਂ ਰਾਹੀਂ ਕਾਨੂੰਨ ਤੋੜਨ ਦੀ ਜ਼ਿੰਮੇਵਾਰੀ ਲੈਣ ਲਈ ਕਹਿੰਦੇ ਹਨ। ਤੁਸੀਂ ਕਿਸੇ ਡਾਇਵਰਜ਼ਨ ਪਰੋ੍ਗਰਾਮ ਲਈ ਇੱਕ ਚੰਗੇ ਉਮੀਦਵਾਰ ਹੋ ਸਕਦੇ ਹੋ ਜੇਕ ਤੁਹਾਡੇ ਕੋਲ ਇੱਕ ਘੱਟੋ-ਘੱਟ ਜੁਰਮ ਦਾ ਇਤਿਹਾਸ ਹੈ ਅਤੇ ਦੁਬਾਰਾ ਕਾਨੂੰਨ ਨੂੰ ਤੋੜਨ ਦੀ ਸੰਭਾਵਨਾ ਨਹੀਂ ਹੈ। ਜੇ ਤੁਹਾਡਾ ਕੇਸ ਪਲਟ ਦਿੱਤਾ ਜਾਂਦਾ ਹੈ, ਤਾਂ ਕਰਾਊਨ ਤੁਹਾਡੇ ਤੋਂ ਕੋਈ ਦੋਸ਼ ਨਹੀਂ ਲਾਵੇਗਾ। ਜੇ ਤੁਹਾਡੇ 'ਤੇ ਪਹਿਲਾਂ ਹੀ ਦੋਸ਼ ਲਗਾਇਆ ਗਿਆ ਹੈ, ਤਾਂ ਉਹ ਇਸ ਦੋਸ਼ 'ਤੇ ਮੁਕੱਦਮਾ ਚਲਾਉਣਾ ਲਈ ਪੈਰਵਾਈ ਨਹੀਂ ਕਰਨਗੇ। ਇੱਕ ਡਾਇਵਰਜ਼ਨ ਪਰੋ੍ਗਰਾਮ ਤੁਹਾਨੂੰ ਕਿਸੇ ਅਪਰਾਧ ਦੇ ਦੋਸ਼ ਅਤੇ ਸਜ਼ਾ ਤੋਂ ਬਚਣ ਦੀ ਇਜਾਜ਼ਤ ਦਿੰਦਾ ਹੈ ਜੇ ਤੁਸੀਂ ਇਸ ਨੂੰ ਸਫਲਤਾਪੂਰਵਕ ਪੂਰਾ ਕਰ ਲੈਂਦੇ ਹੋ। ਵੇਰਵਿਆਂ ਲਈ ਆਪਣੇ ਵਕੀਲ ਜਾਂ ਡਿਊਟੀ ਕਾਉਂਸਲ ਨੂੰ ਪੁੱਛੋ।

# ਕਾਨੂੰਨੀ ਸਹਾਇਤਾ

ਜੇ ਤੁਸੀਂ ਕੋਈ ਵਕੀਲ ਕਰਨ ਦੇ ਅਸਮਰੱਥ ਹੋ, ਤਾਂ ਤੁਸੀਂ ਕਾਨੂੰਨੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ। ਜੇ ਤੁਸੀਂ ਕਾਨੂੰਨੀ ਸਹਾਇਤਾ ਪ੍ਰਾਪਤ ਕਰਦੇ ਹੋ, ਤਾਂ ਸਰਕਾਰ ਤੁਹਾਡੇ ਲਈ ਵਕੀਲ ਦੀ ਪੂਰੀ ਜਾਂ ਅੰਸ਼ਕ ਕੀਮਤ ਨੂੰ ਕਵਰ ਕਰਦੀ ਹੈ। ਕਾਨੂੰਨੀ ਸਹਾਇਤਾ ਲਈ ਯੋਗ ਕੌਣ ਹੁੰਦਾ ਹੈ, ਇਹ ਨਿਯਮ ਹਰੇਕ ਸੂਬੇ ਅਤੇ ਰਾਜਕੀ ਇਕਾਈ ਵਿੱਚ ਵੱਖ-ਵੱਖ ਹੁੰਦੇ ਹਨ।

BC ਵਿੱਚ, ਕਾਨੂੰਨੀ ਸਹਾਇਤਾ ਲਈ ਅਰਜ਼ੀ ਦੇਣ ਲਈ, ਤੁਹਾਨੂੰ ਆਪਣੇ ਖੇਤਰ ਵਿੱਚ ਲੀਗਲ ਏਡ BC ਦਫ਼ਤਰ ਨੂੰ ਕਾਲ ਕਰਨ ਦੀ ਲੋੜ ਹੁੰਦੀ ਹੈ। ਜੇ ਤੁਸੀਂ ਜੇਲ੍ਹ ਵਿੱਚ ਹੋ, ਤਾਂ ਲੀਗਲ ਏਡ BC ਦਫ਼ਤਰ ਨੂੰ ਕਾਲ ਕਰੋ ਅਤੇ ਫ਼ੋਨ ਰਿਕਾਰਡਿੰਗ 'ਤੇ ਜੇਲ੍ਹ ਵਿੱਚ ਬੰਦ ਲੋਕਾਂ ਲਈ ਵਿਕਲਪ ਨੂੰ ਚੁਣੋ। ਜੇ ਤੁਸੀਂ ਅਰਜ਼ੀ ਦੇਣ ਤੋਂ ਪਹਿਲਾਂ ਅਦਾਲਤ ਵਿੱਚ ਜਾਂਦੇ ਹੋ, ਤਾਂ ਡਿਊਟੀ ਕਾਉਂਸਲ ਜਾਂ ਜੱਜ ਨੂੰ ਦੱਸੋ ਕਿ ਤੁਸੀਂ ਕਾਨੂੰਨੀ ਸਹਾਇਤਾ ਲਈ ਅਰਜ਼ੀ ਦੇਣਾ ਚਾਹੁੰਦੇ ਹੋ।

ਹਰ ਕਿਸੇ ਨੂੰ ਕਾਨੂੰਨੀ ਸਹਾਇਤਾ (ਲੀਗਲ ਏਡ) ਨਹੀਂ ਮਿਲਦੀ। ਇਸ ਲਈ ਯੋਗ ਹੋਣ ਲਈ, ਤੁਹਾਡੇ ਕੋਲ ਇਹ ਕਾਰਨ ਹੋਣੇ ਲਾਜ਼ਮੀ ਹਨ:

1. ਕੋਈ ਸਮੱਸਿਆ ਜੋ ਕਾਨੂੰਨੀ ਸਹਾਇਤਾ ਦੁਆਰਾ ਕਵਰ ਕੀਤੀ ਜਾਂਦੀ ਹੋਵੇ;
2. ਬਹੁਤ ਘੱਟ ਆਮਦਨ; ਅਤੇ
3. ਸਹਾਇਤਾ ਲੈਣ ਦਾ ਕੋਈ ਹੋਰ ਤਰੀਕਾ ਨਾ ਹੋਵੇ।

ਲੀਗਲ ਏਡ BC ਦੁਆਰਾ ਕਵਰ ਕੀਤੀਆਂ ਗਈਆਂ ਸਮੱਸਿਆਵਾਂ ਵਿੱਚ ਇਹ ਸ਼ਾਮਲ ਹਨ: ਕੁਝ ਅਪਰਾਧਿਕ ਦੋਸ਼ ਜਿੱਥੇ ਤੁਹਾਡੇ ਜੇਲ੍ਹ ਜਾਣ ਦੀ ਮਜ਼ਬੂਤ ਸੰਭਾਵਨਾ ਹੋਵੇ, ਮਾਨਸਿਕ ਸਿਹਤ ਅਤੇ ਜੇਲ੍ਹ ਸੰਬੰਧੀ ਸਮੱਸਿਆਵਾਂ, ਕੁਝ ਗੰਭੀਰ ਪਰਿਵਾਰਕ ਕਾਨੂੰਨੀ ਸਮੱਸਿਆਵਾਂ, ਦੇਸ਼ ਰਿਹਾਅ ਕਰਨ ਦੇ ਹੁਕਮ, ਅਤੇ ਕੁਝ ਹੋਰ ਸਮੱਸਿਆਵਾਂ। ਲੀਗਲ ਏਡ BC ਤੁਹਾਨੂੰ ਦੱਸ ਸਕਦਾ ਹੈ ਕਿ ਕੀ ਤੁਹਾਡੀ ਸਮੱਸਿਆ ਕਵਰ ਕੀਤੀ ਜਾਂਦੀ ਹੈ ਜਾਂ ਨਹੀਂ। ਜੇ ਤੁਸੀਂ ਕਾਨੂੰਨੀ ਸਹਾਇਤਾ ਲਈ ਅਰਜ਼ੀ ਦਿੰਦੇ ਹੋ ਅਤੇ ਤੁਹਾਨੂੰ ਕਿਹਾ ਜਾਵੇਗਾ ਕਿ ਤੁਸੀਂ ਯੋਗ ਨਹੀਂ ਹੋ, ਤਾਂ ਤੁਸੀਂ ਫੈਸਲੇ ਵਿਰੁੱਧ ਅਪੀਲ ਕਰਨ ਦੇ ਯੋਗ ਹੋ ਸਕਦੇ ਹੋ। ਲੀਗਲ ਏਡ BC ਦਫ਼ਤਰ ਤੋਂ ਅਪੀਲ ਫਾਰਮ ਦੀ ਮੰਗ ਕਰੋ।

## ਕਾਨੂੰਨੀ ਸਹਾਇਤਾ BC

ਕਾਨੂੰਨੀ ਸਹਾਇਤਾ BC ਦਾ ਫ਼ੋਨ ਨੰਬਰ 604-408-2172 (ਗਰੇ੍ਟਰ ਵੈਨਕੂਵਰ) ਜਾਂ 1-866-577-2525 (BC ਵਿੱਚ ਕਿਤੇ ਵੀ) ਹੈ। ਜ਼ਿਆਦਾ ਜਾਣਕਾਰੀ ਲਈ legalaid.bc.ca 'ਤੇ ਜਾਓ।

## ਰੋਬੋਥਮ ਐਪਲੀਕੇਸ਼ਨ

ਜੇ ਤੁਸੀਂ ਕਾਨੂੰਨੀ ਸਹਾਇਤਾ ਪਰ੍ਾਪਤ ਨਹੀਂ ਕਰ ਸਕਦੇ ਹੋ, ਅਤੇ ਤੁਸੀਂ ਜੱਜ ਨੂੰ ਯਕੀਨ ਦਿਵਾ ਦਿੰਦੇ ਹੋ ਕਿ ਤੁਸੀਂ ਕੋਈ ਵਕੀਲ ਅਸਮਰੱਥ ਹੋ ਅਤੇ ਵਕੀਲ ਦੇ ਬਿਨਾਂ ਨਿਰਪੱਖ ਮੁਕੱਦਮਾ ਨਹੀਂ ਲੜ ਸਕਦੇ, ਤਾ ਤੁਹਾਨੂੰ ਜੱਜ ਕੋਈ ਵਕੀਲ ਨਿਯੁਕਤ ਕਰਵਾ ਸਕਦਾ ਹੈ। ਜੱਜ ਇਸ ਬਾਰੇ ਸੋਚੇਗਾ ਕਿ ਤੁਹਾਡਾ ਕੇਸ ਕਿੰਨਾ ਕੁ ਔਖਾ ਹੈ ਅਤੇ ਕੀ ਦੋਸ਼ੀ ਹੋਣ 'ਤੇ ਤੁਹਾਨੂੰ ਜੇਲਹ੍ ਜਾਣ ਦੀ ਸੰਭਾਵਨਾ ਬਣਦੀ ਹੈ। ਹੋਰ ਜਾਣਕਾਰੀ ਲਈ, ਇੱਥੇ ਦੇਖੋ: https://legalaid.bc.ca/publications/pub/if-you-cant-get-legal-aid-your-criminal-trial.

### ਆਦਿਵਾਸੀ ਲੋਕਾਂ ਲਈ ਕਾਨੂੰਨੀ ਸੇਵਾਵਾਂ

ਜ਼ਿਆਦਾਤਰ ਸੂਬਿਆਂ ਵਿੱਚ, ਆਦਿਵਾਸੀ ਲੋਕਾਂ ਦੀ ਬਸਤੀਵਾਦੀ ਕਾਨੂੰਨੀ ਸਿਸਟਮ ਵਿੱਚੋਂ ਲੰਘਣ ਵਿੱਚ ਸਹਾਇਤਾ ਕਰਨ ਲਈ ਸੇਵਾਵਾਂ। ਤੁਸੀਂ ਆਪਣੇ ਸੂਬੇ ਵਿੱਚ ਕਾਨੂੰਨੀ ਸਹਾਇਤਾ ਪਰ੍ਦਾਤਾ ਤੋਂ ਰੈਫ਼ਰਲ ਜਾਂ ਹੋਰ ਜਾਣਕਾਰੀ ਦੀ ਮੰਗ ਕਰ ਸਕਦੇ ਹੋ।

BC ਵਿੱਚ ਫਸਟ ਨੇਸ਼ਨਜ਼ ਅਤੇ ਇੰਡੀਜੀਨਸ ਕੋਰਟ ਸੇਵਾਵਾਂ ਵੀ ਹਨ, ਜੋ ਆਦਿਵਾਸੀ ਲੋਕਾਂ ਲਈ ਜ਼ਮਾਨਤ ਅਤੇ ਸਜ਼ਾ ਸੰਬੰਧੀ ਮਸਲਿਆਂ ਨਾਲ ਨਜਿੱਠ ਸਕਦੀਆਂ ਹਨ। ਤੁਸੀਂ ਡਿਊਟੀ ਕਾਉਂਸਲ ਜਾਂ ਆਪਣੇ ਵਕੀਲ ਨਾਲ ਇਸ ਸੰਬੰਧੀ ਗੱਲ ਕਰ ਸਕਦੇ ਹੋ ਕਿ ਕੀ ਤੁਹਾਡਾ ਕੇਸ ਇਹਨਾਂ ਅਦਾਲਤਾਂ ਵਿੱਚੋਂ ਕਿਸੇ ਇੱਕ ਵਿੱਚ ਭੇਜਿਆ ਜਾ ਸਕਦਾ ਹੈ।

## ਰਿਹਾਅ ਕਰਨਾ ਜਾਂ ਨਜ਼ਰਬੰਦ ਕਰਨਾ

ਤੁਹਾਨੂੰ ਗਿਰਫ਼ਤਾਰ ਕੀਤੇ ਜਾਣ ਤੋਂ ਬਾਅਦ, ਪੁਲਿਸ ਤੁਹਾਨੂੰ ਰਿਹਾਅ ਕਰਨ ਜਾਂ ਜੇਲਹ੍ ਵਿੱਚ ਰੱਖਣ ਦਾ ਫੈਸਲਾ ਕਰੇਗੀ। ਪੁਲਿਸ ਆਮ ਤੌਰ 'ਤੇ ਤੁਹਾਨੂੰ 24 ਘੰਟਿਆਂ ਤੱਕ ਹੀ ਰੋਕ ਸਕਦੀ ਹੈ, ਇਸ ਤੋਂ ਪਹਿਲਾਂ ਉਹਨਾਂ ਨੂੰ ਤੁਹਾਡੀ ਜ਼ਮਾਨਤ ਦੀ ਸੁਣਵਾਈ ਲਈ ਤੁਹਾਨੂੰ ਜੱਜ ਦੇ ਸਾਹਮਣੇ ਲਿਆਉਣਾ ਪਵੇਗਾ, ਦੁਰਲੱਭ ਹਾਲਾਤਾਂ ਨੂੰ ਛੱਡ ਕੇ।

### ਪੁਲਿਸ ਦੁਆਰਾ ਰਿਹਾਅ ਕਰਨਾ

ਪੁਲਿਸ ਤੁਹਾਨੂੰ ਗਿਰਫ਼ਤਾਰ ਕੀਤੇ ਜਾਣ ਤੋਂ ਬਾਅਦ ਕਿਸੇ ਵੀ ਸਮੇਂ ਰਿਹਾਅ ਕਰ ਸਕਦੀ ਹੈ। ਪੁਲਿਸ ਤੁਹਾਨੂੰ ਬਿਨਾਂ ਕਿਸੇ ਦੋਸ਼ ਦੇ ਰਿਹਾਅ ਕਰ ਸਕਦੀ ਹੈ। ਪਰ ਜੇ ਉਹਨਾਂ ਨੂੰ ਬਾਅਦ ਵਿੱਚ ਹੋਰ ਸਬੂਤ ਮਿਲ ਜਾਂਦੇ ਹਨ, ਤਾਂ ਪੁਲਿਸ ਤੁਹਾਨੂੰ ਮੁੜ-ਗਿਰਫ਼ਤਾਰ ਕਰ ਸਕਦੀ ਹੈ ਜਾਂ ਤੁਹਾਨੂੰ ਸੁਣਵਾਈ ਲਈ ਇੱਕ ਨਿਸ਼ਚਿਤ ਦਿਨ ਅਦਾਲਤ ਵਿੱਚ ਆਉਣ ਦਾ ਹੁਕਮ ਦੇਣ ਲਈ ਇੱਕ ਸੰਮਨ ਵੀ ਭੇਜ ਸਕਦੀ ਹੈ।

ਪੁਲਿਸ ਤੁਹਾਨੂੰ ਇੱਕ ਅਦਾਲਤ ਵਿੱਚ ਪੇਸ਼ ਹੋਣ ਦਾ ਨੋਟਿਸ ਦੇ ਸਕਦੀ ਹੈ, ਜਿਸ ਵਿੱਚ ਉਹ ਤਾਹਨੂੰ ਨਿਸ਼ਚਿਤ ਸਮੇਂ 'ਤੇ ਅਦਾਲਤ ਵਿੱਚ ਹਾਜ਼ਿਰ ਹੋਣ ਅਤੇ ਸੰਭਵ ਤੌਰ 'ਤੇ ਉਂਗਲਾਂ ਦੇ ਨਿਸ਼ਾਨ ਲੈਣ ਲਈ ਪੁਲਿਸ ਸਟੇਸ਼ਨ ਜਾਣ ਲਈ ਕਹਿ ਸਕਦੀ ਹੈ।

ਇੱਕ ਪੇਸ਼ ਹੋਣ ਦਾ ਵਾਅਦਾ ਵੀ ਸਮਾਨ ਹੀ ਹੁੰਦਾ ਹੈ ਪਰ ਇਸ ਵਿੱਚ ਵਾਧੂ ਨਿਯਮ ਸ਼ਾਮਲ ਹੋ ਸਕਦੇ ਹਨ ਜਿਹਨਾਂ ਦਾ ਤੁਹਾਨੂੰ ਆਪਣੀ ਅਦਾਲਤ ਦੀ ਤਾਰੀਖ਼ ਤੱਕ ਪਾਲਣ ਕਰਨਾ ਪੈਂਦਾ ਹੈ। ਜੇ ਤੁਸੀਂ ਸੋਚਦੇ ਹੋ ਕਿ ਨਿਯਮ ਬਹੁਤ ਜ਼ਿਆਦਾ ਪਾਬੰਧੀਆਂ ਵਾਲੇ ਹਨ, ਤਾਂ ਜਦੋਂ ਤੁਸੀਂ ਅਦਾਲਤ ਵਿੱਚ ਹਾਜ਼ਰ ਹੋਵੋਂ ਤਾਂ ਆਪਣੇ ਵਕੀਲ ਜਾਂ ਡਿਊਟੀ ਕਾਉਂਸਲ ਨਾਲ ਗੱਲ ਕਰੋ। ਉਹ ਤੁਹਾਨੂੰ ਰਿਹਾਅ ਕਰਨ ਲਈ ਜੱਜ ਤੋਂ ਵਾਜਬ ਸ਼ਰਤਾਂ ਪੁੱਛਣ ਵਿੱਚ ਤੁਹਾਡੀ ਸਹਾਇਤਾ ਕਰ ਸਕਦੇ ਹਨ।

ਆਪਣੇ ਸੰਮਨ, ਪੇਸ਼ ਹੋਣ ਦਾ ਨੋਟਿਸ, ਜਾਂ ਪੇਸ਼ ਹੋਣ ਦਾ ਵਾਅਦਾ ਨੂੰ ਪੜਹ੍ੋ ਅਤੇ ਸੂਚੀਬੱਧ ਤਾਰੀਖ਼(ਖ਼ਾਂ) ਅਤੇ ਸਮਿਆਂ 'ਤੇ ਹਾਜ਼ਿਰ ਹੋਵੋ। ਜੇ ਤੁਸੀਂ ਆਪਣੀ ਅਦਾਲਤ ਦੀ ਤਾਰੀਖ਼ ਜਾਂ ਫਿੰਗਰਪਿਰੰਟਿੰਗ ਲਈ ਹਾਜ਼ਰ ਨਹੀਂ ਹੁੰਦੇ ਹੋ, ਤਾਂ ਤੁਹਾਨੂੰ ਗਿਰਫ਼ਤਾਰ ਕੀਤਾ ਜਾ ਸਕਦਾ ਹੈ ਅਤੇ ਤੁਹਾਡੇ ਮੁਕੱਦਮੇ ਦੀ ਮਿਆਦ ਤੱਕ ਜੇਲਹ੍ ਵਿੱਚ ਰੱਖਿਆ ਜਾ ਸਕਦਾ ਹੈ। ਇਸਨੂੰ ਤੁਹਾਡੇ ਵਿਰੁੱਧ ਇੱਕ ਹੋਰ ਦੋਸ਼ ਵਜੋਂ ਵੀ ਗਿਣਿਆ ਜਾ ਸਕਦਾ ਹੈ।

## ਨਜ਼ਰਬੰਦ ਕਰਨਾ ਅਤੇ ਨਿੱਜੀ ਤਲਾਸ਼ੀ

ਪੁਲਿਸ ਤੁਹਾਨੂੰ ਹੋਲਡਿੰਗ ਸੈੱਲਾਂ, ਕੋਰਟਹਾਊਸ ਜੇਲਹ੍ ਸੈੱਲਾਂ, ਜਾਂ ਰਿਮਾਂਡ ਸੈਂਟਰ (ਮੁਕੱਦਮੇ ਦੀ ਉਡੀਕ ਦੌਰਾਨ ਲੰਬੀ-ਮਿਆਦ ਦੀ ਜੇਲਹ੍) ਵਿੱਚ ਹਿਰਾਸਤ ਵਿੱਚ ਰੱਖ ਸਕਦੀ ਹੈ।

ਪੁਲਿਸ ਜਾਂ ਜੇਲਹ੍ ਅਫ਼ਸਰ ਤੁਹਾਨੂੰ ਕਿਸੇ ਸੈੱਲ ਵਿੱਚ ਰੱਖਣ ਤੋਂ ਪਹਿਲਾਂ, ਤੁਹਾਡੀਆਂ ਸਾਰੀਆਂ ਚੀਜ਼ਾਂ ਲੈ ਲੈਣਗੇ। ਉਹਨਾਂ ਦੁਆਰਾ ਲਈਆਂ ਗਈਆਂ ਸਾਰੀਆਂ ਚੀਜ਼ਾਂ ਦੀ

ਸੂਚੀ 'ਤੇ ਤੁਹਾਨੂੰ ਦਸਤਖ਼ਤ ਕਰਨ ਲਈ ਕਿਹਾ ਜਾਵੇਗਾ। ਯਕੀਨੀ ਬਣਾਓ ਕਿ ਸੂਚੀ ਸਹੀ ਹੋਵੇ। ਜੇ ਇਹ ਸਹੀ ਨਹੀਂ ਹੈ, ਤਾਂ ਇਸ 'ਤੇ ਦਸਤਖ਼ਤ ਨਾ ਕਰੋ। ਜੇ ਤੁਸੀਂ ਅਧਿਆਤਮਿਕ, ਧਾਰਮਿਕ, ਜਾਂ ਸੱਭਿਆਚਾਰਕ ਪਹਿਰਾਵਾ ਜਾਂ ਵਸਤੂਆਂ ਪਹਿਨਦੇ ਜਾਂ ਰੱਖਦੇ ਹੋ, ਤਾਂ ਉਹਨਾਂ ਨੂੰ ਲੈਣ ਵਾਲੇ ਪੁਲਿਸ ਜਾਂ ਜੇਲਹ੍ ਅਫ਼ਸਰ ਨੂੰ ਇਸ ਬਾਰੇ ਦੱਸੋ। ਜਦੋਂ ਤੁਸੀਂ ਹਿਰਾਸਤ ਵਿੱਚ ਹੋਵੋਂ ਤਾਂ ਤੁਸੀਂ ਦੱਸ ਸਕਦੇ ਹੋ ਕਿ ਉਹਨਾਂ ਨੂੰ ਕਿਵੇਂ ਸੰਭਾਲਿਆ ਅਤੇ ਸਟੋਰ ਕੀਤਾ ਜਾਣਾ ਚਾਹੀਦਾ ਹੈ।

ਜੇ ਤੁਹਾਨੂੰ ਪੁਲਿਸ ਦੇ ਹੋਲਡਿੰਗ ਸੈੱਲਾਂ ਵਿੱਚ ਰੱਖਿਆ ਗਿਆ ਹੈ, ਤਾਂ ਪੁਲਿਸ ਤੁਹਾਡੀ ਕੱਪੜਿਆਂ ਦੇ ਅੰਦਰ ਤਲਾਸ਼ੀ ਤਾਂ ਹੀ ਲੈ ਸਕਦੀ ਹੈ ਜੇ ਉਹਨਾਂ ਕੋਲ ਕੋਈ ਖਾਸ ਕਾਰਨ ਹੋਵੇ। ਜੇ ਤੁਹਾਨੂੰ ਕਿਸੇ ਰਿਮਾਂਡ ਸੈਂਟਰ ਵਿੱਚ ਲਿਜਾਇਆ ਜਾਂਦਾ ਹੈ, ਤਾਂ ਤੁਹਾਡੇ ਪਹੁੰਚਣ 'ਤੇ ਤੁਹਾਡੇ ਕੱਪੜਿਆਂ ਦੇ ਅੰਦਰ ਦੀ ਤਲਾਸ਼ੀ ਲਈ ਜਾਵੇਗੀ। ਤੁਹਾਨੂੰ ਐਕਸ-ਰੇ ਬਾਡੀ ਸਕੈਨਰ ਰਾਹੀਂ ਵੀ ਗੁਜ਼ਰਨਾ ਪੈ ਸਕਦਾ ਹੈ। ਤੁਹਾਡੀ ਸੁਰੱਖਿਆ ਸਮੇਤ, ਤਲਾਸ਼ੀਆਂ ਦੇ ਨਿਯਮਾਂ ਬਾਰੇ ਹੋਰ ਜਾਣਨ ਲਈ। (ਦੇਖੋ ਪਾਠ 5: ਤਲਾਸ਼ੀ ਅਤੇ ਜ਼ਬਤੀ।)

## ਹਿਰਾਸਤ ਦੌਰਾਨ ਮੈਡੀਕਲ ਲੋੜਾਂ

ਜੇ ਹਿਰਾਸਤ ਵਿਚ ਹੋਣ ਦੌਰਾਨ ਤੁਹਾਨੂੰ ਕੋਈ ਜ਼ਰੂਰੀ ਮੈਡੀਕਲ ਸਮੱਸਿਆ ਹੈ, ਤਾਂ ਪੁਲਿਸ ਨੂੰ ਦੱਸੋ। ਪੁਲਿਸ ਨੂੰ ਤੁਹਾਨੂੰ ਮੈਡੀਕਲ ਦੇਖਭਾਲ ਤੱਕ ਪਹੁੰਚ ਪਰ੍ਦਾਨ ਕਰਨੀ ਚਾਹੀਦੀ ਹੈ। ਉਦਾਹਰਣ ਲਈ, ਜੇ ਤੁਹਾਨੂੰ ਅਜਿਹੀ ਦਵਾਈ ਦੀ ਲੋੜ ਹੈ ਜੋ ਤੁਹਾਡੇ ਕੋਲ ਗਿਰ੍ਫ਼ਤਾਰ ਹੋਣ ਸਮੇਂ ਨਹੀਂ ਸੀ, ਤਾਂ ਪੁਲਿਸ ਨੂੰ ਉਹ ਦਵਾਈ ਉਪਲਬਧ ਕਰਨ ਵਿੱਚ ਤੁਹਾਡੀ ਸਹਾਇਤਾ ਕਰਨੀ ਚਾਹੀਦੀ ਹੈ। ਜੇ ਉਹ ਇਨਕਾਰ ਕਰ ਦਿੰਦੇ ਹਨ, ਤਾਂ ਤੁਸੀਂ ਪੁਲਿਸ ਦੀ ਸ਼ਿਕਾਇਤ ਕਰ ਸਕਦੇ ਹੋ।

ਜੇ ਤੁਹਾਡੀਆਂ ਮੈਡੀਕਲ ਲੋੜਾਂ ਕਿਸੇ ਬਿਮਾਰੀ, ਅਪਾਹਜਤਾ, ਤੁਹਾਡੀ ਲਿੰਗ ਪਛਾਣ, ਜਾਂ ਵਿਤਕਰੇ ਦੇ ਕਿਸੇ ਹੋਰ ਵਰਜਿਤ ਆਧਾਰ ਨਾਲ ਸਬੰਧਤ ਹਨ, ਤਾਂ ਤੁਸੀਂ ਮਨੁੱਖੀ ਅਧਿਕਾਰਾਂ ਸੰਬੰਧੀ ਸ਼ਿਕਾਇਤ ਕਰਨ ਦਾ ਵਿਚਾਰ ਕਰ ਸਕਦੇ ਹੋ।

### ਜੇਲਹ੍ਹਾਊਸ ਦੇ ਮੁਖਬਰ ਅਤੇ ਕੈਦੀਆਂ ਦੇ ਰੂਪ ਵਿੱਚ ਖੁਫੀਆ ਪੁਲਿਸ

ਜਾਣਕਾਰੀ ਲੈਣ ਲਈ ਪੁਲਿਸ ਤੁਹਾਡੇ ਨਾਲ ਹਿਰਾਸਤ ਵਿਚਲਾ ਹੀ ਇੱਕ ਵਿਅਕਤੀ ਹੋਣ ਦਾ ਦਿਖਾਵਾ ਕਰ ਸਕਦੀ ਹੈ। ਉਹ ਤੁਹਾਡੇ ਸੈੱਲਮੇਟ ਜਾਂ ਕਿਸੇ ਹੋਰ ਕੈਦੀ ਨੂੰ ਮੁਕੱਦਮੇ ਵਿੱਚ ਗਵਾਹੀ ਦੇਣ ਲਈ ਮਜਬੂਰ ਕਰ ਸਕਦੇ ਹਨ। ਆਪਣੇ ਦੋਸ਼ਾਂ ਬਾਰੇ ਜੇਲਹ੍ ਵਿੱਚ ਲੋਕਾਂ ਨਾਲ ਗੱਲ ਨਾ ਕਰੋ ਭਾਵੇਂ ਤੁਸੀਂ ਦੋਸ਼ੀ ਹੋ ਜਾਂ ਨਿਰਦੋਸ਼ ਹੋ।

## ਟਰਾਂਸਜੈਂਡਰਾਂ ਦੇ ਅਧਿਕਾਰ

ਪੁਲਿਸ ਦੇ ਹੋਲਡਿੰਗ ਸੈੱਲ, ਕੋਰਟਹਾਊਸ ਜੇਲਹ੍ ਸੈੱਲ, ਅਤੇ ਰਿਮਾਂਡ ਸੈਂਟਰ ਲਿੰਗ ਅਨੁਸਾਰ ਵੰਡੇ ਹੁੰਦੇ ਹਨ। ਇੱਕ ਟਰਾਂਸਜੈਂਡਰ ਵਿਅਕਤੀ ਵਜੋਂ, ਤੁਹਾਨੂੰ ਪੁਲਿਸ ਜਾਂ ਜੇਲਹ੍ ਸਟਾਫ ਨੂੰ ਆਪਣੇ ਲਿੰਗ ਦੀ ਸਵੈ-ਪਛਾਣ ਕਰਵਾਉਣ ਦਾ ਅਧਿਕਾਰ ਹੁੰਦਾ ਹੈ।

ਪੁਲਿਸ ਜਾਂ ਜੇਲਹ੍ ਸਟਾਫ਼ ਨੂੰ ਤੁਹਾਨੂੰ ਜਾਂ ਤਾਂ ਤੁਹਾਨੂੰ ਤੁਹਾਡੇ ਲਿੰਗ ਦੇ ਅਨੁਸਾਰ ਜਾਂ ਜਿੱਥੇ ਤੁਸੀਂ ਕਿਹਾ ਹੈ ਕਿ ਤੁਸੀਂ ਰਹਿਣਾ ਪੰਸਦ ਕਰਦੇ ਹੋ ਰੱਖਣਾ ਪਵੇਗਾ, ਜਦੋਂ ਤੱਕ ਨਾ ਹੱਲ ਹੋਣ ਸਕਣ ਵਾਲੀਆਂ ਸਿਹਤ ਜਾਂ ਸੁਰੱਖਿਆ ਸੰਬੰਧੀ ਚਿੰਤਾਵਾਂ ਨਾ ਹੋਣ। ਜੇ ਤੁਹਾਨੂੰ ਤੁਹਾਡੇ ਜਨਮ ਦੁਆਰਾ ਨਿਰਧਾਰਤ ਲਿੰਗ ਦੇ ਅਨੁਸਾਰ ਰੱਖਿਆ ਜਾਂਦਾ ਹੈ, ਤਾਂ ਸਹੂਲਤ ਨੂੰਨੂੰ ਤੁਹਾਨੂੰ ਇੱਕ ਨਿੱਜੀ ਸੈੱਲ ਵਿੱਚ ਰੱਖਣਾ ਪਵੇਗਾ।

ਪੈਟ-ਡਾਊਨ, ਕੱਪੜਿਆਂ ਦੇ ਅੰਦਰ ਦੀ, ਜਾਂ ਸਰੀਰਕ ਸੁਰਖਾਂ ਦੀਆਂ ਤਲਾਸ਼ੀਆਂ ਸਮੇਂ ਤੁਹਾਡੇ ਕੋਲ ਖਾਸ ਸੁਰੱਖਿਆ ਵੀ ਹੁੰਦੀ ਹੈ। (ਦੇਖੋ ਪਾਠ 5: ਤਲਾਸ਼ੀ ਅਤੇ ਜ਼ਬਤੀ ਬਾਰੇ ਹੋਰ ਜਾਣਕਾਰੀ ਲਈ।)

ਵਧੇਰੇ ਜਾਣਕਾਰੀ ਲਈ, ਟਰਾਂਸਜੈਂਡਰਾਂ ਦੇ ਅਧਿਕਾਰਾਂ ਸੰਬੰਧੀ BC ਦੀ ਵੈੱਬਸਾਈਟ 'ਤੇ ਜਾਓ: www.transrightsbc.ca/know-your-rights/police-prison-system.

## ਪਛਾਣ ਸੰਬਧੀ ਪਰ੍ਕਿਰਿਆਵਾਂ

ਜੇ ਤੁਹਾਡੇ 'ਤੇ ਹਾਈਬਿਰ੍ਡ ਜਾਂ ਗੰਭੀਰ ਜੁਰਮ ਦਾ ਦੋਸ਼ ਲਗਾਇਆ ਗਿਆ ਹੈ, ਜਾਂ ਕਿਸੇ ਗੰਭੀਰ ਜੁਰਮ ਲਈ ਸਜਾ ਹੋ ਗਈ ਹੈ, ਤਾਂ ਪੁਲਿਸ ਤੁਹਾਡੀ ਤਸਵੀਰ, ਮਾਪ ਅਤੇ ਉਂਗਲਾਂ ਦੇ ਨਿਸ਼ਾਨ ਲੈ ਸਕਦੀ ਹੈ। ਕਿਸੇ ਚੋਣਵੇਂ ਘੱਟ ਗੰਭੀਰ ਜੁਰਮਾਂ ਲਈ, ਉਹਨਾਂ ਨੂੰ ਤੁਹਾਡੀ ਇਜਾਜ਼ਤ ਦੀ ਲੋੜ ਹੁੰਦੀ ਹੈ, ਅਤੇ ਤੁਹਾਨੂੰ ਨਾਂਹ ਕਹਿਣ ਦਾ ਅਧਿਕਾਰ ਹੁੰਦਾ ਹੈ।

ਜੇ ਤੁਹਾਡੇ ਉਂਗਲਾਂ ਦੇ ਨਿਸ਼ਾਨ ਲਏ ਹਨ ਜਾਂ ਫੋਟੋਆਂ ਖਿੱਚੀਆਂ ਹਨ ਪਰ ਬਾਅਦ ਵਿੱਚ ਦੋਸ਼ ਹਟਾ ਦਿੱਤੇ ਜਾਂਦੇ ਹਨ, ਜਾਂ ਤੁਸੀਂ ਦੋਸ਼ੀ ਨਹੀਂ ਪਾਏ ਜਾਂਦੇ ਹੋ, ਤਾਂ ਤੁਸੀਂ ਪੁਲਿਸ ਨੂੰ ਤੁਹਾਡੇ ਉਂਗਲਾਂ ਦੇ ਨਿਸ਼ਾਨ ਅਤੇ ਫੋਟੋਆਂ ਦੀਆਂ ਕਾਪੀਆਂ ਨੂੰ ਨਸ਼ਟ ਕਰਨ ਲਈ ਕਹਿ ਸਕਦੇ ਹੋ।

ਜੇ ਤੁਸੀਂ ਜੇਲ ਤੋਂ ਰਿਹਾਅ ਹੋ ਜਾਂਦੇ ਹੋ, ਤਾਂ ਤੁਹਾਡੇ ਪੇਸ਼ ਹੋਣ ਦਾ ਨੋਟਿਸ ਜਾਂ ਸੰਮਨਾਂ ਵਿਚ ਇਸ ਬਾਰੇ ਜਾਣਕਾਰੀ ਹੋ ਸਕਦੀ ਹੈ ਕਿ ਤੁਹਾਡੇ ਉਂਗਲਾਂ ਦੇ ਨਿਸ਼ਾਨ ਕਦੋਂ ਲਏ ਜਾਂਣਗੇ। ਭਾਵੇਂ ਤੁਹਾਨੂੰ ਲੱਗਦਾ ਵੀ ਹੋਵੇ ਕਿ ਪੁਲਿਸ ਨੂੰ ਤੁਹਾਡੇ ਉਂਗਲਾਂ ਦੇ ਨਿਸ਼ਾਨ ਲੈਣ ਦਾ ਅਧਿਕਾਰ ਨਹੀਂ ਹੈ, ਤਾਂ ਵੀ ਇਸ ਅਪੌਇੰਟਮੈਂਟ ਨੂੰ ਨਾ ਛੱਡੋ। ਜੇ ਤੁਸੀਂ ਅਜਿਹਾ ਕਰਦੇ ਹੋ, ਤਾਂ ਗਿਰ੍ਫ਼ਤਾਰੀ ਵਾਰੰਟ ਜਾਰੀ ਕੀਤਾ ਜਾ ਸਕਦਾ ਹੈ, ਅਤੇ ਤੁਹਾਨੂੰ ਹੋਰ ਦੋਸ਼ਾਂ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਦੀ ਬਜਾਏ ਕਿਸੇ ਵਕੀਲ ਨਾਲ ਗੱਲ ਕਰੋ।

ਪੁਲਿਸ ਤੁਹਾਡੀ ਸਨਾਖ਼ਤ ਲਈ ਤੁਹਾਨੂੰ ਲਾਈਨ ਵਿੱਚ ਖੜਾ ਹੋਣ ਲਈ ਕਹਿ ਸਕਦੀ ਹੈ। ਤੁਸੀਂ ਪਹਿਲਾਂ ਹੀ ਕਿਸੇ ਵਕੀਲ ਨਾਲ ਗੱਲ ਕਰ ਲਈ ਹੈ, ਅਤੇ ਫਿਰ ਪੁਲਿਸ ਤੁਹਾਨੂੰ ਇੱਕ ਲਾਈਨ ਵਿੱਚ ਖੜਾ ਹੋਣ ਲਈ ਕਹਿੰਦੀ ਹੈ, ਤਾਂ ਤੁਹਾਨੂੰ ਕਿਸੇ ਵਕੀਲ ਨਾਲ ਦੁਬਾਰਾ ਗੱਲ ਕਰਨ ਦਾ ਅਧਿਕਾਰ ਹੁੰਦਾ ਹੈ। ਤੁਹਾਨੂੰ ਕਿਸੇ ਲਾਈਨ ਵਿੱਚ ਖੜਨ ਤੋਂ ਇਨਕਾਰ ਕਰਨ ਦਾ ਅਧਿਕਾਰ ਹੁੰਦਾ ਹੈ। ਪੁਲਿਸ ਤੁਹਾਡੀ ਸਹਿਮਤੀ ਜਾਂ ਜਾਣਕਾਰੀ ਤੋਂ ਬਿਨਾਂ ਹੀ ਗਵਾਹਾਂ ਨੂੰ ਤੁਹਾਨੂੰ ਵੇਖਣ ਲਈ ਕਹਿ ਸਕਦੀ ਹੈ।

## ਜਮਾਨਤ

ਜੇ ਤੁਹਾਨੂੰ 24 ਘੰਟਿਆਂ ਦੇ ਅੰਦਰ ਰਿਹਾਅ ਨਹੀਂ ਕੀਤਾ ਜਾਂਦਾ, ਤਾਂ ਪੁਲਿਸ ਲਈ ਤੁਹਾਡੀ ਜਮਾਨਤ ਦੀ ਸੁਣਵਾਈ ਜਾਂ "ਕਾਰਨ ਦੱਸੋ" ਲਈ ਅਦਾਲਤ ਵਿੱਚ ਲਿਆਉਣਾ ਲਾਜ਼ਮੀ ਹੈ। ਜੇ ਤੁਹਾਡੇ ਕੋਲ ਕੋਈ ਵਕੀਲ ਨਹੀਂ ਹੈ, ਤਾਂ ਤੁਹਾਡੀ ਸਹਾਇਤਾ ਲਈ ਡਿਊਟੀ ਕਾਉਂਸਲ ਮੌਜੂਦ ਹੋਣਾ ਚਾਹੀਦਾ ਹੈ।

ਸੁਣਵਾਈ ਦੌਰਾਨ, ਜੱਜ ਫੈਸਲਾ ਕਰੇਗਾ ਕਿ ਤੁਹਾਨੂੰ ਜੇਲਹ੍ ਤੋਂ ਰਿਹਾਅ ਕੀਤਾ ਜਾਵੇ ਹੈ ਜਾਂ ਨਹੀਂ। ਤੁਹਾਨੂੰ ਜੇਲਹ੍ ਵਿੱਚ ਉਦੋਂ ਤੱਕ ਨਹੀਂ ਰੱਖਿਆ ਜਾ ਸਕਦਾ ਜਦੋਂ ਤੱਕ ਇਹ ਵਾਜਬ ਤੌਰ 'ਤੇ ਜ਼ਰੂਰੀ ਨਾ ਹੋਵੇ। ਜੇ ਤੁਹਾਨੂੰ ਰਿਹਾਅ ਕੀਤਾ ਜਾਂਦਾ ਹੈ, ਤਾਂ ਲਾਜ਼ਮੀ ਹੈ ਕਿ ਤੁਹਾਡੀ ਰਿਹਾਈ ਦੀਆਂ ਸ਼ਰਤਾਂ ਵਾਜਬ ਹੋਣ। ਜ਼ਿਆਦਾਤਰ ਸਥਿਤੀਆਂ ਵਿੱਚ, ਕਰਾਊਨ ਕਾਉਂਸਲ ਨੂੰ ਜੱਜ ਨੂੰ ਯਕੀਨ ਦਿਵਾਉਣਾ ਪਵੇਗਾ ਕਿ ਤੁਹਾਨੂੰ ਜੇਲਹ੍ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਜਾਂ ਜੇ ਤੁਹਾਨੂੰ ਰਿਹਾਅ ਕੀਤਾ ਜਾਂਦਾ ਹੈ ਤਾਂ ਕੁਝ ਨਿਯਮ ਜਾਂ ਸ਼ਰਤਾਂ ਲਾਗੂ ਹੋਣੀਆਂ ਚਾਹੀਦੀਆਂ ਹਨ। ਤੁਹਾਡੀ ਰਿਹਾਈ ਦਾ ਸ਼ੁਰੂਆਤੀ ਪੁਆਇੰਟ ਇਹ ਹੈ ਕਿ ਤੁਸੀਂ ਬਿਨਾਂ ਕਿਸੇ ਵਾਧੂ ਨਿਯਮਾਂ ਦੇ ਮੁੱਕਦਮਿਆਂ ਲਈ ਹਾਜ਼ਰ ਹੋਣ ਦਾ ਵਾਅਦਾ ਕਰਦੇ ਹੋ।

ਜੱਜ ਨਿਯਮ ਸ਼ਾਮਲ ਕਰ ਸਕਦਾ ਹੈ, ਜਿਸ ਵਿੱਚ ਕੁਝ ਖਾਸ ਲੋਕਾਂ ਨਾਲ ਗੱਲ ਨਾ ਕਰਨਾ, ਕਰਫਿਊ ਦੀ ਪਾਲਣਾ, ਸ਼ਰਾਬ ਨਾ ਪੀਣਾ, ਜਾਂ ਕੁਝ ਥਾਵਾਂ 'ਤੇ ਨਾ ਜਾਣਾ ਸ਼ਾਮਲ ਹੁੰਦਾ ਹੈ। ਜੇ ਤੁਸੀਂ ਇਹਨਾਂ ਨਿਯਮਾਂ ਦੀ ਪਾਲਣਾ ਨਹੀਂ ਕਰਦੇ ਹੋ ਤਾਂ ਤੁਹਾਨੂੰ ਰਕਮ ਦਾ ਭੁਗਤਾਨ ਕਰਨ ਦਾ ਵਾਅਦਾ ਕਰਨਾ ਪੈ ਸਕਦਾ ਹੈ। ਤੁਹਾਨੂੰ ਇੱਕ ਨਕਦ ਜਮਹ੍ਹਾਂ ਰਕਮ ਦਾ ਭੁਗਤਾਨ ਵੀ ਕਰਨਾ ਪੈ ਸਕਦਾ ਹੈ, ਜਾਂ ਕਿਸੇ ਵਿਅਕਤੀ ਦੀ ਗਰੰਟੀ ਲਈ ਵੀ ਕਿਹਾ ਜਾ ਸਕਦਾ ਹੈ। ਇੱਕ ਗਰੰਟੀ ਇੱਕ ਜ਼ਿੰਮੇਵਾਰ ਵਿਅਕਤੀ ਦੀ ਹੁੰਦੀ ਹੈ ਜੋ ਇਹ ਯਕੀਨੀ ਬਣਾਉਣ ਦਾ ਵਾਅਦਾ ਕਰਦਾ ਹੈ ਕਿ ਤੁਸੀਂ ਤੁਹਾਡੇ 'ਤੇ ਲੱਗੀਆਂ ਸ਼ਰਤਾਂ ਦੀ ਪਾਲਣਾ ਕਰੋਗੇ।

ਜੇ ਅਦਾਲਤ ਤੁਹਾਨੂੰ ਰਿਹਾਅ ਕਰਨ ਤੋਂ ਇਨਕਾਰ ਕਰਦੀ ਹੈ ਜਾਂ ਤੁਹਾਨੂੰ ਅਜਿਹੀਆਂ ਸ਼ਰਤਾਂ ਦੇ ਨਾਲ ਰਿਹਾਅ ਕਰਦੀ ਹੈ ਜਿਹਨਾਂ ਬਾਰੇ ਤੁਸੀਂ ਸੋਚਦੇ ਹੋ ਕਿ ਬਹੁਤ ਸਖ਼ਤ ਹਨ, ਤਾਂ ਤੁਸੀਂ ਫੈਸਲੇ ਦੀ ਸਮੀਖਿਆ ਕਰਨ ਲਈ ਅਰਜ਼ੀ ਦੇ ਸਕਦੇ ਹੋ।

ਕਰਾਊਨ ਕਾਉਂਸਲ ਹੋਰ ਜਾਣਕਾਰੀ ਲੈਣ ਲਈ ਜ਼ਮਾਨਤ ਦੀ ਸੁਣਵਾਈ ਨੂੰ 3 ਦਿਨਾਂ ਤੱਕ ਟਾਲਣ ਲਈ ਅਰਜ਼ੀ ਦੇ ਸਕਦਾ ਹੈ। ਤੁਹਾਡਾ ਵਕੀਲ ਜਾਂ ਡਿਊਟੀ ਕਾਉਂਸਲ ਜ਼ਮਾਨਤ ਦੀ ਸੁਣਵਾਈ ਟਾਲਣ ਦੀ ਵੀ ਮੰਗ ਕਰ ਸਕਦਾ ਹੈ। ਇਸ ਸਮੇਂ ਦੌਰਾਨ, ਤੁਸੀਂ ਜੇਲਹ੍ ਵਿੱਚ ਹੀ ਰਹੋਗੇ।

## ਰਿਹਾਅ ਕਰਨ ਦੀਆਂ ਸ਼ਰਤਾਂ

ਤੁਹਾਡੇ ਲਈ ਤੁਹਾਡੀ ਰਿਹਾਈ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਨਾ ਬਹੁਤ ਮਹੱਤਵਪੂਰਨ ਹੁੰਦਾ ਹੈ। ਜੇ ਤੁਸੀਂ ਉਹਨਾਂ ਦੀ ਪਾਲਣਾ ਨਹੀਂ ਕਰਦੇ, ਤਾਂ ਇਸ ਕਾਰਨ ਵਾਧੂ ਦੋਸ਼ ਵੀ ਲੱਗ ਸਕਦੇ ਹਨ। ਜੇ ਕੋਈ ਵੀ ਨਿਯਮ ਤੁਹਾਨੂੰ ਕਿਸੇ ਮਹੱਤਪੂਰਨ ਸੇਵਾਵਾਂ ਤੱਕ ਪਹੁੰਚ ਕਰਨ ਤੋਂ ਰੋਕਦਾ ਹੈ, ਜਿਵੇਂ ਕਿ ਡਾਕਟਰ, ਰਿਹਾਇਸ਼ ਜਾਂ ਕਲੀਨਿਕ, ਤੁਹਾਡੀ ਨੌਕਰੀ ਵਿੱਚ ਵਿਘਨ ਬਣਦਾ ਹੈ, ਜਾਂ ਜੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਨਿਯਮਾਂ ਦੀ ਪਾਲਣਾ ਕਰਨ ਦੇ ਯੋਗ ਨਹੀਂ ਹੋਵੋਗੇ, ਤਾਂ ਤੁਹਾਨੂੰ ਆਪਣੇ ਵਕੀਲ ਜਾਂ ਡਿਊਟੀ ਕਾਉਂਸਲ ਨੂੰ ਦੱਸਣਾ ਚਾਹੀਦਾ ਹੈ। ਜੇ ਤੁਹਾਡੇ ਕੋਲ ਕੋਈ ਵਕੀਲ ਨਹੀਂ ਹੈ, ਤਾਂ ਤੁਹਾਨੂੰ ਇਹ ਸਿੱਧਾ ਹੀ ਜੱਜ ਨੂੰ ਦੱਸ ਦੇਣਾ ਚਾਹੀਦਾ ਹੈ।

### ਨਜ਼ਰਬੰਦੀ ਦੀ ਸਮੀਖਿਆ

ਜੇ ਤੁਹਾਨੂੰ ਤੁਹਾਡੇ ਮੁਕੱਦਮੇ ਦੀ ਸੁਣਵਾਈ ਤੱਕ ਜੇਲ੍ਹ ਵਿੱਚ ਹੀ ਰੱਖਿਆ ਜਾਂਦਾ ਹੈ ਅਤੇ ਤੁਹਾਡੇ ਮੁਕੱਦਮੇ ਦੀ ਸੁਣਵਾਈ 90 ਦਿਨਾਂ ਦੇ ਅੰਦਰ ਸ਼ੁਰੂ ਨਹੀਂ ਕੀਤੀ ਜਾਂਦੀ, ਤਾਂ ਤੁਹਾਨੂੰ ਜਲਦ ਤੋਂ ਜਲਦ ਨਿਯਤ ਕੀਤੇ ਗਏ ਜੱਜ ਦੇ ਸਾਹਮਣੇ ਸੁਣਵਾਈ ਕਰਵਾਉਣ ਦਾ ਅਧਿਕਾਰ ਹੈ। ਇਸ ਸੁਣਵਾਈ ਦਾ ਉਦੇਸ਼ ਇਸ ਗੱਲ ਦੀ ਸਮੀਖਿਆ ਕਰਨਾ ਹੁੰਦਾ ਹੈ ਕਿ ਕਿਉਂ ਤੁਹਾਨੂੰ ਜੇਲ੍ਹ ਵਿੱਚ ਰੱਖਿਆ ਜਾ ਰਿਹਾ ਹੈ। ਜੇ ਤੁਸੀਂ ਕਿਸੇ ਬਹੁਤ ਗੰਭੀਰ ਦੋਸ਼ ਦਾ ਸਾਹਮਣਾ ਕਰ ਰਹੇ ਹੋ, ਜਿਵੇਂ ਕਿ ਕਤਲ, ਤਾਂ ਇਹ ਪਰ੍ਕਿਰਿਆ ਲਾਗੂ ਨਹੀਂ ਹੁੰਦੀ।

## ਦੋਸਤਾਂ ਜਾਂ ਪਰਿਵਾਰ ਨਾਲ ਮੁਲਾਕਾਤਾਂ

ਜ਼ਿਆਦਾਤਰ ਮਾਮਲਿਆਂ ਵਿੱਚ, ਤੁਹਾਡੀ ਜ਼ਮਾਨਤ ਦੀ ਸੁਣਵਾਈ ਤੱਕ ਦੋਸਤਾਂ ਜਾਂ ਪਰਿਵਾਰ ਨਾਲ ਮੁਲਾਕਾਤਾਂ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਭਾਵੇਂ ਤੁਹਾਨੂੰ ਪਰਿਵਾਰ ਜਾਂ ਦੋਸਤਾਂ ਨੂੰ ਕਾਲ ਕਰਨ ਦਾ ਅਧਿਕਾਰ ਨਹੀਂ ਹੁੰਦਾ ਹੈ, ਪਰ ਪੁਲਿਸ ਤੁਹਾਨੂੰ ਇਹ ਦੱਸਣ ਲਈ ਕਾਲ ਕਰਨ ਦੇ ਸਕਦੀ ਹੈ ਕਿ ਤੁਸੀਂ ਕਿੱਥੇ ਹੋ ਅਤੇ ਤੁਹਾਨੂੰ ਕਿਸ ਸਹਾਇਤਾ ਦੀ ਲੋੜ ਹੈ।

ਪਰਿਵਾਰ ਜਾਂ ਦੋਸਤਾਂ ਨੂੰ ਮਿਲਣ ਦੀ ਇਜਾਜ਼ਤ ਦੇਣ ਦੇ ਬਦਲੇ ਪੁਲਿਸ ਦੇ ਕਿਸੇ ਵੀ ਬਿਆਨ 'ਤੇ ਦਸਤਖ਼ਤ ਨਾ ਕਰੋ। ਜੋ ਵੀ ਤੁਸੀਂ ਆਪਣੇ ਬਿਆਨ ਵਿੱਚ ਕਹੋਗੇ ਉਸ ਨੂੰ ਅਦਾਲਤ ਵਿੱਚ ਤੁਹਾਡੇ ਵਿਰੁੱਧ ਵਰਤਿਆ ਜਾਵੇਗਾ। ਆਪਣੇ ਵਕੀਲ ਨੂੰ ਕਹੋ ਕਿ ਉਹ ਤੁਹਾਡੇ ਲਈ ਤੁਹਾਡੇ ਸੰਬੰਧੀਆਂ ਨਾਲ ਸੰਪਰਕ ਅਤੇ ਮੁਲਾਕਾਤਾਂ ਕਰਨ ਦਾ ਪ੍ਰਬੰਧ ਕਰਨ ਵਿੱਚ ਸਹਾਇਤਾ ਕਰੇ।

**ਯਾਦ ਰੱਖੋ:** ਇਸ ਗੱਲ ਦਾ ਧਿਆਨ ਰੱਖੋ ਕਿ ਤੁਸੀਂ ਫ਼ੋਨ 'ਤੇ ਅਤੇ ਪਰਿਵਾਰ ਅਤੇ ਦੋਸਤਾਂ ਨਾਲ ਮੁਲਾਕਾਤਾਂ ਦੌਰਾਨ ਕੀ ਕਹਿਣਾ ਹੈ। ਹੋ ਸਕਦਾ ਹੈ ਕਿ ਪੁਲਿਸ ਸੁਣ ਰਹੀ ਹੋਵੇ। ਜੋ ਜਾਣਕਾਰੀ ਤੁਸੀਂ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਦੱਸਦੇ ਹੋ ਉਹ ਨਿੱਜੀ ਨਹੀਂ ਹੁੰਦੀ ਹੈ ਅਤੇ ਉਹ ਤੁਹਾਡੇ ਵਿਰੁੱਧ ਅਦਾਲਤ ਵਿੱਚ ਵਰਤੀ ਜਾ ਸਕਦੀ ਹੈ।

ਜੇ ਤੁਹਾਨੂੰ ਰਿਹਾਅ ਨਹੀਂ ਕੀਤਾ ਜਾਂਦਾ ਹੈ ਅਤੇ ਤੁਹਾਡੇ ਮੁਕੱਦਮੇ ਦੀ ਤਾਰੀਖ਼ ਤੋਂ ਪਹਿਲਾਂ ਕਿਸੇ ਰਿਮਾਂਡ ਸੈਂਟਰ ਵਿੱਚ ਰੱਖਿਆ ਜਾਂਦਾ ਹੈ, ਤਾਂ ਤੁਸੀਂ ਅਪੌਇੰਟਮੈਂਟ ਰਾਹੀਂ ਮੁਲਾਕਾਤੀਆਂ ਨੂੰ ਮਿਲ ਸਕਦੇ ਹੋ।

# ਤਲਾਸ਼ੀ ਅਤੇ ਜ਼ਬਤੀ।

## ਪੁਲਿਸ ਤੁਹਾਡੀ ਜਾਂ ਤੁਹਾਡੇ ਸਮਾਨ ਦੀ ਕਦੋਂ ਤਲਾਸ਼ੀ ਲੈ ਸਕਦੀ ਹੈ?

ਪੁਲਿਸ ਸਿਰਫ਼ ਵਿਸ਼ੇਸ਼ ਹਾਲਤਾਂ ਵਿੱਚ ਹੀ ਤੁਹਾਡੀ ਜਾਂ ਤੁਹਾਡੇ ਸਮਾਨ ਦੀ ਤਲਾਸ਼ੀ ਲੈ ਸਕਦੀ ਹੈ। ਤਾਲਾਸ਼ੀ ਵਿੱਚ ਤੁਹਾਡੇ ਅਧਿਕਾਰ ਚਾਰਟਰ ਦੇ ਸੈਕਸ਼ਨ 8 ਤਹਿਤ ਸੁਰੱਖਿਅਤ ਹੁੰਦੇ ਹਨ। ਪੁਲਿਸ ਕਿੰਨੀ ਕੁ ਤਲਾਸ਼ੀ ਕਰ ਸਕਦੀ ਹੈ ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕਿਸ ਤਰਹ੍ਾਂ ਦੀ ਤਲਾਸ਼ੀ ਕੀਤੀ ਜਾ ਰਹੀ ਹੈ।

ਤੁਹਾਡੀ ਤਲਾਸ਼ੀ ਲਈ ਜਾ ਸਕਦੀ ਹੈ ਜੇ:

1. ਤੁਸੀਂ ਪੁਲਿਸ ਨੂੰ ਦੱਸਦੇ ਹੋ ਕਿ ਠੀਕ ਹੈ ਕਿ ਉਹ ਤੁਹਾਡੀ ਜਾਂ ਤੁਹਾਡੇ ਸਮਾਨ ਦੀ ਤਲਾਸ਼ੀ ਲੈ ਸਕਦੇ ਹਨ, ਜਾਂ ਜੇ ਤੁਸੀਂ ਪੁੱਛਣ 'ਤੇ ਉਹਨਾਂ ਨੂੰ ਇਜਾਜ਼ਤ ਦਿੰਦੇ ਹੋ। ਪੁਲਿਸ ਨੂੰ ਅਜੇ ਵੀ ਇਹ ਸਾਬਤ ਕਰਨ ਦੀ ਲੋੜ ਹੁੰਦੀ ਹੈ ਕਿ ਤੁਸੀਂ ਸਹਿਮਤੀ ਦੇਣ ਦੇ ਯੋਗ ਸੀ ਅਤੇ ਇਹ ਕਿ ਤੁਹਾਡੀ ਸਹਿਮਤੀ ਸਵੈ-ਇੱਛਤ ਸੀ। ਸਵੈ-ਇੱਛਤ ਦਾ ਅਰਥ ਹੈ ਕਿ ਤੁਸੀਂ ਨਾਂਹ ਕਰਨ ਲਈ ਸੁਤੰਤਰ ਸੀ, ਅਤੇ ਤੁਹਾਨੂੰ ਦੱਸਿਆ ਗਿਆ ਸੀ ਕਿ ਤੁਸੀਂ ਨਾਂਹ ਕਰਨ ਲਈ ਸੁਤੰਤਰ ਹੋ।
2. ਪੁਲਿਸ ਕੋਲ ਇੱਕ ਵਾਰੰਟ ਹੁੰਦਾ ਹੈ, ਜਾਂ ਜੇ ਉਹਨਾਂ ਕੋਲ ਅਪਰਾਧਿਕ ਕੋਡ ਵਰਗੇ ਕਾਨੂੰਨਾਂ ਦੇ ਅਧੀਨ ਅਧਿਕਾਰ ਹੁੰਦੇ ਹਨ।
3. ਤੁਹਾਨੂੰ ਕਾਨੂੰਨਨ ਗਿਰਫ਼ਤਾਰ ਕੀਤਾ ਗਿਆ ਹੈ। ਤਲਾਸ਼ੀ ਤੁਹਾਡੇ, ਤੁਹਾਡੇ ਸਮਾਨ ਅਤੇ ਨੇੜਲੇ ਖੇਤਰ ਤੱਕ ਸੀਮਿਤ ਹੁੰਦੀ ਹੈ।

## ਤਲਾਸ਼ੀ ਦਾ ਵਿਰੋਧ ਕਰਨਾ

ਕਿਸੇ ਤਲਾਸ਼ੀ ਦਾ ਸਰੀਰਕ ਤੌਰ 'ਤੇ ਵਿਰੋਧ ਨਾ ਕਰੋ, ਭਾਵੇਂ ਤੁਸੀਂ ਸੋਚਦੇ ਹੋ ਕਿ ਤਲਾਸ਼ੀ ਗੈਰ-ਕਾਨੂੰਨੀ ਹੈ। ਤੁਹਾਡੇ 'ਤੇ ਪੁਲਿਸ ਅਫ਼ਸਰ 'ਤੇ ਹਮਲਾ ਕਰਨ ਜਾਂ ਰੁਕਾਵਟ ਪਾਉਣ ਦਾ ਦੋਸ਼ ਲਗਾਇਆ ਜਾ ਸਕਦਾ ਹੈ। ਇਹ ਖ਼ਤਰਨਾਕ ਵੀ ਹੋ ਸਕਦਾ ਹੈ ਜੇ ਅਫ਼ਸਰ ਤੁਹਾਡੇ ਵਿਰੁੱਧ ਤਾਕਤ ਦੀ ਵਰਤੋਂ ਕਰਦਾ ਹੈ।

ਤੁਸੀਂ ਕਹਿ ਸਕਦੇ ਹੋ: "ਮੈਂ ਇਸ ਤਲਾਸ਼ੀ ਲਈ ਸਹਿਮਤ ਨਹੀਂ ਦਿੰਦਾ/ਦਿੰਦੀ ਹਾਂ।" ਜੇ ਤੁਸੀਂ ਕਿਸੇ ਤਲਾਸ਼ੀ ਤੋਂ ਨਾਂਹ ਕਰ ਦਿੰਦੇ ਹੋ ਅਤੇ ਅਫ਼ਸਰ ਤੁਹਾਡੀ ਤਲਾਸ਼ੀ ਕਰਨਾ ਜਾਰੀ ਰੱਖਦਾ ਹੈ, ਤਾਂ ਉਹਨਾਂ ਦੇ ਨਾਮ, ਬੈਜ ਨੰਬਰ, ਲਾਇਸੰਸ ਪਲੇਟ, ਜਾਂ ਦਿੱਖ ਨੂੰ ਨੋਟ ਕਰ ਲਓ, ਜੇ ਤੁਸੀਂ ਕਰ ਸਕਦੇ ਹੋ ਤਾਂ। ਜਦੋਂ ਤੁਸੀਂ ਸੁਰੱਖਿਅਤ ਹੋਵੋ ਤਾਂ ਤੁਸੀਂ ਬਾਅਦ ਵਿੱਚ ਕਿਸੇ ਵਕੀਲ ਨਾਲ ਗੱਲ ਕਰ ਸਕਦੇ ਹੋ ਜਾਂ ਸ਼ਿਕਾਇਤ ਕਰ ਸਕਦੇ ਹੋ।

ਕੁਝ ਤਲਾਸ਼ੀਆਂ ਲਈ ਇਹ ਲੋੜ ਹੁੰਦੀ ਹੈ ਕਿ ਪੁਲਿਸ ਨੂੰ ਵਾਜਬ ਸ਼ੱਕ ਹੈ ਜਾਂ ਕੋਈ ਵਾਜਬ ਵਿਸ਼ਵਾਸ ਹੈ ਕਿ ਕੋਈ ਜੁਰਮ ਹੋਇਆ ਹੈ (ਜਾਂ ਹੋਣ ਵਾਲਾ ਹੈ) ਅਤੇ ਤਲਾਸ਼ੀ ਕੀਤੇ ਜਾਣ ਵਾਲੀ ਥਾਂ ਤੋਂ ਸਬੂਤ ਮਿਲਣਗੇ। ਪੁਲਿਸ ਨੂੰ ਉਹਨਾਂ ਕਾਰਨਾਂ ਦੀ ਵਿਆਖਿਆ ਕਰਨ ਦੀ ਲੋੜ ਹੋ ਸਕਦੀ ਹੈ ਜਿਹਨਾਂ ਕਾਰਨ ਉਹਨਾਂ ਨੂੰ ਇਹ ਵਿਸ਼ਵਾਸ ਹੈ ਕਿ ਤੁਸੀਂ ਕੋਈ ਜੁਰਮ ਕੀਤਾ ਹੈ ਜਾਂ ਕਰਨ ਜਾ ਰਹੇ ਹੋ। ਜਦੋਂ ਕਿਸੇ ਤਲਾਸ਼ੀ ਲਈ ਵਾਜਬ ਅਤੇ ਸੰਭਾਵੀ ਆਧਾਰਾਂ ਦੀ ਲੋੜ ਹੁੰਦੀ ਹੈ, ਤਾਂ ਇਸ ਦਾ ਅਰਥ ਹੈ ਕਿ ਪੁਲਿਸ ਨੂੰ ਤੁਹਾਡੀ ਤਲਾਸ਼ੀ ਕਰਨ ਲਈ ਬਹੁਤ ਜ਼ਿਆਦਾ ਸਬੂਤਾਂ ਦੀ ਲੋੜ ਹੁੰਦੀ ਹੈ, ਪਰ ਜੇ ਹੋਣ ਤਾਂ ਉਹ ਹੋਰ ਵੀ ਬਹੁਤ ਚੀਜ਼ਾਂ ਤਲਾਸ਼ੀ ਕਰ ਸਕਦੇ ਹਨ। ਜਦੋਂ ਪੁਲਿਸ ਨੂੰ ਵਾਜਬ ਸ਼ੱਕ ਹੋਵੇ, ਜੋ ਕਿ ਇੱਕ ਹੇਠਲਾ ਮਿਆਰ ਹੈ, ਤਾਂ ਉਹਨਾਂ ਨੂੰ ਤੁਹਾਡੀ ਤਲਾਸ਼ੀ ਕਰਨ ਲਈ ਘੱਟ ਸਬੂਤਾਂ ਦੀ ਲੋੜ ਹੁੰਦੀ ਹੈ, ਪਰ ਉਹ ਇਸ ਨਾਲ ਜ਼ਿਆਦਾ ਤਲਾਸ਼ੀ ਵੀ ਨਹੀਂ ਕਰ ਸਕਦੇ। ਜੇ ਤੁਹਾਡੇ ਕੋਲ ਵੀ ਦੀ ਨਿੱਜਤਾ ਦੀ ਮਜ਼ਬੂਤ ਵਾਜਬ ਉਮੀਦ ਹੈ ਤਾਂ ਤੁਹਾਡੇ ਕੋਲ ਤਲਾਸ਼ੀ ਦੇ ਵਿਰੁੱਧ ਮਜ਼ਬੂਤ ਸੁਰੱਖਿਆਵਾਂ ਵੀ ਹੁੰਦੀਆਂ ਹਨ।

## ਨਸਲੀ ਪਰੋਫਾਈਲਿੰਗ ਧਚ

ਪੁਲਿਸ ਤੁਹਾਡੀ ਅਕਾਸਮਿਕ ਤੌਰ 'ਤੇ ਜਾਂ "ਅਟਕਲਾਂ" ਦੇ ਅਧਾਰ 'ਤੇ ਤਲਾਸ਼ੀ ਨਹੀਂ ਕਰ ਸਕਦੀ। ਉਹਨਾਂ ਨੂੰ ਆਪਣੀ ਤਲਾਸ਼ੀਆਂ ਨੂੰ ਜਾਇਜ਼ ਠਹਿਰਾਉਣ ਲਈ ਨਸਲ ਦੇ ਅਧਾਰ ਤੇ ਲੋਕਾਂ ਨਾਲ ਵਿਤਕਰਾ ਕਰਨ ਦੀ ਵੀ ਇਜਾਜ਼ਤ ਨਹੀਂ ਹੁੰਦੀ ਹੈ। ਇਸ ਦੇ ਬਾਵਜੂਦ, ਅਸੀਂ ਜਾਣਦੇ ਹਾਂ ਕਿ ਪੁਲਿਸ ਵੱਲੋਂ ਲੋਕਾਂ ਦੀ ਨਸਲੀ ਪਰੋਫਾਈਲ ਕੀਤੀ ਜਾਂਦੀ ਹੈ। ਪੁਲਿਸ ਨੂੰ ਸ਼ੱਕੀ ਵਿਅਕਤੀ ਦੀ ਨਸਲ ਸਮੇਤ, ਕਿਸੇ ਸ਼ੱਕੀ ਵਿਅਕਤੀ ਦੇ ਵਰਣਨ ਦੇ ਆਧਾਰ 'ਤੇ ਆਪਣੀਆਂ ਤਲਾਸ਼ੀਆਂ ਨੂੰ ਸੇਧਿਤ ਕਰਨ ਦੀ ਇਜਾਜ਼ਤ ਹੁੰਦੀ ਹੈ।

## ਤਲਾਸ਼ੀ ਦੌਰਾਨ ਨਿੱਜੀ ਕੀ ਮੰਨਿਆ ਜਾਂਦਾ ਹੈ?

ਤੁਹਾਡੇ ਲਈ ਹੇਠਾਂ ਦਿੱਤੇ ਵਿੱਚੋਂ ਨਿੱਜਤਾ ਦੀ ਇੱਕ ਉੱਚ ਵਾਜਬ ਉਮੀਦ ਹੁੰਦੀ ਹੈ, ਜਿਸ ਦਾ ਅਰਥ ਹੈ ਕਿ ਪੁਲਿਸ ਕੋਲ ਵਾਜਬ ਅਤੇ ਸੰਭਾਵਿਤ ਆਧਾਰ ਹੋਣੇ ਚਾਹੀਦੇ ਹਨ ਅਤੇ ਖੋਜ ਕਰਨ ਲਈ ਵਿਸ਼ੇਸ਼ ਨਿਯਮਾਂ ਦੀ ਪਾਲਣਾ ਕਰਨੀ ਹੁੰਦੀ ਹੈ:

- **ਤੁਹਾਡੇ ਸਰੀਰ ਸੰਬੰਧੀ,** ਤੁਹਾਡੇ DNA ਅਤੇ ਹੋਰ ਸਰੀਰਿਕ ਨਮੂਨਿਆਂ ਸਮੇਤ।
- **ਤੁਹਾਡੇ ਘਰ ਸੰਬੰਧੀ,** ਇੱਕ ਘਰ, ਇੱਕ ਅਪਾਰਟਮੈਂਟ, ਜਾਂ ਇੱਕ ਟਰੇਲਰ ਦੇ ਰਹਿਣ ਵਾਲੀ ਥਾਂ ਸਮੇਤ।
- **ਤੁਹਾਡੇ ਫ਼ੋਨ ਜਾਂ ਨਿੱਜੀ ਕੰਪਿਊਟਰ ਸੰਬੰਧੀ** ।

ਤੁਹਾਡੇ ਲਈ ਹੇਠਾਂ ਦਿੱਤੇ ਵਿੱਚ ਨਿੱਜਤਾ ਦੀ ਘੱਟ ਉਮੀਦ ਹੁੰਦੀ ਹੈ, ਜਿਸ ਦਾ ਅਰਥ ਹੈ ਕਿ ਪੁਲਿਸ ਨੂੰ ਤਲਾਸ਼ੀ ਕਰਨ ਲਈ ਸਿਰਫ਼ ਵਾਜਬ ਸ਼ੱਕ ਦੀ ਹੀ ਲੋੜ ਹੁੰਦੀ ਹੈ:

- **ਤੁਹਾਡੀ ਕਾਰ ਸੰਬੰਧੀ**, ਜਦੋਂ ਤੁਸੀਂ ਸੜਕ ਜਾਂ ਹਾਈਵੇਅ 'ਤੇ ਗੱਡੀ ਚਲਾ ਰਹੇ ਹੋਵੋ।
- **ਤੁਹਾਡੇ ਸਮਾਨ ਸੰਬੰਧੀ**, ਜਦੋਂ ਤੁਸੀਂ ਹਵਾਈ ਅੱਡੇ ਜਾਂ ਬੱਸ ਟਰਮੀਨਲ ਵਿੱਚ ਯਾਤਰਾ ਕਰ ਰਹੇ ਹੋਵੋ।
- ਜੇ ਤੁਸੀਂ ਵਿਦਿਆਰਥੀ ਹੋ, ਤਾਂ **ਸਕੂਲ ਵਿੱਚ** ਤੁਹਾਡੇ ਲਾਕਰ ਜਾਂ ਨਿੱਜੀ ਸਮਾਨ ਸੰਬੰਧੀ **।**

ਤੁਹਾਡੇ ਲਈ ਹੇਠਾਂ ਦਿੱਤੇ ਵਿੱਚ ਨਿੱਜਤਾ ਦੀ ਕੋਈ ਉਮੀਦ ਨਹੀਂ ਹੈ, ਜਿਸ ਦਾ ਅਰਥ ਹੈ ਕਿ ਪੁਲਿਸ ਹਮੇਸ਼ਾਂ ਤਲਾਸ਼ੀ ਕਰ ਸਕਦੀ ਹੈ:

- **ਤੁਹਾਡੇ ਕੂੜੇ ਵਿੱਚ ਹਰ ਚੀਜ਼ ਸੰਬੰਧੀ**, ਭਾਵੇਂ ਇਹ ਅਜੇ ਵੀ ਤੁਹਾਡੀ ਜਗਾਹ 'ਤੇ ਹੀ ਹੈ, ਜੋ ਅਜੇ ਤੱਕ ਚੁੱਕਿਆ ਨਹੀਂ ਗਿਆ ਹੈ।
- DNA ਨਮੂਨੇ, ਵਾਲ਼, ਕਪੜੇ, ਜਾਂ ਹੋਰ ਸਮਾਨ ਜੋ **ਜੁਰਮ ਵਾਲੀ ਥਾਂ 'ਤੇ ਰਹਿ ਗਈਆਂ ਹਨ** ਜਾਂ ਕਿਤੇ ਵੀ ਜਿੱਥੇ ਪੁਲਿਸ ਜਾਂਚ-ਪੜਤਾਲ ਕਰ ਰਹੀ ਹੋਵੇ।
- **ਕਿਸੇ ਹੋਰ ਦੇ ਸਮਾਨ ਸੰਬੰਧੀ**, ਜੇ ਉਹ ਪੁਲਿਸ ਨੂੰ ਤਲਾਸ਼ੀ ਲੈਣ ਦੀ ਇਜਾਜ਼ਤ ਦਿੰਦੇ ਹਨ।

**ਦੇਖੋ ਪਾਠ 8:** ਨੌਜਵਾਨ ਅਤੇ ਕਾਨੂੰਨ, 18 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਦੀ ਤਲਾਸ਼ੀ ਕਰਨ ਲਈ ਵਿਸ਼ੇਸ਼ ਨਿਯਮਾਂ ਬਾਰੇ ਜਾਣਕਾਰੀ ਲਈ।

## ਤੁਹਾਡੇ ਸਰੀਰ ਦੀ ਤਲਾਸ਼ੀ

ਪੁਲਿਸ ਨੂੰ ਕਦੇ ਵੀ "ਅਟਕਲਾਂ" ਦੇ ਅਧਾਰ 'ਤੇ ਤੁਹਾਡੇ ਸਰੀਰ ਦੀ ਤਲਾਸ਼ੀ ਨਹੀਂ ਲੈਣੀ ਚਾਹੀਦੀ ਹੈ ਜਾਂ ਅਕਾਸਿਕ ਤੌਰ 'ਤੇ, ਪੱਖਪਾਤ ਦੇ ਆਧਾਰ 'ਤੇ, ਜਾਂ ਇਸ ਕਰਕੇ ਕਿ ਉਹਨਾ ਨੂੰ ਲੱਗਦਾ ਹੈ ਕਿ ਇੰਝ ਕੀਤਾ ਜਾਵੇ। ਸਰੀਰ ਦੀਆਂ ਤਲਾਸ਼ੀਆਂ ਦੀਆਂ ਤਿੰਨ ਕਿਸਮਾਂ ਹੁੰਦੀਆਂ ਹਨ, ਹਰੇਕ ਲਈ ਵਿਸ਼ੇਸ਼ ਨਿਯਮ ਹਨ: ਪੈਟ-ਡਾਊਨ ਤਲਾਸ਼ੀਆਂ, ਕੱਪੜਿਆਂ ਦੇ ਅੰਦਰ ਦੀਆਂ ਤਲਾਸ਼ੀਆਂ, ਅਤੇ ਸਰੀਰਕ ਸੁਰਖਾਂ ਦੀਆਂ ਤਲਾਸ਼ੀਆਂ।

### ਪੈਟ-ਡਾਊਨ ਤਲਾਸ਼ੀਆਂ

ਪੈਟ-ਡਾਊਨ ਤਲਾਸ਼ੀ ਉਦੋਂ ਕੀਤੀ ਜਾਂਦੀ ਹੈ ਜਦੋਂ ਕੋਈ ਅਫ਼ਸਰ ਹਥਿਆਰਾਂ ਜਾਂ ਜੁਰਮ ਸੰਬੰਧੀ ਸਬੂਤ ਦੀ ਜਾਂਚ ਕਰਨ ਲਈ ਤੁਹਾਡੇ ਕੱਪੜਿਆਂ ਦੇ ਬਾਹਰਲੇ ਹਿੱਸੇ ਨੂੰ ਛੂਹਦਾਂ ਹੈ।

ਜਦੋਂ ਤੁਹਾਨੂੰ ਨਜ਼ਰਬੰਦ ਕੀਤਾ ਜਾਂਦਾ ਹੈ, ਤਾਂ ਪੁਲਿਸ, ਅਫ਼ਸਰ ਦੀ ਸੁਰੱਖਿਆ ਲਈ ਸਿਰਫ਼ ਪੈਟ-ਡਾਊਨ ਤਲਾਸ਼ੀ ਕਰ ਸਕਦੀ ਹੈ, ਸਬੂਤ ਖੋਜਣ ਲਈ ਨਹੀਂ। ਪੁਲਿਸ ਤੁਹਾਡੀਆਂ ਜੇਬਾਂ ਦੀ ਤਲਾਸ਼ੀ ਨਹੀਂ ਕਰ ਸਕਦੀ ਜਦੋਂ ਤੱਕ ਪੈਟ-ਡਾਊਨ ਤਲਾਸ਼ੀ ਪੁਲਿਸ ਨੂੰ ਇਹ ਸ਼ੱਕ ਕਰਨ ਲਈ ਆਧਾਰ ਨਹੀਂ ਦਿੰਦੀ ਕਿ ਤੁਸੀਂ ਸੰਭਾਵੀ ਤੌਰ 'ਤੇ ਖ਼ਤਰਨਾਕ ਸਮਾਨ ਚੁੱਕੀ ਫਿਰਦੇ ਹੋ।

ਜੇ ਤੁਹਾਨੂੰ ਗਿਰਫ਼ਤਾਰ ਕੀਤਾ ਜਾਂਦਾ ਹੈ, ਤਾਂ ਪੁਲਿਸ ਇੱਕ ਤਲਾਸ਼ੀ ਘਟਨਾਕਰ੍ਮ ਦੇ ਹਿੱਸੇ ਵਜੋਂ ਪੈਟ-ਡਾਊਨ ਤਲਾਸ਼ੀ ਕਰ ਸਕਦੀ ਹੈ । ਇਸ ਕਿਸਮ ਦੀ ਤਲਾਸ਼ੀ ਇਹ ਯਕੀਨੀ ਬਣਾਉਣ ਲਈ ਹੁੰਦੀ ਹੈ ਕਿ ਤੁਹਾਡੇ ਕੋਲ ਹਥਿਆਰ ਨਹੀਂ ਹੈ ਜਾਂ ਸਬੂਤ ਨਹੀਂ ਲੁਕਾ ਰਹੇ ਹੋ। ਪੁਲਿਸ ਤੁਹਾਡੇ ਬੈਗਾਂ, ਤੁਹਾਡੀ ਕਾਰ, ਤੁਹਾਡੇ ਫ਼ੋਨ, ਤੁਹਾਡੇ ਕੈਮਰੇ ਅਤੇ ਆਲੇ-ਦੁਆਲੇ ਦੇ ਹੋਰ ਸਮਾਨ ਦੀ ਵੀ ਤਲਾਸ਼ੀ ਕਰ ਸਕਦੀ ਹੈ।

### ਕੱਪੜਿਆਂ ਦੇ ਅੰਦਰ ਦੀਆਂ ਤਲਾਸ਼ੀਆਂ

ਕੱਪੜਿਆਂ ਦੇ ਅੰਦਰ ਦੀ ਤਲਾਸ਼ੀ ਉਦੋਂ ਹੁੰਦੀ ਹੈ ਜਦੋਂ ਪੁਲਿਸ ਤੁਹਾਨੂੰ ਤੁਹਾਡੇ ਕੁਝ ਜਾਂ ਸਾਰੇ ਕੱਪੜਿਆਂ ਨੂੰ ਝਾੜਨ ਜਾਂ ਉਤਾਰਨ ਲਈ ਕਹਿੰਦੀ ਹੈ, ਤਾਂ ਜੋ ਤੁਹਾਡੇ ਨਿੱਜੀ ਖੇਤਰ ਦਿਖਾਈ ਦੇ ਸਕਣ। ਕੈਨੇਡਾ ਵਿੱਚ ਪੁਲਿਸ ਨੂੰ ਨਿਯਮਿਤ ਤੌਰ 'ਤੇ ਲੋਕਾਂ ਦੀ ਤਲਾਸ਼ੀ ਲਈ <u>**ਨਹੀਂ**</u> ਜਾਣਾ ਚਾਹੀਦਾ; ਕੱਪੜਿਆਂ ਦੇ ਅੰਦਰ ਦੀਆਂ ਤਲਾਸ਼ੀਆਂ **ਸਿਰਫ਼ ਬਹੁਤ ਹੀ ਸੀਮਤ ਹਾਲਤਾਂ ਵਿੱਚ ਵਰਤੀ ਜਾ ਸਕਦੀ ਹੈ** ਅਤੇ ਪੁਲਿਸ ਲਈ ਸਖ਼ਤ ਨਿਯਮਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ।

ਤਲਾਸ਼ੀ ਇਸ ਤਰ੍ਹਾਂ ਹੋਣੀ ਚਾਹੀਦੀ ਹੈ:

- **ਪੁਲਿਸ ਸਟੇਸ਼ਨ ਵਿੱਚ ਕੀਤੀ ਜਾਵੇ** ਜਦੋਂ ਤੱਕ ਪੁਲਿਸ ਕੋਲ ਇਹ ਵਿਸ਼ਵਾਸ ਕਰਨ ਲਈ ਵਾਜਬ ਅਤੇ ਸੰਭਾਵਿਤ ਆਧਾਰ ਨਾ ਹੋਵੇ ਕਿ ਕਿਸੇ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਚੀਜ਼ਾਂ ਲਈ ਤੁਰੰਤ ਤਲਾਸ਼ੀ ਕਰਨੀ ਜ਼ਰੂਰੀ ਹੈ।
- **ਇਸ ਤਰੀਕੇ ਨਾਲ ਕੀਤੀ ਜਾਵੇ ਜਿਸ ਵਿੱਚ ਸ਼ਾਮਲ ਹਰੇਕ ਵਿਅਕਤੀ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਕੀਤੀ ਜਾਵੇ।**
- **ਕਿਸੇ ਨਿਗਰਾਨ ਪੁਲਿਸ ਅਫ਼ਸਰ ਦੁਆਰਾ ਅਧਿਕਾਰ ਪਰ੍ਾਪਤ,** ਜੇ ਸੰਭਵ ਹੋਵੇ।

- **ਤੁਹਾਡੇ ਜਿਹੇ ਲਿੰਗ ਵਾਲੇ ਅਧਿਕਾਰੀ ਦੁਆਰਾ ਕੀਤੀ ਜਾਵੇ**, ਜਦੋਂ ਤੱਕ ਹਾਲਤ ਜ਼ਰੂਰੀ ਨਾ ਬਣ ਜਾਵੇ, ਅਤੇ ਉਸ ਲਿੰਗ ਦਾ ਕੋਈ ਅਫ਼ਸਰ ਉਪਲਬਧ ਨਾ ਹੋਵੇ।
- **ਅਫ਼ਸਰਾਂ ਦੀ ਸਭ ਤੋਂ ਘੱਟ ਗਿਣਤੀ ਦੁਆਰਾ ਪੂਰੀ ਕੀਤੀ ਜਾਵੇ** ਜ਼ਰੂਰੀ ਹੈ।
- **ਘੱਟੋ-ਘੱਟ ਬਲ ਪਰ੍ਯੋਗ ਕਰਕੇ ਕੀਤੀ ਜਾਵੇ** । ਕੋਈ ਹਿੰਸਕ ਘਟਨਾ ਹੋਣੀ ਚਾਹੀਦੀ ਹੈ ਜਿੱਥੇ ਕਿਸੇ ਨੂੰ ਸੱਟ ਲੱਗ ਜਾਂਦੀ ਹੋਵੇ।
- **ਕਿਸੇ ਨਿੱਜੀ ਖੇਤਰ ਵਿੱਚ ਕੀਤੀ ਜਾਵੇ**, ਤਾਂ ਜੋ ਕੋਈ ਹੋਰ ਨਾ ਦੇਖ ਸਕੇ।
- **ਜਲਦੀ ਤੋਂ ਜਲਦੀ ਕੀਤੀ ਜਾਵੇ**
- ਇਸ ਤਰੀਕੇ ਨਾਲ ਕੀਤੀ **ਜਾਵੇ** ਜੋ ਇਹ ਯਕੀਨੀ ਬਣਾਵੇ ਕਿ ਤੁਸੀਂ ਪੂਰੀ ਤਰ੍ਹਾਂ ਨੰਗੇ ਨਹੀਂ ਹੋ।
- ਛਾਤੀਆਂ, ਪੁੜਿਆਂ, ਗੁਪਤ ਅਤੇ ਗੁਦਾ ਖੇਤਰਾਂ 'ਤੇ **ਸਿਰਫ਼ ਨਜ਼ਰ ਮਾਰਕੇ ਕੀਤੀ ਜਾਵੇ** ਅਤੇ ਕਦੇ ਵੀ ਇਹਨਾਂ ਨੂੰ ਛੂਹਿਆ ਨਾ ਜਾਵੇ।
- **ਦਸਤਾਵੇਜ਼ਾਂ ਦੇ ਨਾਲ ਕੀਤੀ ਜਾਵੇ** ਪੁਲਿਸ ਤਾਲਾਸ਼ੀ ਲੈਣ ਸੰਬੰਧੀ ਆਪਣੇ ਨਾਲ ਦਸਤਾਵੇਜ਼ ਲੈਕੇ ਆਵੇ ਜਿਸ ਵਿੱਚ ਕਾਰਨਾਂ ਦਾ ਅਤੇ ਇਸ ਨੂੰ ਕੀਤੇ ਜਾਣ ਦੇ ਤਰੀਕੇ ਦਾ ਵਰਣਨ ਕੀਤਾ ਹੋਵੇ।

## ਨਜ਼ਰਬੰਦ ਕਰਨਾ ਅਤੇ ਤੁਹਾਡਾ ਸਲਾਹ ਲੈਣ ਦਾ ਅਧਿਕਾਰ

ਹਮੇਸ਼ਾ ਯਾਦ ਰੱਖੋ, ਜੇ ਪੁਲਿਸ ਸਵਾਲ ਪੁੱਛ ਰਹੀ ਹੈ ਜਾਂ ਤੁਹਾਡੇ ਸਮਾਨ ਦੀ ਤਲਾਸ਼ੀ ਕਰਨਾ ਚਾਹੁੰਦੀ ਹੈ, ਤਾਂ ਤੁਸੀਂ ਪੁੱਛ ਸਕਦੇ ਹੋ: "ਕੀ ਮੈਂ ਜਾ ਸਕਦਾ/ਸਕਦੀ ਹਾਂ?" ਜ਼ਿਆਦਾਤਰ ਮਾਮਲਿਆਂ ਵਿੱਚ, ਜੇ ਜਵਾਬ ਹਾਂ ਵਿੱਚ ਹੋਵੇ, ਤਾਂ ਤੁਸੀਂ ਬਿਨਾਂ ਕੋਈ ਜਾਣਕਾਰੀ ਦਿੱਤੇ ਜਾਂ ਪੁਲਿਸ ਨੂੰ ਕੁਝ ਵੀ ਤਲਾਸ਼ੀ ਦੇਣ ਦੀ ਇਜਾਜ਼ਤ ਦਿੱਤੇ ਬਿਨਾਂ ਉੱਥੋਂ ਜਾ ਸਕਦੇ ਹੋ। ਜੇ ਜਵਾਬ ਨਾਂਹ ਵਿੱਚ ਹੈ, ਤਾਂ ਪੁਲਿਸ ਨੇ ਤੁਹਾਨੂੰ ਨਜ਼ਰਬੰਦ ਕਰ ਲੈ ਲਿਆ ਹੈ, ਅਤੇ ਤੁਹਾਨੂੰ ਚੁੱਪ ਰਹਿਣ ਦਾ ਅਧਿਕਾਰ ਹੈ ਅਤੇ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਵੀ ਹੈ।

ਇਹ ਕੁਝ ਖਾਸ ਹਾਲਤਾਂ ਹੁੰਦੀਆਂ ਹਨ ਜਿੱਥੇ ਲੋਕਾਂ ਨੂੰ ਨਜ਼ਰਬੰਦ ਹੋਣ ਦੌਰਾਨ ਸਲਾਹ ਲੈਣ ਦਾ ਅਧਿਕਾਰ ਨਹੀਂ ਹੁੰਦਾ ਹੈ:

- ਜਦੋਂ ਕਸਟਮ ਐਕਟ ਨੂੰ ਲਾਗੂ ਕਰਨ ਵਾਲਾ ਕੋਈ CBSA ਅਧਿਕਾਰੀ ਜਾਂਚ ਕਰ ਰਿਹਾ ਹੋਵੇ,
- ਜੇ ਡਰਾਈਵਿੰਗ ਸੰਬੰਧੀ ਜੁਰਮ ਲਈ ਰੋਕਿਆ ਗਿਆ ਹੈ, ਜਾਂ
- ਜਦੋਂ ਸਨਾਖ਼ਤ ਸੰਬੰਧੀ ਜਾਣਕਾਰੀ ਪਰ੍ਦਾਨ ਕਰਨ ਦੀ ਲੋੜ ਹੁੰਦੀ ਹੋਵੇ (ਪਾਠ 1 ਦੇਖੋ: ਪੁਲਿਸ ਨਾਲ ਗੱਲਬਾਤ ਕਰਨਾ।)

## ਟਰ੍ਾਂਸਜੈਂਡਰ ਅਤੇ ਲਿੰਗ ਅਧਾਰ ’ਤੇ ਵੱਖਰੇ ਅਧਿਕਾਰ

ਜੇ ਤੁਸੀਂ ਦੋ-ਆਤਮਾ ਵਾਲੇ, ਟਰ੍ਾਂਸਜੈਂਡਰ, ਗੈਰ-ਬਾਈਨਰੀ, ਜਾਂ ਹੋਰ ਲਿੰਗ-ਭਿੰਨਤਾ ਵਾਲੇ ਹੋ, ਤਾਂ ਤੁਹਾਨੂੰ ਪੁਲਿਸ ਨੂੰ ਆਪਣੇ ਲਿੰਗ ਦੀ ਸਵੈ-ਪਛਾਣ ਕਰਵਾਉਣ ਅਤੇ ਇਹ ਚੁਣਨ ਦਾ ਅਧਿਕਾਰ ਹੈ ਕਿ ਕੀ ਤਲਾਸ਼ੀ ਕੋਈ ਮਰਦ ਜਾਂ ਔਰਤ ਅਫ਼ਸਰ, ਜਾਂ ਦੋਵਾਂ ਦੁਆਰਾ ਕੀਤੀ ਜਾਵੇ। ਜੇ ਤੁਸੀਂ ਦੋਵਾਂ ਨੂੰ ਚੁਣਦੇ ਹੋ, ਤਾਂ ਤੁਸੀਂ ਚੁਣ ਸਕਦੇ ਹੋ ਕਿ ਕੌਣ ਤੁਹਾਡੇ ਸਰੀਰ ਦੇ ਕਿਹੜੇ ਹਿੱਸੇ ਦੀ ਤਲਾਸ਼ੀ ਕੀਤੀ ਕਰੇ। ਤੁਹਾਡੀਆਂ ਚੋਣਾਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ, ਜਦੋਂ ਤੱਕ ਕੋਈ ਜਰੂਰੀ ਹਾਲਤ ਨਾ ਹੋਵੇ, ਅਤੇ ਬੇਨਤੀ ਕੀਤੇ ਲਿੰਗ ਦਾ ਅਫ਼ਸਰ ਉਪਲਬਧ ਨਾ ਹੋਵੇ।

ਲਿੰਗ-ਪੁਸ਼ਟੀਕਰਨ ਵਾਲੇ ਕੱਪੜਿਆਂ ਨਾਲ ਵੀ ਸਤਿਕਾਰ ਨਾਲ ਪੇਸ਼ ਆਉਣਾ ਚਾਹੀਦਾ ਹੈ ਅਤੇ ਤੁਹਾਨੂੰ ਵਾਪਸ ਕੀਤੇ ਜਾਣੇ ਚਾਹੀਦੇ ਹਨ। ਤੁਸੀਂ ਅਫ਼ਸਰਾਂ ਨੂੰ ਸਮਝਾ ਸਕਦੇ ਹੋ ਕਿ ਇਹ ਸਮਾਨ ਤੁਹਾਡੀ ਲਿੰਗ ਪਛਾਣ ਦੇ ਪਰ੍ਗਟਾਵੇ ਦਾ ਹਿੱਸਾ ਹਨ।

### ਸਰੀਰਕ ਸੁਰਾਖਾਂ ਦੀਆਂ ਤਲਾਸ਼ੀਆਂ

ਸਰੀਰਕ ਸੁਰਾਖਾਂ ਦੀ ਤਲਾਸ਼ੀ ਤਾਂ ਹੀ ਕੀਤੀ ਜਾਂਦੀ ਹੈ ਜੇ ਇੱਕ ਕੱਪੜਿਆਂ ਦੇ ਅੰਦਰ ਦੀ ਤਲਾਸ਼ੀ ਦਿਖਾਉਂਦੀ ਹੋਵੇ ਕਿ ਸਰੀਰ ਦੇ ਸੁਰਾਖਾਂ ਵਿੱਚ ਕੋਈ ਹਥਿਆਰ ਜਾਂ ਸਬੂਤ ਹੈ। ਪੁਲਿਸ ਨੂੰ ਸਰੀਰਕ ਸੁਰਾਖਾਂ ਦੀਆਂ ਤਲਾਸ਼ੀਆਂ ਇਹ ਵਿਕਲਪ ਦਿੱਤੇ ਬਿਨਹ੍ਹਾਂ ਨਹੀਂ ਕਰਨੀਆਂ ਚਾਹੀਦੀਆਂ ਕਿ ਤੁਸੀਂ ਉਸ ਵਸਤੂ ਖੁਦ ਕੱਢ ਦੇਵੋ ਜਾਂ ਉਸ ਨੂੰ ਕਿਸੇ ਸਿੱਖਿਅਤ ਮੈਡੀਕਲ ਪੇਸ਼ੇਵਰ ਦੁਆਰਾ ਕੱਢਵਾਇਆ ਜਾਵੇ। ਉਪਰੋਕਤ ਸੂਚੀਬੱਧ, ਕੱਪੜਿਆਂ ਦੇ ਅੰਦਰ ਦੀਆਂ ਤਲਾਸ਼ੀਆਂ ਲਈ ਸਰੀਰ ਦੇ ਸੁਰਾਖਾਂ ਦੀ ਤਲਾਸ਼ੀ ਲਈ ਵੀ ਉਹੀ ਨਿਯਮਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ।

ਕੱਪੜਿਆਂ ਦੇ ਅੰਦਰ ਦੀਆਂ ਤਲਾਸ਼ੀਆਂ ਅਤੇ ਸਰੀਰ ਦੇ ਸਰੀਰਕ ਸੁਰਾਖਾਂ ਦੀਆਂ ਤਲਾਸ਼ੀਆਂ ਅਪਮਾਨਜਨਕ ਹੁੰਦੀਆਂ ਹਨ। ਉਹਨਾਂ ਨੂੰ ਪੁਲਿਸ ਦੀ ਆਮ ਕਾਰਵਾਈ ਦੇ ਹਿੱਸੇ ਵਜੋਂ ਜਾਂ ਪੁਲਿਸ ਅਫ਼ਸਰਾਂ ਦੁਆਰਾ ਧਮਕੀ ਵਜੋਂ **ਨਹੀਂ** ਕੀਤਾ ਜਾਣਾ ਚਾਹੀਦਾ ਹੈ। ਪੁਲਿਸ ਕੋਲ ਇਹ ਵਿਸ਼ਵਾਸ ਕਰਨ ਲਈ ਵਾਜਬ ਅਤੇ ਸੰਭਾਵਿਤ ਆਧਾਰ ਹੋਣੇ ਚਾਹੀਦੇ ਹਨ ਕਿ ਤੁਸੀਂ ਆਪਣੇ ਕੱਪੜਿਆਂ ਦੇ ਹੇਠਾਂ ਜਾਂ ਸਰੀਰ ਦੇ ਕਿਸੇ ਸੁਰਾਖ ਵਿੱਚ ਕੁਝ ਲੁਕਾ ਰਹੇ ਹੋ ਜੋ ਖਤਰਨਾਕ ਹੈ ਜਾਂ ਜੁਰਮ ਦਾ ਸਬੂਤ ਹੈ।

### ਸਰੀਰਕ ਤਲਾਸ਼ੀਆਂ ਲਈ ਚਿਤਾਵਨੀ

ਭਾਵੇਂ ਇਹ ਨਿਯਮ ਦਿੱਤੇ ਗਏ ਹਨ ਕਿ ਸਰੀਰ ਦੀ ਤਲਾਸ਼ੀ ਦੌਰਾਨ ਕੀ ਹੋਣਾ ਚਾਹੀਦਾ ਹੈ, ਇਸ ਲਈ ਇਹ, ਪਰ ਸਾਰੇ ਪੁਲਿਸ ਵਾਲੇ ਸਹੀ ਢੰਗ ਨਾਲ ਸਿਖਿਅਤ ਨਹੀਂ ਹੁੰਦੇ ਹਨ, ਜਾਂ ਉਹ ਇਹਨਾਂ ਮਿਆਰਾਂ ਦੀ ਪਾਲਣਾ ਨਹੀਂ ਕਰ ਸਕਦੇ ਹਨ।

ਇਹਨਾਂ ਸਥਿਤੀਆਂ ਵਿੱਚ ਆਪਣੀ ਸੁਰੱਖਿਆ ਪ੍ਰਤੀ ਸੁਚੇਤ ਰਹੋ। ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੀ ਅਣਉਚਿਤ ਤਰੀਕੇ ਨਾਲ ਤਲਾਸ਼ੀ ਕੀਤੀ ਗਈ ਸੀ, ਤਾਂ ਜੋ ਹੋਇਆ, ਉਸ ਬਾਰੇ ਨੋਟਸ ਬਣਾਉਣ ਦੀ ਕੋਸ਼ਿਸ਼ ਕਰੋ, ਅਫ਼ਸਰਾਂ ਦੇ ਨਾਂ, ਅਤੇ ਆਪਣੇ ਵਕੀਲ ਨੂੰ ਦੱਸਣ ਲਈ ਕੋਈ ਹੋਰ ਸਨਾਖ਼ਤ ਸੰਬੰਧੀ ਜਾਣਕਾਰੀ।

## DNA ਸੈਂਪਲ ਅਤੇ ਸਰੀਰਕ ਪਦਾਰਥ

ਜਦੋਂ ਪੁਲਿਸ ਤੁਹਾਡੇ ਸਰੀਰ ਤੋਂ ਖੂਨ, ਥੁੱਕ, ਦੰਦਾਂ ਦੇ ਨਿਸ਼ਾਨ, ਜਾਂ ਵਾਲਾਂ ਤੋਂ DVA ਜਾਂ ਸੈਂਪਲ ਇਕੱਤਰ ਕਰਦੀ ਹੈ, ਤਾਂ ਅਫ਼ਸਰਾਂ ਨੂੰ ਆਮ ਤੌਰ 'ਤੇ ਇੱਕ ਵਾਰੰਟ ਦੀ ਲੋੜ ਹੁੰਦੀ ਹੈ।

ਪੁਲਿਸ ਨੂੰ ਵਾਰੰਟ ਦੀ ਲੋੜ ਨਹੀਂ ਹੁੰਦੀ ਹੈ ਜੇ ਉਹਨਾਂ ਕੋਲ ਇਹ ਵਿਸ਼ਵਾਸ ਕਰਨ ਲਈ ਵਾਜਬ ਆਧਾਰ ਹੋਣ ਕਿ ਤੁਸੀਂ ਸ਼ਰਾਬ ਜਾਂ ਨਸ਼ੀਲੇ ਪਦਾਰਥਾਂ ਵਿੱਚ ਟੱਲੀ ਹੋ ਕੇ ਕਾਰ, ਮੋਟਰਬੋਟ, ਜਾਂ ਹੋਰ ਵਾਹਨ ਚਲਾ ਰਹੇ ਹੋ। ਪੁਲਿਸ ਤੁਹਾਡੇ ਸਾਹ ਜਾਂ ਸਰੀਰਿਕ ਤਰਲ ਪਦਾਰਥਾਂ (ਜਿਵੇਂ ਕਿ ਖੂਨ ਜਾਂ ਪਿਸ਼ਾਬ) ਦੇ ਸੈਂਪਲ ਲੈ ਸਕਦੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਤੁਸੀਂ ਕਾਨੂੰਨੀ ਸੀਮਾ ਤੋਂ ਵੱਧ ਦਾ ਸੇਵਨ ਕੀਤਾ ਹੈ, ਜਾਂ ਤੁਹਾਨੂੰ ਸਰੀਰਕ ਸੰਤੁਲਨ ਸੰਬੰਧੀ ਟੈਸਟ ਕਰਵਾਉਣ ਲਈ ਕਹਿ ਸਕਦੇ ਹਨ। ਜੇ ਤੁਸੀਂ ਸੈਂਪਲ ਦੇਣ ਜਾਂ ਟੈਸਟ ਕਰਵਾਉਣ ਤੋਂ ਇਨਕਾਰ ਕਰਦੇ ਹੋ, ਤਾਂ ਤੁਹਾਡੇ 'ਤੇ ਵੱਖਰੇ ਜੁਰਮ ਦਾ ਦੋਸ਼ ਲਗਾਇਆ ਜਾ ਸਕਦਾ ਹੈ।

ਜੇ ਜਾਂਚ ਵਿੱਚ ਪਾਇਆ ਜਾਂਦਾ ਹੈ ਕਿ ਤੁਸੀਂ ਡਰਾਈਵਿੰਗ ਦੇ 2 ਘੰਟਿਆਂ ਦੇ ਅੰਦਰ 0.08 (100mL ਵਿੱਚ 80mg ਅਲਕੋਹਲ) ਜਾਂ ਇਸ ਤੋਂ ਵੱਧ ਦਾ ਸੇਵਨ ਕੀਤਾ ਹੈ, ਤਾਂ ਤੁਹਾਡੇ 'ਤੇ ਨਸ਼ੇ ਵਿੱਚ ਗੱਡੀ ਚਲਾਉਣ ਦਾ ਦੋਸ਼ ਲਗਾਇਆ ਜਾ ਸਕਦਾ ਹੈ। ਜੇ ਤੁਸੀਂ ਉਹਨਾਂ 2 ਘੰਟਿਆਂ ਵਿੱਚ ਡਰਾਈਵਿੰਗ ਕਰਨ ਤੋਂ ਬਾਅਦ ਜ਼ਿਆਦਾ ਅਲਕੋਹਲ ਪੀਂਦੇ ਹੋ, ਤਾਂ ਤੁਹਾਨੂੰ ਇਹ ਸਾਬਤ ਕਰਨਾ ਪਵੇਗਾ ਕਿ ਡਰਾਈਵਿੰਗ ਦੇ ਸਮੇਂ ਤੁਹਾਡਾ ਖੂਨ ਦਾ ਪੱਧਰ 0.08 ਤੋਂ ਘੱਟ ਸੀ ਅਤੇ ਤੁਹਾਨੂੰ ਖੂਨ ਦਾ ਸੈਂਪਲ ਦੇਣ ਲਈ ਕਹੇ ਜਾਣ ਦੀ ਉਮੀਦ ਕਰਨ ਦਾ ਕੋਈ ਕਾਰਨ ਨਹੀਂ ਸੀ, ਉਦਾਹਰਨ ਲਈ, ਕਿਉਂਕਿ ਕੋਈ ਹਾਦਸਾ ਨਹੀਂ ਹੋਇਆ ਸੀ।

ਪੁਲਿਸ ਨੂੰ ਕਿਸੇ ਵੀ DNA ਦੇ ਸੈਂਪਲ ਲਈ ਵਾਰੰਟ ਦੀ ਲੋੜ ਨਹੀਂ ਹੁੰਦੀ ਹੈ ਜੋ ਤੁਸੀਂ ਸੁੱਟੇ ਦਿੱਤੇ ਜਾਂ ਪਿੱਛੇ ਛੱਡ ਦਿੱਤੇ ਹਨ (ਜਿਵੇਂ ਕਿ ਵਾਲ, ਖੂਨ ਦੇ ਧੱਬੇ, ਜਾਂ ਵਰਤੇ ਗਏ ਟਿਸ਼ੂ)। ਇਸ ਤੋਂ ਇਲਾਵਾ, ਪੁਲਿਸ ਨੂੰ ਵਾਰੰਟ ਦੀ ਲੋੜ ਨਹੀਂ ਵੀ ਹੋ ਸਕਦੀ ਜੇ ਉਹ ਵਿਸ਼ਵਾਸ਼ ਕਰਦੇ ਹੋਣ ਕਿ ਤੁਹਾਡੀ ਚਮੜੀ ਜਾਂ ਕੱਪੜਿਆਂ 'ਤੇ ਕਿਸੇ ਹੋਰ ਦਾ DNA ਹੈ।

## ਸੁੰਘਣ ਵਾਲੇ ਕੁੱਤੇ

ਤੁਹਾਨੂੰ ਜਾਂ ਤੁਹਾਡੇ ਸਮਾਨ ਲਈ ਸੁੰਘਣ ਵਾਲੇ ਕੁੱਤਿਆਂ ਦੀ ਵਰਤੋਂ ਕਰਨ ਲਈ, ਪੁਲਿਸ ਕੋਲ ਸ਼ੱਕ ਕਰਨ ਦਾ ਵਾਜਬ ਹੋਣਾ ਲਾਜ਼ਮੀ ਹੈ ਕਿ ਤੁਸੀਂ ਕੋਈ ਜੁਰਮ ਕੀਤਾ ਹੈ ਜਾਂ ਕਰਨ ਵਾਲੇ ਹੋ। ਉਹ ਸਿਰਫ਼ ਇੱਕ ਖੇਤਰ ਦੇ ਅੰਦਰ ਹੀ ਹਰੇਕ ਵਿਅਕਤੀ 'ਤੇ ਕਿਸੇ ਸੁੰਘਣ ਵਾਲੇ ਕੁੱਤੇ ਦੀ ਵਰਤੋਂ ਨਹੀਂ ਕਰ ਸਕਦੇ, ਲੋਕਾਂ ਨੂੰ ਅਕਾਸਮਿਕ ਢੰਗ ਨਾਲ ਚੁਣ ਸਕਦੇ ਹਨ, ਜਾਂ "ਅਟਕਲਾਂ" ਦੇ ਅਧਾਰ 'ਤੇ ਕੰਮ ਨਹੀਂ ਕਰ ਸਕਦੇ ਹਨ।

## ਤੁਹਾਡੇ ਘਰ ਦੀ ਤਲਾਸ਼ੀ

ਪੁਲਿਸ ਸਿਰਫ਼ ਇਹਨਾਂ ਤਿੰਨ ਹਾਲਤਾਂ ਵਿੱਚ ਤੁਹਾਡੇ ਘਰ ਦੀ ਤਲਾਸ਼ੀ ਲੈ ਸਕਦੀ ਹੈ: (1) ਕਿਸੇ ਵਾਰੰਟ ਦੇ ਨਾਲ, (2) ਤੁਹਾਡੀ ਇਜਾਜ਼ਤ ਨਾਲ, ਜਾਂ (3) ਐਮਰਜੈਂਸੀ ਵਿੱਚ।

ਆਮ ਤੌਰ 'ਤੇ, ਤੁਹਾਡੇ ਘਰ ਦੀ ਤਲਾਸ਼ੀ ਲਈ ਪੁਲਿਸ ਕੋਲ ਕੋਈ ਵਾਰੰਟ ਹੋਣਾ ਚਾਹੀਦਾ ਹੈ। ਇਹ ਇੱਕ ਜੱਜ ਜਾਂ ਜਸਟਿਸ ਆਫ਼ ਪੀਸ ਦੁਆਰਾ ਦਸਤਖ਼ਤ ਕੀਤਾ ਇੱਕ ਲਿਖਤੀ ਦਸਤਾਵੇਜ਼ ਹੁੰਦਾ ਹੈ, ਜਦੋਂ ਪੁਲਿਸ ਵੱਲੋਂ ਇਹ ਵਿਸ਼ਵਾਸ ਕਰਨ ਲਈ ਵਾਜਬ ਅਤੇ ਸੰਭਾਵਿਤ ਆਧਾਰ ਪਰਦਾਨ ਕੀਤੇ ਜਾਣ ਤੋਂ ਬਾਅਦ ਕਿ ਕੋਈ ਜੁਰਮ ਕੀਤਾ ਗਿਆ ਹੈ ਅਤੇ ਤਲਾਸ਼ੀ ਕੀਤੀ ਜਾਣ ਵਾਲੀ ਥਾਂ ਤੋਂ ਸਬੂਤ ਲੱਭੇ ਜਾਣਗੇ।

ਜੇ ਤੁਸੀਂ ਇਸ ਨੂੰ ਦੇਖਣ ਲਈ ਕਹਿੰਦੇ ਹੋ ਤਾਂ ਪੁਲਿਸ ਨੂੰ ਤੁਹਾਨੂੰ ਵਾਰੰਟ ਦਿਖਾਉਣਾ ਪਵੇਗਾ। ਪੁਲਿਸ ਤਲਾਸ਼ੀ ਦੇ ਸਮੇਂ ਕੋਈ ਕਾਪੀ ਨਹੀਂ ਪਰਦਾਨ ਕਰ ਸਕਦੀ, ਉਦਾਹਰਨ ਲਈ ਜੇ ਉਹ ਕਿਸੇ ਐਮਰਜੈਂਸੀ ਪਰਤੀ ਜਵਾਬ ਦੇ ਰਹੇ ਹੋਣ।

ਜੇ ਤੁਸੀਂ ਸਹਿਮਤੀ ਦਿੰਦੇ ਹੋ ਤਾਂ ਪੁਲਿਸ ਨੂੰ ਬਿਨਾਂ ਵਾਰੰਟ ਦੇ ਤੁਹਾਡੇ ਘਰ ਵਿੱਚ ਦਾਖਲ ਹੋਣ ਦੀ ਇਜਾਜ਼ਤ ਹੁੰਦੀ ਹੈ। ਜੇ ਤੁਸੀਂ ਕਿਸੇ ਹੋਰ ਦੇ ਘਰ ਵਿੱਚ ਰਹਿੰਦੇ ਹੋ, ਤਾਂ ਉਹ ਵਿਅਕਤੀ ਪੁਲਿਸ ਨੂੰ ਅੰਦਰ ਦਾਖਲ ਹੋਣ ਦੀ ਇਜਾਜ਼ਤ ਦੇ ਸਕਦਾ ਹੈ, ਜਦੋਂ ਤੱਕ ਤੁਹਾਡੇ ਕੋਲ ਇਸ ਦੇ ਕੁਝ ਹਿੱਸੇ ਦੀ ਨਿੱਜਤਾ ਬਣਾਈ ਰੱਖਣ ਦਾ ਅਧਿਕਾਰ ਨਹੀਂ ਹੁੰਦਾ ਹੈ, ਉਦਾਹਰਨ ਲਈ ਜੇ ਤੁਸੀਂ ਆਪਣੇ ਮਾਤਾ-ਪਿਤਾ ਦੇ ਘਰ ਵਿੱਚ ਇੱਕ ਕਮਰੇ ਵਿੱਚ ਰਹਿ ਰਹੇ ਹੋ। ਪੁਲਿਸ ਨੂੰ ਅੰਦਰ ਦਾਖਲ ਹੋਣ ਲਈ ਤੁਹਾਡੀ ਸਹਿਮਤੀ (ਜਾਂ ਵਾਰੰਟ ਜਾਂ ਹੋਰ ਅਥਾਰਟੀ) ਦੀ ਲੋੜ ਹੋਵੇਗੀ।

## ਵਾਰੰਟ ਕਿਹੋ ਜਿਹਾ ਦਿਖਣਾ ਚਾਹੀਦਾ ਹੈ?

ਵਾਰੰਟ ਵਿੱਚ ਘਰ ਦੇ ਮਾਲਕ ਦੇ ਸਹੀ ਨਾਮ ਦੀ ਲੋੜ ਨਹੀਂ ਹੈ, ਪਰ ਇਸ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ:

- ਘਰ ਜਾਂ ਜਾਇਦਾਦ ਦਾ ਸਹੀ ਪਤਾ ਹੋਵੇ।
- ਅਫ਼ਸਰ ਕਦੋਂ ਇਸ ਵਾਰੰਟ ਦੀ ਵਰਤੋਂ ਕਰ ਸਕਦਾ ਹੈ, ਇਸ ਸੰਬੰਧੀ ਤਾਰੀਖ਼ ਅਤੇ ਸਮਾਂ ਹੋਵੇ। ਜੇ ਵਾਰੰਟ ਪੁਰਾਣਾ ਹੈ, ਤਾਂ ਇਸ ਦੀ ਮਿਆਦ ਲੰਘ ਗਈ ਹੈ।
- ਵਿਸ਼ੇਸ਼ ਖੇਤਰ ਦਰਸਾਏ ਹੋਣ ਜਿਨ੍ਹਾਂ ਨੂੰ ਅਫ਼ਸਰਾਂ ਨੂੰ ਤਲਾਸ਼ੀ ਲੈਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਜਿਵੇਂ ਕਿ ਗੈਰੇਜ, ਵਿਹੜੇ, ਜਾਂ ਸ਼ੈੱਡ।
- ਜੱਜ ਜਾਂ ਜਸਟਿਸ ਆਫ਼ ਪੀਸ ਦੇ ਦਸਤਖ਼ਤ ਹੋਣ।

ਜੇ ਵਾਰੰਟ ਵਿੱਚ ਇਹ ਜਾਣਕਾਰੀ ਨਹੀਂ ਹੈ ਜਾਂ ਮਿਆਦ ਲੰਘ ਗਈ ਹੈ, ਤਾਂ ਤੁਸੀਂ ਪੁਲਿਸ ਨੂੰ ਦੱਸ ਸਕਦੇ ਹੋ ਕਿ ਉਹ ਤੁਹਾਡੇ ਘਰ ਦੀ ਤਲਾਸ਼ੀ ਨਹੀਂ ਲੈ ਸਕਦੇ। ਭਾਵੇਂ, ਪੁਲਿਸ ਹਾਲੇ ਵੀ ਕਿਸੇ ਵੀ ਤਰ੍ਹਾਂ ਆ ਸਕਦੀ ਹੈ ਜਾਂ ਜ਼ਬਰਦਸਤੀ ਅੰਦਰ ਦਾਖਲ ਹੋ ਸਕਦੀ ਹੈ। ਤੁਸੀਂ ਕਹਿ ਸਕਦੇ ਹੋ ਕਿ ਤੁਸੀਂ ਤਲਾਸ਼ੀ ਲਈ ਸਹਿਮਤੀ ਨਹੀਂ ਦਿੰਦੇ ਹੋ ਅਤੇ ਇਸ ਨੂੰ ਅਦਾਲਤ ਵਿੱਚ ਚੁਣੌਤੀ ਦੇਣ ਲਈ ਬਾਅਦ ਵਿੱਚ ਕਿਸੇ ਵਕੀਲ ਨਾਲ ਵੀ ਗੱਲ ਕਰ ਸਕਦੇ ਹੋ।

ਆਖਿਰ ਵਿੱਚ, ਪੁਲਿਸ ਕੁਝ ਐਮਰਜੈਂਸੀ ਹਾਲਤਾਂ ਵਿੱਚ ਬਿਨਾਂ ਵਾਰੰਟ ਦੇ ਤੁਹਾਡੇ ਘਰ ਅੰਦਰ ਦਾਖਲ ਹੋ ਸਕਦੀ ਹੈ। ਉਦਾਹਰਨ ਲਈ:

- ਕੋਈ ਵਾਜਬ ਸ਼ੱਕ ਹੋਵੇ ਕਿ ਤੁਹਾਡੇ ਘਰ ਦੇ ਅੰਦਰ ਕੋਈ ਵਿਅਕਤੀ ਪੀੜਤ ਹੈ ਅਤੇ ਉਸ ਨੂੰ ਤੁਰੰਤ ਸਹਾਇਤਾ ਦੀ ਲੋੜ ਹੈ, ਜਿਵੇਂ ਕਿ ਕਿਸੇ ਨੇ 911 'ਤੇ ਕਾਲ ਕੀਤੀ ਹੋਵੇ।
- ਵਾਜਬਅਤੇਸੰਭਾਵਿਤਆਧਾਰਹੋਵੇਕਿਉਹਨਾਂਨੂੰਕਤਲਜਾਂਹਥਿਆਰਾਂਦੀਤਸਕਰੀਵਰਗੇ ਗੰਭੀਰ ਜਾਂ ਵੱਡਾ ਜੁਰਮ ਲਈ ਸਬੂਤਾਂ ਦੇ ਤੁਰੰਤ ਨੁਕਸਾਨ ਜਾਂ ਨਸ਼ਟ ਹੋਣ ਨੂੰ ਰੋਕਣ ਲਈ ਅੰਦਰ ਦਾਖਲ ਹੋਣ ਦੀ ਲੋੜ ਹੈ।
- ਪੁਲਿਸ ਕਿਸੇ ਵਿਅਕਤੀ ਦਾ ਪਿੱਛਾ ਕਰ ਰਹੀ ਹੋਵੇ ਜੋ ਤੁਹਾਡੇ ਘਰ ਵਿੱਚ ਵੜ ਗਿਆ ਹੋਵੇ।
- ਜਦੋਂ ਤੁਹਾਨੂੰ ਜਾਂ ਘਰ ਦੇ ਕਿਸੇ ਵਿਅਕਤੀ ਨੂੰ ਗਿਰਫ਼ਤਾਰ ਕੀਤਾ ਜਾਂਦਾ ਹੈ, ਤਾਂ ਪੁਲਿਸ ਗਿਰਫ਼ਤਾਰੀ ਦੇ ਦੋਸ਼ਾਂ ਨਾਲ ਸੰਬੰਧਤ ਨੇੜਲੇ ਖੇਤਰ ਤੱਕ ਸੀਮਤ ਤਲਾਸ਼ੀ ਕਰ ਸਕਦੀ ਹੈ। ਜੇ ਉਹ ਸ਼ਪਸ਼ਟ ਨਜ਼ਰ ਨਾਲ ਕਿਸੇ ਜੁਰਮ ਦਾ ਕੋਈ ਸਬੂਤ ਦੇਖਦੇ ਹਨ, ਤਾਂ ਉਹ ਇਸ ਨੂੰ ਲੈ ਸਕਦੇ ਹਨ।

ਪੁਲਿਸ ਨੂੰ ਤੁਹਾਡੇ ਸਮਾਨ ਦੀ ਬੇਲੋੜੇ ਤੌਰ 'ਤੇ ਚੀਰ-ਫਾੜ ਨਹੀ ਕਰਨੀ ਚਾਹੀਦੀ, ਉਹਨਾਂ ਚੀਜ਼ਾਂ ਨੂੰ ਲੈਣਾ ਜਾਂ ਜ਼ਬਤ ਨਹੀਂ ਕਰਨਾ ਚਾਹੀਦਾ ਜਿਸ ਦਾ ਜਾਂਚ-ਪੜਤਾਲ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਜਾਂ ਤੁਹਾਡੇ ਘਰ ਦੇ ਲੋਕਾਂ ਪਰ੍ਤੀ ਹਮਲਾਵਰ ਰੁੱਖ ਨਾਲ ਕੰਮ ਨਹੀਂ ਕਰਨਾ ਚਾਹੀਦਾ।

## ਤੁਹਾਡੇ ਵਾਹਨ ਦੀ ਤਲਾਸ਼ੀ

ਜਦੋਂ ਤੁਸੀਂ ਕਈ ਵੱਖ-ਵੱਖ ਕਾਰਨਾਂ ਕਰਕੇ ਕਾਰ ਜਾਂ ਹੋਰ ਵਾਹਨ ਚਲਾ ਰਹੇ ਹੁੰਦੇ ਹੋ ਤਾਂ ਪੁਲਿਸ ਤੁਹਾਨੂੰ ਰੋਕ ਸਕਦੀ ਹੈ। ਇਹ ਜਾਂਚ ਕਰਨ ਲਈ ਹੋ ਸਕਦਾ ਹੈ ਕਿ ਕੀ ਤੁਸੀਂ ਸ਼ਰਾਬ ਪੀ ਕੇ ਤਾਂ ਗੱਡੀ ਨਹੀਂ ਚਲਾ ਰਹੇ, ਟਰੈਫਿਕ ਕਾਨੂੰਨ ਲਾਗੂ ਕਰਨ ਲਈ, ਜਾਂ ਕਿਸੇ ਜੁਰਮ ਦੀ ਜਾਂਚ-ਪੜਤਾਲ ਕਰਨ ਲਈ।

ਜੇ ਤੁਹਾਨੂੰ ਪੁਲਿਸ ਦੁਆਰਾ ਰੋਕ ਲਿਆ ਜਾਂਦਾ ਹੈ, ਤਾਂ ਉਹ ਤੁਹਾਡੇ ਲਾਇਸੰਸ ਅਤੇ ਵਾਹਨ ਦੀ ਰਜਿਸਟਰੇਸ਼ਨ ਦੀ ਮੰਗ ਕਰ ਸਕਦੇ ਹਨ, ਅਤੇ ਉਹ ਤੁਹਾਡੇ ਵਾਹਨ ਦੇ ਅੰਦਰ ਤੇਜ਼ੀ ਨਾਲ ਝਾਤ ਮਾਰ ਸਕਦੇ ਹਨ।

### ਟੈਂਟ ਅਤੇ RVs

ਜਨਤਕ ਜਾਇਦਾਦ 'ਤੇ ਟੈਂਟ ਅਸਥਾਈ ਪਨਾਹਾਂ ਅਤੇ ਮਨੋਰੰਜਨ ਵਾਹਨਾਂ (RVs) ਉਹਨਾਂ ਸਮਾਨ ਨਿਯਮਾਂ ਦੁਆਰਾ ਸੁਰੱਖਿਅਤ ਨਹੀਂ ਹੁੰਦੇ ਜਿਨ੍ਹਾਂ ਅਧੀਨ ਘਰ ਹੁੰਦੇ ਹਨ, ਭਾਵੇਂ ਇਹ ਕਿਸੇ ਦਾ ਇੱਕੋ ਇੱਕ ਘਰ ਕਿਉਂ ਨਾ ਹੋਵੇ। ਪੁਲਿਸ ਨੂੰ ਵਾਰੰਟ ਦੀ ਲੋੜ ਨਹੀਂ ਹੁੰਦੀ ਹੈ ਅਤੇ ਜੇ ਤੁਸੀਂ ਉਹਨਾਂ ਵਿੱਚ ਜਾਂ ਉਹਨਾਂ ਦੇ ਨੇੜੇ ਗ੍ਰਿਫ਼ਤਾਰ ਹੋ ਜਾਂਦੇ ਹੋ ਤਾਂ ਉਹ ਇਸ ਕਿਸਮ ਦੇ ਘਰਾਂ ਦੀ ਤਲਾਸ਼ੀ ਲੈ ਸਕਦੇ ਹਨ।

ਪੁਲਿਸ ਤੁਹਾਡੀ ਕਾਰ ਦੀ ਤਲਾਸ਼ੀ ਲੈ ਸਕਦੀ ਹੈ ਜੇ:

1. ਤੁਸੀਂ ਉਨਹ੍ਹਾਂ ਨੂੰ ਇਜਾਜ਼ਤ ਦਿਓ। ਸੂਚਿਤ ਅਤੇ ਸਵੈ-ਇੱਛਤ ਸਹਿਮਤੀ ਦਾ ਅਰਥ ਹੁੰਦਾ ਹੈ ਕਿ ਤੁਸੀਂ ਤਲਾਸੀ ਦੇ ਸੰਭਾਵੀ ਨਤੀਜਿਆਂ ਨੂੰ ਸਮਝਦੇ ਹੋ, ਪੁਲਿਸ ਨੇ ਤੁਹਾਨੂੰ ਤਲਾਸ਼ੀ ਦੇ ਕਾਰਨ ਦੱਸ ਦਿੱਤੇ ਹਨ, ਅਤੇ ਤੁਸੀਂ ਸਮਝਦੇ ਹੋ ਕਿ ਤੁਸੀਂ ਤਲਾਸ਼ੀ ਤੋਂ ਇਨਕਾਰ ਕਰਨ ਲਈ ਸੁਤੰਤਰ ਸੀ। ਉਦਾਹਰਨ ਲਈ, ਜੇ ਕੋਈ ਪੁਲਿਸ ਅਫ਼ਸਰ ਸਿਰਫ਼ ਇਹ ਹੀ ਕਹਿੰਦਾ ਹੈ, "ਕੀ ਤੁਸੀਂ ਮੈਨੂੰ ਦਿਖਾ ਸਕਦੇ ਹੋ ਕਿ ਉਸ ਬੈਗ ਦੇ ਅੰਦਰ ਕੀ ਹੈ?", ਅਤੇ ਤੁਸੀਂ ਦਿਖਾ ਦਿੰਦੇ ਹੋ ਕਿਉਂਕਿ ਤੁਸੀਂ ਸੋਚਿਆ ਸੀ ਕਿ ਤੁਹਾਨੂੰ ਅਜਿਹਾ ਕਰਨਾ ਚਾਹੀਦਾ ਹੈ, ਇਹ ਅਸਲ ਵਿੱਚ ਸਹਿਮਤੀ ਨਹੀਂ ਹੁੰਦੀ ਹੈ। ਤੁਸੀਂ ਇਸ ਤਰਹ੍ਹਾਂ ਦੇ ਸਵਾਲਾਂ ਲਈ "ਨਾਂਹ" ਕਹਿ ਸਕਦੇ ਹੋ। ਜੇ ਉਹ ਤਲਾਸ਼ੀ ਜਾਰੀ ਰੱਖਦੇ ਹਨ ਤਾਂ ਉਹਨਾਂ ਨੂੰ ਸਰੀਰਕ ਤੌਰ 'ਤੇ ਰੋਕਣ ਦੀ ਕੋਸ਼ਿਸ਼ ਨਾ ਕਰੋ। ਤੁਸੀਂ ਬਾਅਦ ਵਿੱਚ ਆਪਣੇ ਅਧਿਕਾਰਾਂ ਨੂੰ ਲਾਗੂ ਕਰ ਸਕਦੇ ਹੋ।
2. ਤੁਹਾਨੂੰ ਗੱਡੀ ਚਲਾਉਂਦੇ ਸਮੇਂ ਜਾਂ ਤੁਹਾਡੀ ਕਾਰ ਵਿੱਚੋਂ ਗਿਰਫ਼ਤਾਰ ਕੀਤਾ ਜਾਂਦਾ ਹੈ।
3. ਉਹਨਾਂ ਕੋਲ ਇਹ ਵਿਸ਼ਵਾਸ ਕਰਨ ਲਈ ਵਾਜਬ ਅਤੇ ਸੰਭਾਵਿਤ ਆਧਾਰ ਹੋਣ ਕਿ ਤੁਸੀਂ ਇੱਕ ਅਪਰਾਧਿਕ ਜੁਰਮ ਕੀਤਾ ਹੈ, ਜਿਵੇਂ ਕਿ ਖਤਰਨਾਕ ਢੰਗ ਨਾਲ ਡਰਾਈਵਿੰਗ।
4. ਤੁਹਾਨੂੰ ਇੱਕ ਟਰੈਫਿਕ ਸੰਬੰਧੀ ਜੁਰਮ ਲਈ ਰੋਕਿਆ ਗਿਆ ਹੈ **ਅਤੇ** ਫਿਰ ਇੱਕ ਅਫ਼ਸਰ ਕੁਝ ਦੇਖਦਾ ਹੈ ਜੋ ਉਹਨਾਂ ਨੂੰ ਵਾਜਬ ਸ਼ੱਕ ਪਰ੍ਦਾਨ ਕਰਦਾ ਹੈ ਕਿ ਤੁਸੀ ਕੋਈ ਅਪਰਾਧ ਕੀਤਾ ਹੈ, ਜਾਂ ਕਰਨ ਵਾਲੇ ਹੋ। ਉਦਾਹਰਨ ਲਈ, ਜੇ ਕੋਈ ਅਫ਼ਸਰ ਤੁਹਾਨੂੰ ਤੇਜ਼ ਰਫਤਾਰ ਲਈ ਰੋਕਦਾ ਹੈ, ਅਤੇ ਫਿਰ ਯਾਤਰੀ ਸੀਟ 'ਤੇ ਸ਼ਰਾਬ ਦੀ ਖਾਲੀ ਬੋਤਲ ਦੇਖਦਾ ਹੈ ਜਾਂ ਭੰਗ ਦੀ ਤੇਜ਼ ਗੰਧ ਮਹਿਸੂਸ ਕਰਦਾ ਹੈ, ਤਾਂ ਉਹਨਾਂ ਨੂੰ ਵਾਜਬ ਸ਼ੱਕ ਹੋ ਸਕਦਾ ਹੈ ਕਿ ਤੁਸੀਂ ਨਸ਼ੇ ਵਿੱਚ ਗੱਡੀ ਚਲਾ ਰਹੇ ਸੀ।

ਜੇ ਪੁਲਿਸ ਤੁਹਾਡੀ ਕਾਰ ਦੇ ਅੰਦਰ ਝਾਤੀ ਮਾਰਦੀ ਹੈ ਅਤੇ ਕਿਸੇ ਅਪਰਾਧ ਦਾ ਕੋਈ ਸਬੂਤ ਨਹੀਂ ਮਿਲਦਾ, ਤਾਂ ਉਹ ਤੁਹਾਡੇ ਟਰੰਕ ਦੀ ਤਲਾਸ਼ੀ ਨਹੀਂ ਲੈ ਸਕਦੀ। ਉਦਾਹਰਨ ਲਈ, ਜੇ ਇਹ ਪਤਾ ਲੱਗਦਾ ਹੈ ਕਿ ਇੱਕ ਖਾਲੀ ਬੋਤਲ ਵਿੱਚ ਸੰਤਰੇ ਦਾ ਜੂਸ ਹੈ ਨਾ ਕਿ ਸ਼ਰਾਬ, ਤਾਂ ਉਹਨਾਂ ਕੋਲ ਤਲਾਸ਼ੀ ਦਾ ਕੋਈ ਕਾਰਨ ਨਹੀਂ ਰਹਿ ਜਾਂਦਾ। ਤੁਸੀਂ ਕਹਿ ਸਕਦੇ ਹੋ: “ਨਾਂਹ” ਜੇ ਪੁਲਿਸ ਤੁਹਾਨੂੰ ਇਸ ਹਾਲਤ ਵਿੱਚ ਤੁਹਾਡਾ ਟਰੰਕ ਖੋਲਹ੍ਹਣ ਲਈ ਕਹਿੰਦੀ ਹੈ।

### ਸਰੀਰਕ ਭਾਸ਼ਾ ਅਤੇ ਸੰਚਾਰ

ਪੁਲਿਸ ਅਫਸਰਾਂ ਨੂੰ ਸਿੱਧੇ ਹੀ ਸਿੱਟੇ 'ਤੇ ਨਹੀਂ ਪਹੁੰਚਣਾ ਚਾਹੀਦਾ, ਜਾਂ ਕਾਹਲੀ ਜਾਂ ਹਿੰਸਕ ਤਰੀਕੇ ਨਾਲ ਕੰਮ ਨਹੀਂ ਕਰਨਾ ਚਾਹੀਦਾ, ਜਾਂ ਇਹ ਨਹੀਂ ਮੰਨਣਾ ਚਾਹੀਦਾ ਕਿ ਤੁਸੀਂ ਇੱਕ ਖ਼ਤਰਾ ਹੀ ਹੋ। ਭਾਂਵੇ, ਅਸੀਂ ਜਾਣਦੇ ਹਾਂ ਕਿ ਪੁਲਿਸ ਨੇ ਇਹਨਾਂ ਹਾਲਤਾਂ ਵਿੱਚ ਲੋਕਾਂ ਵਿਰੁੱਧ ਮਾਰੂ ਤਾਕਤ ਦੀ ਵਰਤੋਂ ਕੀਤੀ ਹੈ।

ਆਪਣੇ ਹੱਥ ਸਟੀਅਰਿੰਗ ਵਹ੍ਹੀਲ 'ਤੇ ਰੱਖੋ ਤਾਂ ਜੋ ਪੁਲਿਸ ਉਨਹ੍ਹਾਂ ਨੂੰ ਦੇਖ ਸਕੇ। ਜੇ ਤੁਹਾਨੂੰ ਜੇਬ ਜਾਂ ਡੈਸ਼ ਬੋਰਡ ਵਿੱਚੋਂ ਕੋਈ ਚੀਜ਼ ਕੱਢਣ ਦੀ ਲੋੜ ਹੈ, ਤਾਂ ਕਹੋ: "ਮੈਂ ਆਪਣਾ ਲਾਇਸੰਸ ਡੈਸ਼ ਬੋਰਡ ਵਿੱਚੋਂ ਬਾਹਰ ਕੱਢਣ ਜਾ ਰਿਹਾ/ਰਹੀ ਹਾਂ।" ਇਸ ਸਥਿਤੀ ਵਿੱਚ ਗੁੱਸੇ ਜਾਂ ਪਰੇਸ਼ਾਨ ਹੋਣਾ ਸੁਭਾਵੀਕ ਹੀ ਸਮਝਿਆ ਜਾ ਸਕਦਾ ਹੈ, ਪਰ
ਸ਼ਾਂਤ ਢੰਗ ਨਾਲ ਬੋਲਣ ਦੀ ਕੋਸ਼ਿਸ਼ ਕਰੋ, ਅਤੇ ਸ਼ਾਂਤੀ ਨਾਲ ਅਤੇ ਹੌਲੀ ਢੰਗ ਨਾਲ ਅੱਗੇ ਵਧੋ।

## ਤੁਹਾਡੇ ਫੋਨਾਂ ਅਤੇ ਕੰਪਿਊਟਰਾਂ ਦੀ ਤਲਾਸ਼ੀ

ਨਿੱਜੀ ਇਲੈਕਟਰ੍ਹਾਨਿਕ ਡਿਵਾਈਸਾਂ, ਜਿਵੇਂ ਕਿ ਸੈੱਲ ਫ਼ੋਨ ਅਤੇ ਲੈਪਟਾਪ, ਜਿਹਨਾਂ ਦੀ ਵਿਸ਼ੇਸ਼ ਸੁਰੱਖਿਆ ਹੁੰਦੀ ਹੈ ਕਿਉਂਕਿ ਉਹ ਤੁਹਾਡਾ ਸਥਾਨ, ਗੱਲਬਾਤ, ਮੈਡੀਕਲ ਰਿਕਾਰਡ ਅਤੇ ਬੈਂਕਿੰਗ ਜਾਣਕਾਰੀ ਦਿਖਾ ਸਕਦੇ ਹਨ। ਪੁਲਿਸ ਨੂੰ ਆਮ ਤੌਰ 'ਤੇ ਉਨਹ੍ਹਾਂ ਦੀ ਤਲਾਸ਼ੀ ਲਈ ਵਾਰੰਟ ਦੀ ਲੋੜ ਹੁੰਦੀ ਹੈ।

ਜੇ ਤੁਹਾਨੂੰ ਗਿਰਫ਼ਤਾਰ ਕੀਤਾ ਜਾਂਦਾ ਹੈ, ਤਾਂ ਪੁਲਿਸ ਸਿਰਫ਼ ਤੁਹਾਡੇ ਫ਼ੋਨ ਦੀ ਹੀ ਤਲਾਸ਼ੀ ਕਰ ਸਕਦੀ ਹੈ ਜੇ:

1. ਗਿਰਫ਼ਤਾਰੀ ਕਾਨੂੰਨੀ ਹੈ,
2. ਪੁਲਿਸ ਕੋਲ ਤਲਾਸ਼ੀ ਕਰਨ ਲਈ ਤਿੰਨ ਵਿਸ਼ੇਸ਼ ਕਾਨੂੰਨ ਲਾਗੂ ਕਰਨ ਵਾਲੇ ਕਾਰਨਾਂ ਵਿੱਚੋਂ ਇੱਕ ਹੁੰਦਾ ਹੈ: ਪੁਲਿਸ ਜਾਂ ਜਨਤਕ ਸੁਰੱਖਿਆ, ਸਬੂਤ ਨੂੰ ਸੁਰੱਖਿਅਤ ਰੱਖਣ ਲਈ, ਜਾਂ ਸਬੂਤ ਖੋਜਣ ਲਈ;
3. ਤਲਾਸ਼ੀ ਦੀ ਕਿਸਮ ਅਤੇ ਸੀਮਾ ਇਹਨਾਂ ਕਾਰਨਾਂ ਵਿੱਚੋਂ ਇੱਕ ਨਾਲ ਮੇਲ ਖਾਂਦੀ ਹੈ, ਅਤੇ
4. ਪੁਲਿਸ ਇਸ ਬਾਰੇ ਵਿਸਥਾਰਿਤ ਨੋਟਸ ਲੈਂਦੀ ਹੈ ਕਿ ਉਹਨਾਂ ਨੇ ਕੀ ਤਲਾਸ਼ੀ ਕੀਤਾ ਹੈ ਅਤੇ ਕਿਉਂ।

ਪੁਲਿਸ ਨੂੰ ਸਿਰਫ਼ ਹਾਲ ਹੀ ਦੀਆਂ ਈਮੇਲਾਂ, ਟੈਕਸਟ ਅਤੇ ਫੋਟੋਆਂ ਨੂੰ ਦੇਖਣਾ ਚਾਹੀਦਾ ਹੈ, ਨਾ ਕਿ ਤੁਹਾਡੇ ਦੁਆਰਾ ਭੇਜੇ ਗਏ ਹਫ਼ਤੇ ਪਹਿਲਾਂ ਦੇ ਸੁਨੇਹਿਆਂ ਨੂੰ ਵੇਖਣਾ ਚਾਹੀਦਾ ਹੈ ਜਾਂ ਤੁਹਾਡੇ Netflix ਖਾਤੇ ਦੀ ਜਾਂਚ ਵੀ ਨਹੀਂ ਕਰਨੀ ਚਾਹੀਦੀ।

## ਨਿੱਜੀ ਜ਼ਾਇਦਾਦ ਦੀਆਂ ਜ਼ਬਤਤੀਆਂ

**ਪੁਲਿਸ ਜ਼ਬਤੀ** ਕਰਨਾ ਉਦੋਂ ਕਰਦੀ ਹੈ ਜਦੋਂ ਉਹ ਸੁਰੱਖਿਆ ਲਈ, ਸਬੂਤ ਇਕੱਠੇ ਕਰਨ ਲਈ, ਜਾਂ ਅਦਾਲਤ ਵਿੱਚ ਪੇਸ਼ ਕਰਨ ਲਈ ਤੁਹਾਡੇ ਤੋਂ ਕੁਝ ਲੈਂਦੇ ਹਨ। ਆਮ ਤੌਰ 'ਤੇ, ਸਮਾਨ ਨਿਯਮ ਜਬਤੀਆਂ ਲਈ ਵੀ ਲਾਗੂ ਹੁੰਦੇ ਹਨ ਜੋ ਤਲਾਸ਼ੀਆਂ ਲਈ ਹੁੰਦੇ ਹਨ। ਕੁਝ ਵੀ ਲੈਣ ਵਾਸਤੇ ਪੁਲਿਸ ਨੂੰ ਲੈਣੀ ਚਾਹੀਦੀ ਹੈ:

1. **ਤੁਹਾਡੀ ਇਜਾਜ਼ਤ।** ਜੇ ਪੁਲਿਸ ਕੁਝ ਲੈਣ ਲਈ ਕਹਿੰਦੀ ਹੈ ਅਤੇ ਤੁਸੀ ਉਹਨਾਂ ਨੂੰ ਦੇਣ ਲਈ ਸਹਿਮਤ ਹੋ ਜਾਂਦੇ ਹੋ।
2. **ਇੱਕ ਵਾਰੰਟ।** ਇਸ ਵਿੱਚ ਲਏ ਜਾਣ ਵਾਲੇ ਸਮਾਨ ਦੀਆਂ ਕਿਸਮਾਂ ਜਾਂ ਸਮਾਨ ਬਾਰੇ ਕਿਹਾ ਜਾਣਾ ਚਾਹੀਦਾ ਹੈ।
3. **ਕਨੂੰਨੀ ਅਥਾਰਟੀ** ਜੋ ਖਾਸ ਤੌਰ 'ਤੇ ਪੁਲਿਸ ਨੂੰ ਕਿਸੇ ਵਿਸ਼ੇਸ਼ ਟੈਸਟ ਦੇ ਅਨੁਸਾਰ ਵਸਤੂ(ਆਂ) ਲੈਣ ਦੀ ਇਜਾਜ਼ਤ ਦਿੰਦੀ ਹੈ। ਉਦਾਹਰਨ ਲਈ, ਅਪਰਾਧਿਕ ਕੋਡ ਕਿਸੇ ਅਫ਼ਸਰ ਨੂੰ ਬਿਨਾਂ ਵਾਰੰਟ ਦੇ ਕੋਈ ਵੀ ਚੀਜ਼ ਦੀ ਜ਼ਬਤੀ ਕਰਨ ਦੀ ਇਜਾਜ਼ਤ ਦਿੰਦਾ ਹੈ ਜੇ ਉਹਨਾਂ ਕੋਲ ਇਹ ਵਿਸ਼ਵਾਸ ਕਰਨ ਦੇ ਵਾਜਬ ਆਧਾਰ ਹੋਣ ਕਿ ਇਹ ਕਿਸੇ ਜੁਰਮ ਦੇ ਸਬੂਤ ਵਜੋਂ ਪਰ੍ਰਾਪਤ ਕੀਤੀ ਗਈ ਸੀ, ਵਰਤੀ ਗਈ ਸੀ ਜਾਂ ਜੁਰਮ ਲਈ ਸਬੂਤ ਪਰ੍ਦਾਨ ਕਰਦੀ ਹੈ।

ਪੁਲਿਸ ਨੂੰ ਅਕਾਸਮਿਕ ਸਮਾਨ ਦੀ ਜ਼ਬਤੀ ਕਰਨ ਜਾਂ ਲੈਣ ਦੀ ਇਜਾਜ਼ਤ ਨਹੀ ਹੈ ਜਿਨਹ੍ਾਂ ਦਾ ਕਿਸੇ ਜੁਰਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

## ਅਪਰਾਧ ਨਾਲ ਸੰਬੰਧਤ ਜਾਇਦਾਦ

ਪੁਲਿਸ ਤੁਹਾਡੇ ਦੁਆਰਾ ਭੁਗਤਾਨ ਕੀਤੀ ਗਈ ਕੋਈ ਵੀ ਚੀਜ਼ ਜਾਂ ਰਕਮ ਲੈ ਸਕਦੀ ਹੈ ਜੋ ਅਪਰਾਧਿਕ ਗਤੀਵਿਧੀ ਤੋਂ ਆਈ ਹੋਵੇ, ਭਾਵੇਂ ਤੁਹਾਨੂੰ ਇਸ ਬਾਰੇ ਪਤਾ ਵੀ ਨਾ ਹੋਵੇ। ਉਹ ਕਿਸੇ ਅੱਤਵਾਦੀ ਗਤੀਵਿਧੀ ਵਿੱਚ ਸ਼ਾਮਲ ਕਿਸੇ ਵੀ ਜਾਇਦਾਦ ਨੂੰ ਵੀ ਲੈ ਸਕਦੇ ਹਨ। ਇਸ ਨੂੰ ਜਾਇਦਾਦ ਜ਼ਬਤ ਕਰਨਾ ਕਿਹਾ ਜਾਂਦਾ ਹੈ।

ਪੁਲਿਸ ਉਹ ਜਾਇਦਾਦ ਵੀ ਲੈ ਸਕਦੀ ਹੈ ਜਿਸ ਦੀ ਵਰਤੋਂ ਤੁਸੀਂ ਜੁਰਮ ਕਰਨ ਲਈ ਕੀਤੀ ਹੋ ਸਕਦੀ ਹੈ, ਜਾਂ ਜਾਇਦਾਦ ਜੋ ਕਿ ਇੱਕ ਗੈਰ-ਕਾਨੂੰਨੀ ਹੈਂਡਗਨ ਵਰਗੀ ਹੈ, ਜੋ ਕਿ ਇੱਕ ਅਪਰਾਧ ਹੈ।

BC ਸਮੇਤ ਕੁਝ ਸੂਬਿਆਂ ਵਿੱਚ ਸਿਵਲ ਜ਼ਬਤੀ ਕਾਨੂੰਨ ਹਨ। ਤੁਹਾਡੀ ਰਕਮ, ਤੁਹਾਡਾ ਕੀਮਤੀ ਸਮਾਨ, ਤੁਹਾਡਾ ਘਰ, ਜਾਂ ਕਾਰ, ਇਹਨਾਂ ਕਾਨੂੰਨਾਂ ਦੇ ਤਹਿਤ ਸੂਬੇ ਦੁਆਰਾ ਲਿਆ ਜਾ ਸਕਦਾ ਹੈ, ਜੇ ਉਹ ਅਪਰਾਧ ਦੀ ਕਮਾਈ ਹਨ, ਜਾਂ ਕਿਸੇ ਅਪਰਾਧ ਲਈ ਵਰਤੇ ਗਏ ਹਨ, ਭਾਵੇਂ ਕਿ ਕਿਸੇ 'ਤੇ ਦੋਸ਼ ਨਹੀਂ ਲਗਾਇਆ ਗਿਆ ਹੋਵੇ ਜਾਂ ਜੁਰਮ ਲਈ ਕਿਸੇ ਨੂੰ ਸਜਾ ਨਾ ਵੀ ਹੋਈ ਹੋਵੇ।

ਤੁਸੀਂ ਕੁਝ ਹਾਲਤਾਂ ਵਿੱਚ ਆਪਣੇ ਸਮਾਨ ਦੀ ਵਾਪਸੀ ਲਈ ਬਹਿਸ ਵੀ ਕਰ ਸਕਦੇ ਹੋ। ਆਪਣੇ ਸਮਾਨ ਨੂੰ ਵਾਪਸ ਕਿਵੇਂ ਪਰ੍ਹਾਪਤ ਕਰਨਾ ਹੈ ਇਸ ਬਾਰੇ ਕਿਸੇ ਵਕੀਲ ਨਾਲ ਗੱਲ ਕਰੋ।

## ਸਬੂਤ ਦੀਆਂ ਕੜੀਆਂ

ਇੱਕ ਕੜੀ ਦੇ ਤੌਰ 'ਤੇ, ਜਾਂ ਕੋਈ ਅਜਿਹਾ ਵਿਅਕਤੀ ਜਿਸ ਨੇ ਅਪਰਾਧ ਦੇਖਿਆ ਹੋਵੇ, ਤੁਹਾਡੇ ਕੋਲ ਅਪਰਾਧ ਦੇ ਸੰਬੰਧ ਵਿੱਚ ਸਬੂਤ ਹੋਣ। ਤੁਹਾਨੂੰ ਇਸ ਨੂੰ ਅਦਾਲਤ ਵਿੱਚ ਲਿਆਉਣ ਲਈ ਪੇਸ਼ ਕੀਤਾ ਜਾ ਸਕਦਾ ਹੈ ਜਾਂ ਪੁਲਿਸ ਇਸ ਨੂੰ ਜ਼ਬਤ ਕਰਨ ਲਈ ਵਾਰੰਟ ਹਾਸਿਲ ਕਰ ਸਕਦੀ ਹੈ। ਜੇ ਤੁਸੀਂ ਆਪਣਾ ਸਮਾਨ ਗੈਰ-ਕਾਨੂੰਨੀ ਢੰਗ ਨਾਲ ਇੱਕਠਾ ਨਹੀਂ ਕੀਤਾ, ਅਤੇ ਉਹਨਾਂ ਦਾ ਮਾਲਕ ਹੋਣਾ ਤੁਹਾਡੇ ਲਈ ਗੈਰ-ਕਾਨੂੰਨੀ ਨਹੀਂ ਹੈ, ਤਾਂ ਤੁਹਾਨੂੰ ਅਦਾਲਤੀ ਪਰ੍ਕਿਰਿਆ ਦੇ ਅਖੀਰ ਵਿੱਚ ਉਹਨਾਂ ਨੂੰ ਵਾਪਸ ਪਰ੍ਹਾਪਤ ਕਰਨ ਦੇ ਯੋਗ ਮੰਨਿਆ ਜਾਣਾ ਚਾਹੀਦਾ ਹੈ।

ਪਾਠ 6

# ਕਾਨੂੰਨ ਲਾਗੂ ਕਰਨ ਵਾਲੀਆਂ ਹੋਰ ਏਜੰਸੀਆਂ।

## ਨਿੱਜੀ ਸੁਰੱਖਿਆ

ਜਿਹੜੇ ਲੋਕ ਪੁਲਿਸ ਨਹੀਂ ਹੁੰਦੇ ਹਨ ਉਹ ਕੁਝ ਵਿਸ਼ੇਸ਼ ਹਾਲਤਾਂ ਵਿੱਚ ਗਿਰ੍ਫ਼ਤਾਰੀਆਂ ਕਰ ਸਕਦੇ ਹਨ, ਪਰ ਉਹਨਾਂ ਕੋਲ ਪੁਲਿਸ ਵਰਗੀਆਂ ਸ਼ਕਤੀਆਂ ਨਹੀਂ ਹੁੰਦੀਆਂ ਹਨ। ਉਹ ਤੁਹਾਨੂੰ ਸਿਰਫ਼ ਉਦੋਂ ਹੀ ਗਿਰ੍ਫ਼ਤਾਰ ਕਰ ਸਕਦੇ ਹਨ ਜੇ ਉਹ ਅਸਲ ਵਿੱਚ ਤੁਹਾਨੂੰ ਕਿਸੇ ਵੱਜਰ (ਗੰਭੀਰ) ਜਾਂ ਹਾਈਬਿਰ੍ਡ ਜੁਰਮ ਕਰਦੇ ਹੋਏ ਦੇਖ ਲੈਂਦੇ ਹਨ, ਜਾਂ ਜੇ ਉਹ ਤੁਹਾਨੂੰ ਪੁਲਿਸ ਤੋਂ ਭੱਜਦੇ ਦੇਖ ਲੈਂਦੇ ਹਨ।

ਜੇ ਅਪਰਾਧ ਜਾਇਦਾਦ ਨਾਲ ਸੰਬੰਧਤ ਹੈ ਤਾਂ ਨਿਯਮ ਵੱਖਰੇ ਹੁੰਦੇ ਹਨ, ਅਤੇ ਤੁਹਾਨੂੰ ਗਿਰ੍ਫ਼ਤਾਰ ਕਰਨ ਵਾਲਾ ਵਿਅਕਤੀ ਜਾਇਦਾਦ ਦਾ ਮਾਲਕ ਜਾਂ ਸੁਰੱਖਿਆ ਗਾਰਡ ਹੋ ਸਕਦਾ ਹੈ ਜੋ ਉਸ ਜਾਇਦਾਦ ਦੀ ਰੱਖਿਆ ਕਰਦਾ ਹੈ ਨਾ ਕਿ ਕੋਈ ਪੁਲਿਸ ਅਫ਼ਸਰ। ਜਾਇਦਾਦ ਦੇ ਮਾਲਕ, ਜਾਂ ਜਾਇਦਾਦ ਦੀ ਰੱਖਿਆ ਕਰਨ ਵਾਲੇ ਸੁਰੱਖਿਆ ਗਾਰਡ, ਤੁਹਾਨੂੰ ਗਿਰ੍ਫ਼ਤਾਰ ਕਰ ਸਕਦੇ ਹਨ ਜੇ ਉਹ ਤੁਹਾਨੂੰ ਉਹਨਾਂ ਦੀ ਜਾਇਦਾਦ ਨਾਲ ਸੰਬੰਧਤ ਕੋਈ ਅਪਰਾਧ ਕਰਦੇ ਦੇਖ ਲੈਂਦੇ ਹਨ **ਜਾਂ** ਉਸ ਅਪਰਾਧ ਦੇ ਕੀਤੇ ਜਾਣ ਤੋਂ ਥੋੜ੍ਹੀ ਦੇਰ ਬਾਅਦ, ਜੇ ਉਹ ਵਾਜਬ ਆਧਾਰਾਂ 'ਤੇ ਵਿਸ਼ਵਾਸ ਕਰਦੇ ਹਨ ਕਿ ਪੁਲਿਸ ਅਫ਼ਸਰ ਲਈ ਇਹ ਗਿਰ੍ਫ਼ਤਾਰੀ ਕਰਨਾ ਵਾਸਤਵਿਕ ਨਹੀਂ ਹੈ।

ਭਾਵੇਂ ਗਿਰ੍ਫ਼ਤਾਰੀ ਜਾਇਦਾਦ ਨਾਲ ਸੰਬੰਧਤ ਕਿਸੇ ਅਪਰਾਧ ਲਈ ਹੋਵੇ ਜਾਂ ਨਹੀਂ, ਜਾਇਦਾਦ ਦੇ ਮਾਲਕਾਂ ਅਤੇ ਸੁਰੱਖਿਆ ਗਾਰਡਾਂ ਨੂੰ ਪੁਲਿਸ ਨੂੰ ਕਾਲ ਕਰਨੀ ਪੈਂਦੀ ਹੈ ਅਤੇ ਜਲਦੀ ਤੋਂ ਜਲਦੀ ਤੁਹਾਨੂੰ ਗਿਰ੍ਫ਼ਤਾਰ ਕਰਨ ਤੋਂ ਬਾਅਦ ਪੁਲਿਸ ਦੇ ਹਵਾਲੇ ਕਰਨਾ ਹੁੰਦਾ ਹੈ।

## ਕੈਨੇਡਾ ਬੋਰਡਰ ਸਰਵਿਸਜ਼ ਏਜੰਸੀ (CBSA)

ਕਸਟਮਜ਼ ਐਕਟ ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ (CBSA) ਨੂੰ ਕੈਨੇਡਾ ਆਉਣ ਵਾਲੇ ਲੋਕਾਂ ਦੀ ਤਲਾਸ਼ੀ ਕਰਨ ਲਈ ਬਹੁਤ ਤਾਕਤ ਦਿੰਦਾ ਹੈ, ਜਿਸ ਵਿੱਚ ਉਹ ਸਮਾਨ ਵੀ ਸ਼ਾਮਲ ਹੁੰਦਾ ਹੈ ਜੋ ਉਹ ਆਪਣੇ ਨਾਲ ਲੈ ਕੇ ਆਉਂਦੇ ਹਨ। ਪੁਲਿਸ ਤੋਂ ਉਲਟ, CBSA ਤੁਹਾਡੀ ਕਾਰ, ਬੈਗਾਂ, ਜੇਬਾਂ ਅਤੇ ਇਲੈਕਟ੍ਰਾਨਿਕ ਡਿਵਾਈਸਾਂ ਦੀ ਤਲਾਸ਼ੀ ਕਰ ਸਕਦਾ ਹੈ ਜਾਂ ਵਾਜਬ ਅਧਾਰਾਂ ਤੋਂ ਬਿਨਾਂ "ਅਟਕਲਾਂ" ਦੇ ਅਧਾਰ 'ਤੇ ਪੈਟ-ਡਾਊਨ ਤਲਾਸ਼ੀ ਵੀ ਕਰ ਸਕਦਾ ਹੈ। ਇਸ ਵਿੱਚ ਤੁਹਾਡੀਆਂ ਡਿਜੀਟਲ ਫਾਈਲਾਂ, ਫੋਟੋਆਂ ਅਤੇ ਵੀਡੀਓ ਸ਼ਾਮਲ ਹੁੰਦੀਆਂ ਹਨ।

ਜੇ ਤੁਸੀਂ ਕੈਨੇਡਾ ਦੇ ਨਾਗਰਿਕ ਨਹੀਂ ਹੋ, ਜਿਸ ਵਿੱਚ ਸ਼ਰਣ ਮੰਗਣ ਵਾਲਾ ਵੀ ਸ਼ਾਮਲ ਹੈ, ਤਾਂ ਤੁਹਾਡੇ ਸਮਾਨ ਅਤੇ ਇਲੈਕਟ੍ਰਾਨਿਕ ਡਿਵਾਈਸਾਂ ਦੀ ਇਮੀਗਰੇਸ਼ਨ ਅਤੇ ਰਫਿਊਜੀ ਪਰੋਟੈਕਸ਼ਨ ਐਕਟ ਤਹਿਤ ਤਲਾਸ਼ੀ ਲਈ ਜਾ ਸਕਦੀ ਹੈ।

ਇਸ ਤਲਾਸ਼ੀ ਨੂੰ ਕਰਨ ਲਈ CBSA ਕੋਲ ਇਹ ਹੋਣਾ ਲਾਜ਼ਮੀ ਹੈ:

- ਇਹ ਵਿਸ਼ਵਾਸ਼ ਕਰਨ ਦੇ ਵਾਜਬ ਆਧਾਰ ਕਿ ਤੁਸੀਂ ਆਪਣੀ ਸਨਾਖਤ ਬਾਰੇ ਇਮਾਨਦਾਰ ਨਹੀਂ ਹੋ ਜਾਂ ਤੁਸੀਂ ਕੈਨੇਡਾ ਵਿੱਚ ਦਾਖਲ ਹੋ ਸਕਦੇ ਹਨ ਜਾਂ ਨਹੀਂ ਇਸ ਬਾਰੇ ਦਸਤਾਵੇਜ਼ ਲੁਕਾਏ ਹਨ, ਜਾਂ
- ਇਹ ਵਿਸ਼ਵਾਸ਼ ਕਰਨ ਦੇ ਵਾਜਬ ਆਧਾਰ ਕਿ ਤੁਸੀਂ ਤਸਕਰੀ ਕਰਨ ਵਾਲੇ ਲੋਕਾਂ ਨਾਲ ਸੰਬੰਧਤ ਹੋ, ਮਨੁੱਖੀ ਤਸਕਰੀ, ਜਾਂ ਦਸਤਾਵੇਜ਼ ਸੰਬੰਧੀ ਧੋਖਾਧੜੀ ਵਿੱਚ ਸ਼ਾਮਲ ਹੋ।

ਡਿਵਾਈਸ ਤਲਾਸ਼ੀਆਂ ਸਿਰਫ਼ ਤੁਹਾਡੀ ਸਨਾਖਤ ਕਰਨ, ਦਸਤਾਵੇਜ਼ਾਂ ਨੂੰ ਖੋਜਣ ਲਈ ਹੀ ਕੀਤੀਆਂ ਜਾ ਸਕਦੀਆਂ ਹਨ ਜੋ ਇਹ ਦਰਸਾਉਂਦੀਆਂ ਹਨ ਕਿ ਤੁਹਾਨੂੰ ਕੈਨੇਡਾ ਵਿੱਚ ਦਾਖਲ ਹੋਣ ਦੀ ਇਜਾਜ਼ਤ ਹੈ ਜਾਂ ਨਹੀਂ, ਜਾਂ ਉਪਰੋਕਤ ਅਪਰਾਧਾਂ ਦੇ ਸਬੂਤ ਖੋਜਣ ਲਈ।

CBSA ਦੁਆਰਾ ਪੁੱਛਗਿੱਛ ਕਰਨਾ ਜਾਂ ਤਲਾਸ਼ੀ ਕਰਨਾ "ਨਜ਼ਰਬੰਦੀ" ਨਹੀਂ ਹੁੰਦਾ ਹੈ, ਪਰ ਜੇ ਤੁਹਾਨੂੰ ਇੱਕ ਪਾਸੇ ਲਿਜਾਇਆ ਜਾਂਦਾ ਹੈ, ਹੋਰ ਤਲਾਸ਼ੀ ਕੀਤੀ ਜਾਂਦੀ ਹੈ ਅਤੇ ਛੱਡਿਆ ਨਹੀਂ ਜਾ ਸਕਦਾ, ਤਾਂ ਤੁਹਾਨੂੰ ਨਜ਼ਰਬੰਧ ਕੀਤਾ ਗਿਆ ਹੈ। ਇਸ ਦਾ ਅਰਥ ਹੈ ਕਿ ਤੁਹਾਨੂੰ ਚੁੱਪ ਰਹਿਣ ਅਤੇ ਵਕੀਲ ਦੀ ਮੰਗ ਕਰਨ ਦਾ ਅਧਿਕਾਰ ਹੈ।

ਕੱਪੜਿਆਂ ਦੇ ਅੰਦਰ ਦੀਆਂ ਤਲਾਸ਼ੀਆਂ ਸਿਰਫ਼ ਉਦੋਂ ਹੀ ਕੀਤੀਆਂ ਜਾ ਸਕਦੀਆਂ ਹੈ ਜਿੱਥੇ ਕਸਟਮ ਅਧਿਕਾਰੀ ਕੋਲ ਇਹ ਵਿਸ਼ਵਾਸ ਕਰਨ ਲਈ ਵਾਜਬ ਆਧਾਰ ਹੋਣ ਕਿ ਤੁਸੀਂ ਆਪਣੇ ਕੱਪੜਿਆਂ ਦੇ ਹੇਠਾਂ ਜਾਂ ਸਰੀਰ ਦੇ ਸਾਰਾਖ ਵਿੱਚ ਕੁਝ ਲੁਕਾ ਰਹੇ ਹੋ। ਜੇ ਤੁਹਾਨੂੰ ਤਲਾਸ਼ੀ ਲੈਣ ਲਈ ਨਜ਼ਰਬੰਦ ਕੀਤਾ ਗਿਆ ਹੈ, ਤਾਂ ਤੁਸੀਂ ਇਹ ਪੁਸ਼ਟੀ ਕਰਨ ਲਈ ਡਿਊਟੀ 'ਤੇ ਮੌਜੂਦ ਸੀਨੀਅਰ ਅਫ਼ਸਰ ਨਾਲ ਗੱਲ ਕਰਨ ਦੀ ਮੰਗ ਕਰ ਸਕਦੇ ਹੋ ਕਿ ਕੀ ਉਹਨਾਂ ਕੋਲ ਤਲਾਸ਼ੀ ਲਈ ਵਾਜਬ ਆਧਾਰ ਹਨ।

ਤੁਹਾਨੂੰ ਆਪਣੇ ਲਿੰਗ ਦੀ ਸਵੈ-ਪਛਾਣ ਕਰਵਾਉਣ ਅਤੇ ਇਹ ਚੁਣਨ ਦਾ ਅਧਿਕਾਰ ਹੈ ਕਿ ਕੋਈ ਮਰਦ ਜਾਂ ਔਰਤ ਅਫ਼ਸਰ, ਜਾਂ ਦੋਵੇਂ ਤਲਾਸ਼ੀ ਕਰਨ। ਜੇ ਤੁਸੀਂ ਦੋਵਾਂ ਨੂੰ ਚੁਣਦੇ ਹੋ ਤਾਂ ਤੁਸੀਂ ਇਹ ਵੀ ਚੁਣ ਸਕਦੇ ਹੋ ਕਿ ਕੌਣ ਤੁਹਾਡੇ ਸਰੀਰ ਦੇ ਕਿਹੜੇ ਹਿੱਸੇ ਦੀ ਤਲਾਸ਼ੀ ਕਰੇਗਾ।

ਜੇ ਤੁਸੀਂ CBSA ਨਾਲ ਇਸ ਬਾਰੇ ਇਮਾਨਦਾਰ ਨਹੀਂ ਹੋ ਕਿ ਤੁਸੀਂ ਕੈਨੇਡਾ ਵਿੱਚ ਕੀ ਲਿਆ ਰਹੇ ਹੋ, ਤਾਂ ਉਹ ਤੁਹਾਡਾ ਸਮਾਨ ਲੈ ਸਕਦੇ ਹਨ। ਤੁਸੀਂ ਇਹ ਸਮਾਨ ਪੱਕੇ ਤੌਰ 'ਤੇ ਗੁਆ ਸਕਦੇ ਹੋ ਜਾਂ ਜੁਰਮਾਨਾ ਭਰ ਸਕਦੇ ਹੋ। ਜੇ ਉਹ ਤੁਹਾਡੇ ਤੋਂ ਕੁਝ ਲੈ ਲੈਂਦੇ ਹਨ, ਤਾਂ ਉਹਨਾਂ ਨੂੰ ਤੁਹਾਡਾ ਸਮਾਨ ਵਾਪਸ ਲੈਣ ਦੇ ਤਰੀਕੇ ਬਾਰੇ ਜਾਣਕਾਰੀ ਵਾਲੀ ਇੱਕ ਰਸੀਦ ਦੇਣੀ ਚਾਹੀਦੀ ਹੈ।

### ਪਾਸਵਰਡ ਅਤੇ CBSA

CBSA ਅਫ਼ਸਰ ਤੁਹਾਡੇ ਇਲੈਕਟ੍ਰਾਨਿਕ ਡਿਵਾਈਸ ਅੰਦਰ ਪਹੁੰਚ ਕਰਨ ਲਈ ਤੁਹਾਡੇ ਪਾਸਵਰਡ ਜਾਂ ਉਂਗਲਾਂ ਦੇ ਨਿਸ਼ਾਨ ਦੀ ਮੰਗ ਕਰ ਸਕਦੇ ਹਨ। ਜੇ ਤੁਸੀਂ ਆਪਣਾ ਪਾਸਵਰਡ ਨਹੀਂ ਦਿੰਦੇ ਤਾਂ ਉਹ ਤੁਹਾਨੂੰ ਗਿਰਫ਼ਤਾਰ ਨਹੀਂ ਕਰ ਸਕਦੇ, ਪਰ ਜੇ ਤੁਸੀਂ ਨਹੀਂ ਦਿੰਦੇ ਤਾਂ ਉਹ ਤੁਹਾੜਾ ਡਿਵਾਈਸ ਲਿਜਾ ਸਕਦੇ ਹਨ।

## ਟਰ੍ਹਾਂਜਿਟ ਪੁਲਿਸ

BC ਕੋਲ ਖਾਸ ਤੌਰ 'ਤੇ ਲੋਅਰ ਮੇਨਲੈਂਡ ਵਿੱਚ ਜਨਤਕ ਆਵਾਜਾਈ ਲਈ ਇੱਕ ਪੁਲਿਸ ਯੂਨਿਟ ਹੁੰਦੀ ਹੈ। ਉਹ ਪੁਲਿਸ ਐਕਟ ਦੇ ਅਧੀਨ ਪੁਲਿਸ ਵਾਲੇ ਹੁੰਦੇ ਹਨ ਅਤੇ ਉਹਨਾਂ ਕੋਲ ਸੂਬੇ ਵਿੱਚ ਪੁਲਿਸ ਦੀਆਂ ਪੂਰੀਆਂ ਸ਼ਕਤੀਆਂ ਹੁੰਦੀਆਂ ਹਨ, ਭਾਵ ਉਹ ਉਹੀ ਕੰਮ ਕਰ ਸਕਦੇ ਹਨ ਜੋ ਕੋਈ ਹੋਰ ਪੁਲਿਸ ਅਫ਼ਸਰ ਕਰ ਸਕਦਾ ਹੈ। ਟਰ੍ਹਾਂਜਿਟ ਪੁਲਿਸ ਸਕਾਈ ਟਰੇਨ, ਵੈਸਟ ਕੋਸਟ ਐਕਸਪਰੈਸ, ਕੋਸਟ ਮਾਊਂਟੇਨ ਬੱਸ ਅਤੇ ਸੀਬੱਸ 'ਤੇ ਕੰਮ ਕਰਦੀ ਹੈ, ਪਰ ਉਹਨਾਂ ਦੀ ਸ਼ਕਤੀ ਢੋਆ-ਢੋਆਈ ਵਾਲੀ ਜਾਇਦਾਦ ਜਾਂ ਆਵਾਜਾਈ ਨਾਲ ਸਬੰਧਤ ਘਟਨਾਵਾਂ ਤੱਕ ਸੀਮਿਤ ਨਹੀਂ ਹੁੰਦੀ ਹੈ। ਟਰ੍ਹਾਂਜਿਟ ਪੁਲਿਸ ਮਿਉਂਸਪਲ ਫੋਰਸ ਅਤੇ RCMP ਨਾਲ ਕੰਮ ਕਰਦੀ ਹੈ।

## ਟਰੇਨ ਪੁਲਿਸ

ਕੈਨੇਡੀਅਨ ਨੈਸ਼ਨਲ ਰੇਲਵੇ (CN) ਅਤੇ ਕੈਨੇਡੀਅਨ ਪੈਸੀਫਿਕ (CP) ਰੇਲਵੇ ਦਾ ਆਪਣੀ ਪੁਲਿਸ ਫੋਰਸ ਹੁੰਦੀ ਹੈ। ਉਨਹ੍ਹਾਂ ਦਾ ਕੰਮ ਰੇਲਵੇ ਦੀ ਜਾਇਦਾਦ ਅਤੇ ਕਰਮਚਾਰੀਆਂ ਦੀ ਰੱਖਿਆ ਕਰਨਾ ਅਤੇ ਸਰਹੱਦੀ ਸੁਰੱਖਿਆ ਵਧਾਉਣਾ ਹੁੰਦਾ ਹੈ। ਰੇਲਵੇ ਪੁਲਿਸ ਸੰਘੀ ਰੇਲਵੇ ਸੁਰੱਖਿਆ ਐਕਟ ਦੇ ਤਹਿਤ ਕੰਮ ਕਰਦੀ ਹੈ ਅਤੇ ਉਹਨਾਂ ਕੋਲ ਕੈਨੇਡਾ ਵਿੱਚ ਹੋਰ ਪੁਲਿਸ ਵਾਂਗ ਗਿਰਫ਼ਤਾਰੀ ਕਰਨ ਦੀਆਂ ਤਾਕਤਾਂ ਹੁੰਦੀਆਂ ਹਨ। VIA ਰੇਲ ਦੀ ਆਪਣੀ ਪੁਲਿਸ ਸੇਵਾ ਵੀ ਹੁੰਦੀ ਹੈ।

ਕੈਨੇਡਾ ਵਿੱਚ ਬਹੁਤੇ ਲੋਕ ਟਰੇਨ ਪੁਲਿਸ ਨਾਲ ਗੱਲਬਾਤ ਨਹੀਂ ਕਰ ਸਕਦੇ, ਪਰ ਪਰ੍ਦਰਸ਼ਨਕਾਰੀਆਂ ਅਤੇ ਆਦਿਵਾਸੀ ਭੂਮੀ ਰੱਖਿਅਕ ਉਹਨਾਂ ਨਾਲ ਗੱਲਬਾਤ ਕਰ ਸਕਦੇ ਹਨ ਜੇ ਉਹਨਾਂ ਦੀਆਂ ਗਤੀਵਿਧੀਆਂ ਰੇਲਵੇ ਲਾਈਨਾਂ 'ਤੇ ਜਾਂ ਨੇੜੇ ਹੁੰਦੀਆਂ ਹਨ।

## ਕੰਜ਼ਰਵੇਸ਼ਨ ਅਫਸਰ

ਕੰਜ਼ਰਵੇਸ਼ਨ ਅਫ਼ਸਰ ਸਰਵਿਸ (COS) ਵਾਤਾਵਰਣ ਕਾਨੂੰਨ ਲਾਗੂ ਕਰਨ 'ਤੇ ਧਿਆਨ ਕੇਂਦਰਤ ਕਰਦਾ ਹੈ। ਕੰਜ਼ਰਵੇਸ਼ਨ ਅਫ਼ਸਰਾਂ ("COs") ਕੋਲ ਨਿਯਮਤ ਪੁਲਿਸ ਵਾਂਗ, ਤਲਾਸ਼ੀ ਕਰਨ, ਜ਼ਬਤੀ ਕਰਨ ਅਤੇ ਗਿਰਫ਼ਤਾਰ ਕਰਨ ਦੀਆਂ ਕਾਨੂੰਨੀ ਸ਼ਕਤੀਆਂ ਹੁੰਦੀਆਂ ਹਨ। ਉਹਨਾਂ ਕੋਲ ਪੁਲਿਸ ਐਕਟ ਅਧੀਨ ਵਿਸ਼ੇਸ਼ ਸੂਬਾਈ ਕਾਂਸਟੇਬਲ ਦਾ ਦਰਜਾ ਹੁੰਦਾ ਹੈ, ਜੋ ਬੰਦੂਕਾਂ ਰੱਖਦੇ ਹਨ, ਅਤੇ ਤਾਕਤ ਦੀ ਵਰਤੋਂ ਕਰਨ ਲਈ ਅਧਿਕਾਰਤ ਹੁੰਦੇ ਹਨ।

ਤੁਹਾਡੀ ਤਲਾਸ਼ੀ ਕਰਨ ਲਈ COs 'ਤੇ ਸਮਾਨ ਨਿਯਮ ਲਾਗੂ ਹੁੰਦੇ ਹਨ ਜੋ ਨਿਯਮਤ ਪੁਲਿਸ 'ਤੇ ਹੁੰਦੇ ਹਨ। (ਦੇਖੋ ਪਾਠ 5: ਤਲਾਸ਼ੀ ਅਤੇ ਜ਼ਬਤੀ ਬਾਰੇ ਹੋਰ ਜਾਣਨ ਲਈ।)

ਪਾਠ 7

# ਵਿਰੋਧ-ਪਰ੍ਦਰਸ਼ਨ, ਸਿਵਲ ਨਾ-ਫ਼ਰਮਾਨੀ ਅਤੇ ਆਦਿਵਾਸੀਆਂ ਵੱਲੋਂ ਵਿਰੋਧ

## ਵਿਰੋਧ-ਪਰ੍ਦਰਸ਼ਨ, ਸਿਵਲ ਨਾ-ਫ਼ਰਮਾਨੀ

### ਤੁਹਾਡਾ ਵਿਰੋਧ-ਪਰ੍ਦਰਸ਼ਨ ਦਾ ਅਧਿਕਾਰ

ਜੇ ਤੁਸੀਂ ਕੈਨੇਡਾ ਵਿੱਚ ਹੋ, ਤਾਂ ਤੁਹਾਨੂੰ ਵਿਰੋਧ-ਪਰ੍ਦਰਸ਼ਨ ਕਰਨ ਦਾ ਅਧਿਕਾਰ ਹੁੰਦਾ ਹੈ ਅਤੇ ਤੁਹਾਨੂੰ ਅਧਿਕਾਰਾਂ ਅਤੇ ਆਜ਼ਾਦੀਆਂ ਦਾ ਚਾਰਟਰ ਦੁਆਰਾ ਸੁਰੱਖਿਅਤ ਕੀਤਾ ਜਾਂਦਾ ਹੈ।

ਇਹ ਚਾਰਟਰ ਤੁਹਾਨੂੰ ਪਰ੍ਗਟਾਵੇ ਦੀ ਆਜ਼ਾਦੀ ਅਤੇ ਸ਼ਾਂਤਮਈ ਸਭਾ ਦੀ ਗਾਰੰਟੀ ਦਿੰਦਾ ਹੈ, ਭਾਵੇਂ ਤੁਸੀਂ ਫਸਟ ਨੇਸ਼ਨਜ਼, ਮੈਟਿਸ ਜਾਂ ਇਨੂਇਟ ਵਿਅਕਤੀ ਇੱਕ ਨਾਗਰਿਕ ਜਾਂ ਗੈਰ-ਨਾਗਰਿਕ ਹੋ। ਤੁਹਾਨੂੰ ਸ਼ਾਂਤਮਈ ਪਰ੍ਦਰਸ਼ਨਾਂ, ਵਿਰੋਧ-ਪਰ੍ਦਰਸ਼ਨਾਂ, ਪਰੇਡਾਂ, ਮੀਟਿੰਗਾਂ, ਧਰਨਾ ਅਤੇ ਹੋਰ ਸਭਾਵਾਂ ਵਿੱਚ ਹਿੱਸਾ ਲੈਣ ਦਾ ਅਧਿਕਾਰ ਹੁੰਦਾ ਹੈ, ਅਤੇ ਸੜਕਾਂ ਸਮੇਤ ਜਨਤਕ ਸਥਾਨਾਂ ਵਿੱਚ ਵਿਰੋਧ-ਪਰ੍ਦਰਸ਼ਨ ਕਰਨ ਦਾ ਅਧਿਕਾਰ ਹੈ। ਭਾਵੇਂ, ਵਿਰੋਧ ਕਰਨ ਦਾ ਅਧਿਕਾਰ ਕੁਝ ਖਾਸ ਹਾਲਤਾਂ ਵਿੱਚ ਸੀਮਤ ਵੀ ਕੀਤਾ ਜਾ ਸਕਦਾ ਹੈ।

### ਸਿਵਲ ਨਾ-ਫ਼ਰਮਾਨੀ

ਸਿਵਲ ਨਾ-ਫ਼ਰਮਾਨੀ ਇੱਕ ਕਿਸਮ ਦਾ ਵਿਰੋਧ ਹੁੰਦਾ ਹੈ ਜਿਸ ਵਿੱਚ ਇਹ ਦਰਸਾਉਣ ਲਈ ਕਾਨੂੰਨ ਤੋੜਨਾ ਸ਼ਾਮਲ ਹੁੰਦਾ ਹੈ ਕਿ ਕੋਈ ਸਮੱਸਿਆ ਕਿੰਨੀ ਗੰਭੀਰ ਹੈ ਅਤੇ/ਜਾਂ ਸਰਕਾਰ ਜਾਂ ਕਿਸੇ ਤੀਜੀ ਧਿਰ ਨੂੰ ਕੋਈ ਕਾਰਵਾਈ ਕਰਨੀ ਚਾਹੀਦੀ ਹੈ ਜਾਂ ਕਾਰਵਾਈ ਬੰਦ ਕਰਨੀ ਹੁੰਦੀ ਹੈ।

ਪੁਲਾਂ, ਰੋਡਾਂ, ਰੇਲ ਲਾਈਨਾਂ, ਬੰਦਰਗਾਹਾਂ ਅਤੇ ਵਿਧਾਨ ਸਭਾਵਾਂ ਨੂੰ ਜਾਮਹ੍ ਕਰਨਾ ਜਾਂ ਕਬਜ਼ਾ ਕਰਨਾ ਸੂਬਾਈ ਜਾਂ ਸੰਘੀ ਕਾਨੂੰਨਾਂ ਅਧੀਨ ਗੈਰ-ਕਾਨੂੰਨੀ ਹੋ ਸਕਦਾ ਹੈ। ਹੋ ਸਕਦਾ ਹੈ ਕਿ ਪੁਲਿਸ ਇਹਨਾਂ ਕਾਨੂੰਨਾਂ ਨੂੰ ਤੁਰੰਤ ਲਾਗੂ ਨਾ ਕਰੇ ਕਿਉਂਕਿ ਉਹਨਾਂ ਨੂੰ ਤੁਹਾਡੇ ਚਾਰਟਰ ਅਧਿਕਾਰਾਂ ਨੂੰ ਸੋਚ-ਵਿਚਾਰ ਰਹੇ ਹੁੰਦੇ ਹਨ, ਜੋ ਕੈਨੇਡਾ ਦੇ ਸੰਵਿਧਾਨ ਦੁਆਰਾ ਸੁਰੱਖਿਅਤ ਹਨ ਅਤੇ ਦੂਜੇ ਕਾਨੂੰਨਾਂ ਤੋਂ ਪਹਿਲਾਂ ਆਉਂਦੇ ਹਨ।

ਇਤਿਹਾਸ ਵਿੱਚ, ਸਿਵਲ ਨਾ-ਫ਼ਰਮਾਨੀ ਪੌਜ਼ੀਟਿਵ ਸਮਾਜਿਕ ਬਦਲਾਅ ਲਈ ਅਤੇ ਕਾਨੂੰਨੀ ਸੁਧਾਰ ਲਈ ਇੱਕ ਤਾਕਤਵਰ ਸਾਧਨ ਰਿਹਾ ਹੈ। ਸਿਵਲ ਨਾ-ਫ਼ਰਮਾਨੀ ਵਿੱਚ ਹਿੱਸਾ ਲੈਣ ਵਾਲੇ ਲੋਕ ਆਮ ਤੌਰ 'ਤੇ ਕਿਸੇ ਸਮੱਸਿਆ ਜਾਂ ਬੇਇਨਸਾਫ਼ੀ ਵਾਲੇ ਕਾਨੂੰਨ ਨੂੰ ਉਜਾਗਰ ਕਰਨ ਲਈ ਕਾਨੂੰਨ ਤੋੜਨ ਦੇ ਨਤੀਜਿਆਂ ਨੂੰ ਸਮਝਦੇ ਅਤੇ ਸਵੀਕਾਰ ਕਰਦੇ ਹਨ।

### ਵਿਰੋਧ-ਪਰ੍ਦਰਸ਼ਨ ਦੇ ਵਿਰੁੱਧ ਵਿਰੋਧ-ਪਰ੍ਦਰਸ਼ਨ

ਇੱਕ ਵਿਰੋਧ-ਪਰ੍ਦਰਸ਼ਨ ਦੇ ਵਿਰੁੱਧ ਵਿਰੋਧ-ਪਰ੍ਦਰਸ਼ਨ ਉਹ ਹੁੰਦਾ ਹੈ ਜੋ ਦੂਜੇ ਵਿਰੋਧ-ਪਰ੍ਦਰਸ਼ਨ ਦਾ ਵਿਰੋਧ ਕਰਦਾ ਹੈ। ਇਹ ਆਮ ਤੌਰ 'ਤੇ ਉਸੇ ਸਮੇਂ ਅਤੇ ਸਥਾਨ 'ਤੇ ਹੁੰਦਾ ਹੈ। ਜੇ ਪਰ੍ਦਰਸ਼ਨਕਾਰੀਆਂ ਵਿਚਕਾਰ ਟਕਰਾਅ ਹੁੰਦਾ ਹੈ ਤਾਂ ਪੁਲਿਸ ਨੂੰ ਵੀ ਸ਼ਾਮਲ ਹੋਣਾ ਪੈ ਸਕਦਾ ਹੈ।

## ਆਦਿਵਾਸੀਆਂ ਵੱਲੋਂ ਵਿਰੋਧ

ਵਿਰੋਧ ਅਤੇ ਸਿਵਲ ਨਾ-ਫ਼ਰਮਾਨੀ ਦੇ ਉਲਟ, ਕਨੇਡਾ ਵਿੱਚ ਆਦਿਵਾਸੀਆਂ ਦਾ ਵਿਰੋਧ ਅੰਦੋਲਨ ਅਦਾਵਾਸੀ ਸਵੈ-ਨਿਰਣੇ ਅਤੇ ਸਥਾਪਤ-ਬਸਤੀਵਾਦੀ ਦਾਬੇ ਅਤੇ ਸ਼ੋਸ਼ਣ ਤੋਂ ਆਜ਼ਾਦੀ 'ਤੇ ਅਧਾਰਤ ਹੈ।

ਕੈਨੇਡਾ ਦੀ ਆਰਥਿਕ ਅਤੇ ਕਾਨੂੰਨੀ ਬੁਨਿਆਦ ਆਦਿਵਾਸੀ ਜ਼ਮੀਨਾਂ ਦੀ ਕਬਜਾ-ਰਹਿਤ ਹੋਂਦ ਅਤੇ ਰਹਿਣ ਦੇ ਤਰੀਕਿਆਂ 'ਤੇ ਨਿਰਭਰ ਕਰਦੀ ਹੈ। ਨਤੀਜੇ ਵਜੋਂ, ਆਦਿਵਾਸੀ ਲੋਕਾਂ ਨੂੰ ਅਕਸਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਨਾ੍ਹਂ ਨੂੰ ਕੈਨੇਡੀਅਨ ਰਾਜ ਤੋਂ ਕੋਈ ਸੁਰੱਖਿਆ ਨਹੀਂ ਮਿਲਦੀ ਹੈ।

ਸਰਕਾਰ ਅਤੇ ਅਦਾਲਤਾਂ ਦੇ ਸਾਰੇ ਪੱਧਰ ਹਮੇਸ਼ਾਂ ਆਦਿਵਾਸੀ ਅਧਿਕਾਰਾਂ ਦੀ ਅਣਦੇਖੀ ਕਰਦੇ ਰਹੇ ਹਨ ਅਤੇ ਸੱਭਿਆਚਾਰਕ ਅਤੇ ਰਾਜਨੀਤਿਕ ਤੌਰ 'ਤੇ ਵਿਨਾਸ਼ਕਾਰੀ ਕਾਨੂੰਨਾਂ, ਨੀਤੀਆਂ, ਅਤੇ ਅਭਿਆਸਾਂ ਨੂੰ ਲਾਗੂ ਕਰਦੇ ਰਹੇ ਹਨ ਜਿਸ ਕਾਰਨ ਵਾਤਾਵਰਣ ਵਿੱਚ ਵਿਗਾੜ, ਜਬਰੀ ਗਰੀਬੀ ਅਤੇ ਮਾੜੀ ਸਿਹਤ ਦੇ ਨਤੀਜਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਵੇਂ, ਆਦਿਵਾਸੀ ਲੋਕ ਸਵੈ-ਨਿਰਣੇ ਦੇ ਆਲੋਚਨਾਤਮਕ ਪਰ੍ਗਟਾਵੇ ਰਾਹੀ ਵਿਰੋਧ ਅਤੇ ਦਿਰ੍ੜਤਾ ਨੂੰ ਜਾਰੀ ਰੱਖਦੇ ਹਨ।

**ਆਦਿਵਾਸੀ ਜ਼ਮੀਨ ਅਤੇ ਪਾਣੀ ਦੇ ਰਾਖੇ ਪਰ੍ਦਰਸ਼ਨਕਾਰੀ ਨਹੀ ਹੁੰਦੇ ਹਨ।** ਕੈਨੇਡੀਅਨ ਰਾਜ ਦੀ ਸਰਾਮਾਏਦਾਰਾ-ਸੰਚਾਲਿਤ ਆਰਥਿਕਤਾ ਵਿੱਚ ਜ਼ਮੀਨ ਅਤੇ ਕੁਦਰਤੀ ਸਰੋਤਾਂ ਦੀ ਮੰਗ ਵਧ ਗਈ ਹੈ। ਨਤੀਜੇ ਵਜੋਂ ਆਦਿਵਾਸੀ ਕੌਮਾਂ ਦੀਆਂ ਜ਼ਮੀਨਾਂ ਅਤੇ ਪਾਣੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। **ਜਦੋਂ ਆਦਿਵਾਸੀ ਲੋਕ ਉਹਨਾਂ ਜ਼ਮੀਨਾਂ ਦੀ ਰਾਖੀ ਲਈ ਉੱਠ ਖੜ੍ਹੇ ਹੁੰਦੇ ਹਨ ਜਿਨਾ੍ਹਂ ਨਾਲ ਉਹ ਪੁਰਾਣੇ ਸਮੇਂ ਤੋਂ ਜੁੜੇ ਹੋਏ ਹਨ, ਤਾਂ ਉਹ ਅਜਿਹਾ ਸਵੈ-ਨਿਰਣੇ ਦੇ ਕੰਮ ਵਜੋਂ ਕਰ ਰਹੇ ਹਨ, ਨਾ ਕਿ ਵਿਰੋਧ-ਪਰ੍ਦਰਸ਼ਨ ਵਜੋਂ।**

ਆਦਿਵਾਸੀ ਲੋਕ ਜ਼ਮੀਨਾਂ, ਪਾਣੀਆਂ ਅਤੇ ਕੁਦਰਤ ਦੇ ਸਾਰੇ ਜੀਵਾਂ ਪਰ੍ਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਦੇ ਹਨ। ਉਹਨਾਂ ਦੀਆਂ ਜ਼ਿੰਮੇਵਾਰੀਆਂ ਜਾਂ ਅਧਿਕਾਰ - ਜਿਵੇਂ ਉਹਨਾਂ ਦਾ ਜਿਉਣ ਢੰਗ ਸੀ - ਜੋ ਕੈਨੇਡਾ ਦੇ ਕਾਨੂੰਨਾਂ ਤੋਂ ਨਹੀ ਆਇਆ; ਉਹ ਵਿਰਸਤੀ ਹੈ ਅਤੇ ਉਹਨਾਂ ਤੋਂ ਖੋਹਿਆ ਨਹੀਂ ਜਾ ਸਕਦਾ। ਆਦਿਵਾਸੀ ਲੋਕ ਜਿੱਥੇ ਵੀ ਜਾਂਦੇ ਹਨ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹਨ, ਇਸ ਲਈ ਵੱਖ-ਵੱਖ ਕੌਮਾਂ ਦੇ ਆਦਿਵਾਸੀ ਲੋਕਾਂ ਲਈ ਵੱਖ-ਵੱਖ ਸਥਾਨਾਂ ’ਤੇ ਸਥਾਪਤ-ਬਸਤੀਵਾਦ ਦੇ ਵਿਰੁੱਧ ਇਕੱਠੇ ਹੋਣਾ ਸੁਭਾਵਿਕ ਹੈ।

**ਆਦਿਵਾਸੀ ਲੋਕਾਂ ਦੇ ਅਧਿਕਾਰਾਂ ਨੂੰ ਮਾਨਤਾ ਦਿੰਦੇ ਹੋਏ, ਸੰਯੁਕਤ ਰਾਸ਼ਟਰ ਸੰਘ ਦੇ ਆਦਿਵਾਸੀ ਲੋਕਾਂ ਦੇ ਅਧਿਕਾਰਾਂ ਦੇ ਘੋਸ਼ਣਾ ਪੱਤਰ ਨੂੰ BC ਸੂਬੇ ਅਤੇ ਸੰਘੀ ਸਰਕਾਰ ਦੁਆਰਾ ਕਨੂੰਨ ਵਿੱਚ** ਅਪਣਾਇਆ ਗਿਆ ਅਤੇ ਕਿਹਾ ਗਿਆ ਹੈ ਕਿ:

**ਆਰਟੀਕਲ 26:** ਆਦਿਵਾਸੀ ਲੋਕਾਂ ਨੂੰ ਉਹਨਾਂ ਦੀਆਂ ਜ਼ਮੀਨਾਂ, ਖੇਤਰਾਂ ਅਤੇ ਸਰੋਤਾਂ 'ਤੇ ਅਧਿਕਾਰ ਪਰ੍ਾਪਤ ਹੈ, ਜਿਸ ’ਤੇ ਉਹਨਾਂ ਦੀ ਪਰੰਪਰਾਗਤ ਮਲਕੀਅਤ ਰਹੀ ਹੈ, ਉਹਨਾਂ ਦਾ ਕਬਜ਼ਾ ਹੈ ਜਾਂ ਜਿਸ ਨੂੰ ਕਿਸੇ ਹੋਰ ਤਰੀਕੇ ਨਾਲ ਵਰਤਿਆ
ਜਾਂ ਹਾਸਲ ਕੀਤਾ ਗਿਆ ਹੈ; ਅਤੇ

**ਆਰਟੀਕਲ 29:** ਆਦਿਵਾਸੀ ਲੋਕਾਂ ਨੂੰ ਵਾਤਾਵਰਣ ਦੀ ਸੰਭਾਲ ਅਤੇ ਸੁਰੱਖਿਆ ਕਰਨ ਦਾ ਅਤੇ ਉਹਨਾਂ ਦੀਆਂ ਜ਼ਮੀਨਾਂ ਜਾਂ ਰਾਜਕੀ ਇਕਾਈਆਂ ਅਤੇ ਸਰੋਤਾਂ ਦੀ ਉਤਪਾਦਕ ਸਮਰੱਥਾ ਉੱਪਰ ਅਧਿਕਾਰ ਹੁੰਦਾ ਹੈ।

## ਅਦਾਲਤੀ ਹੁਕਮ

ਕੋਈ ਅਦਾਲਤੀ ਹੁਕਮ ਕਿਸੇ ਅਦਾਲਤ ਦਾ ਹੁਕਮ ਹੁੰਦਾ ਹੈ ਜੋ ਇੱਕ ਧਿਰ ਨੂੰ ਦੂਜੇ ਦੇ ਕਾਨੂੰਨੀ ਅਧਿਕਾਰਾਂ ਅਤੇ ਹਿੱਤਾਂ ਵਿੱਚ ਦਖ਼ਲ ਦੇਣ ਤੋਂ ਰੋਕਦਾ ਹੈ।

ਵਿਕਾਸ ਅਤੇ ਸਰੋਤ ਹਣਨ ਦੇ ਪਰ੍ਰੋਜੈਕਟਾਂ ਨੂੰ ਅਕਸਰ ਸਰਕਾਰੀ ਰੈਗੂਲੇਟਰਾਂ ਦੁਆਰਾ ਮਨਜ਼ੂਰੀ ਦਿੱਤੀ ਜਾਂਦੀ ਹੈ ਜਿਸ ਲਈ ਨਾ ਤਾਂ ਪਰ੍ਭਾਵਿਤ ਅਦਿਵਾਸੀ ਕੌਮ(ਮਾਂ) ਨੂੰ ਕੋਈ ਫ਼ੀਸ ਦਿੱਤੀ ਜਾਂਦੀ ਹੈ ਅਤੇ ਨਾ ਹੀ ਅਗਾਊਂ ਅਤੇ ਸੂਚਿਤ ਸਹਿਮਤੀ ਲਈ ਜਾਂਦੀ ਹੈ। ਅਜਿਹੇ ਪਰ੍ਰੋਜੈਕਟਾਂ ਦੇ ਵਿਰੁੱਧ ਆਦਿਵਾਸੀ ਸਮੂਹਾਂ ਦੁਆਰਾ ਮੰਗ ਕੀਤੇ ਗਏ ਅਦਲਾਤੀ ਹੁਕਮ ਜਾਂ ਹੋਰ ਕਾਨੂੰਨੀ ਚੁਣੌਤੀਆਂ ਨੂੰ ਅਕਸਰ ਅਸਵੀਕਾਰ ਕਰ ਦਿੱਤਾ ਜਾਂਦਾ ਹੈ ਜਦ ਕਿ ਅਦਾਲਤੀ ਹੁਕਮ ਦਾ ਉਦੇਸ਼ ਅਦਿਵਾਸੀ ਲੋਕਾਂ ਅਤੇ ਸਹਿਯੋਗੀਆਂ ਦੁਆਰਾ ਕੀਤੀਆਂ ਜਾਣ ਵਾਲੀਆਂ ਨਾਕਾਬੰਦੀਆਂ, ਕਬਜ਼ਿਆਂ, ਜਾਂ ਹੋਰ ਵਿਰੋਧ ਨੂੰ ਰੋਕਣ ਦੀ ਬਜਾਏ ਨਿਰੰਤਰ ਸਰਕਾਰਾਂ ਅਤੇ ਕਾਰਪੋਰੇਸ਼ਨਾਂ ਨੂੰ ਛਤਰ-ਛਾਇਆ ਪਰ੍ਦਾਨ ਕੀਤੀ ਜਾਂਦੀ ਹੈ।

ਇਹਨਾਂ ਅਦਾਲਤੀ ਹੁਕਮਾਂ ਨੂੰ ਲਾਗੂ ਕਰਨ ਨਾਲ ਪੁਲਿਸ ਨੂੰ ਆਦਿਵਾਸੀ ਜ਼ਮੀਨ ਅਤੇ ਪਾਣੀ ਦੇ ਰਾਖਿਆਂ ਅਤੇ ਹੋਰ ਕਾਰਕੁਨਾਂ ਨੂੰ ਹਟਾਉਣ, ਗਿਰ੍ਫਤਾਰ ਕਰਨ ਅਤੇ ਉਹਨਾਂ ਨੂੰ ਅਪਰਾਧੀ ਘੋਸ਼ਿਤ ਕਰਨ ਦੀ ਇਜਾਜ਼ਤ ਮਿਲ ਜਾਂਦੀ ਹੈ। ਪੁਲਿਸ ਇੱਕ ਛੋਟੀ ਤਿਆਰ ਕੀਤੀ ਸਕਿਰ੍ਪਟ 'ਤੇ ਨਿਰਭਰ ਨਹੀਂ ਰਹਿ ਸਕਦੀ ਅਤੇ ਲੋਕਾਂ ਨੂੰ ਗਿਰ੍ਫ਼ਤਾਰ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਦਾਲਤੀ ਹੁਕਮ ਦੀਆਂ ਸਾਰੀਆਂ ਸ਼ਰਤਾਂ ਸਪੱਸ਼ਟ ਤੌਰ 'ਤੇ ਦੱਸੀਆਂ ਗਈਆਂ ਹਨ। ਜੇ ਤੁਹਾਨੂੰ ਕਥਿਤ ਤੌਰ 'ਤੇ ਅਦਾਲਤੀ ਹੁਕਮ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਲਈ ਗਿਰ੍ਫ਼ਤਾਰ ਕੀਤਾ ਜਾਂਦਾ ਹੈ, ਤਾਂ ਤੁਹਾਡੇ 'ਤੇ ਆਮ ਤੌਰ 'ਤੇ ਅਦਾਲਤੀ ਅਪਮਾਨ ਦਾ ਦੋਸ਼ ਲਗਾਇਆ ਜਾਵੇਗਾ।)

## ਵਰਜਿਤ ਖੇਤਰ

ਅਦਾਲਤੀ ਹੁਕਮ ਆਮ ਤੌਰ 'ਤੇ ਇਹ ਨਹੀਂ ਦੱਸਦਾ ਕਿ ਪੁਲਿਸ ਇਸ ਨੂੰ ਕਿਵੇਂ ਲਾਗੂ ਕਰ ਸਕਦੀ ਹੈ ਜਾਂ ਕਰਨਾ ਚਾਹੀਦੀ ਹੈ। ਪੁਲਿਸ ਦਾਅਵਾ ਕਰ ਸਕਦੀ ਹੈ ਕਿ ਅਦਾਲਤੀ ਹੁਕਮ ਨੂੰ ਲਾਗੂ ਕਰਨ ਲਈ ਉਹਨਾਂ ਨੂੰ ਵਰਜਿਤ ਜਾਂ "ਬਫਰ" ਖੇਤਰਾਂ ਦੀ ਲੋੜ ਹੈ। ਕਦੇ-ਕਦਾਈਂ ਉਹ ਜਨਤਕ ਮੈਂਬਰਾਂ ਅਤੇ ਮੀਡੀਆ ਨੂੰ ਦਾਖਲ ਹੋਣ ਤੋਂ ਰੋਕਣ ਲਈ ਰੋਡ-ਬਲੌਂਕਾਂ ਵਰਗੇ ਚੈੱਕ ਪੁਆਇੰਟ ਵੀ ਸਥਾਪਤ ਕਰਨਗੇ।

ਭਾਵੇਂ, ਪੁਲਿਸ ਕੋਲ ਆਮ ਤੌਰ 'ਤੇ ਵਿਆਪਕ ਵਰਜਿਤ ਖੇਤਰ ਸਥਾਪਤ ਕਰਨ ਦਾ ਕਾਨੂੰਨੀ ਅਧਿਕਾਰ ਨਹੀਂ ਹੁੰਦਾ ਹੈ।

## ਯੋਜਨਾਬੰਦੀ

ਕਿਸੇ ਵਿਰੋਧ-ਪਰ੍ਦਰਸ਼ਨ ਨੂੰ ਸੰਗਠਿਤ ਕਰਨ ਜਾਂ ਉਸ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ, ਜਾਂ ਅਦਿਵਾਸੀ ਧਰਤੀ ਦੇ ਰਾਖਿਆਂ ਨਾਲ ਇਕਮੁੱਠਤਾ ਵਿੱਚ ਖੜੇ ਹੋਣ ਤੋਂ ਪਹਿਲਾਂ, ਅਸੀ ਸਿਫ਼ਾਰਿਸ਼ ਕਰਦੇ ਹਾਂ ਕਿ ਤੁਸੀਂ ਆਪਣੇ ਅਧਿਕਾਰਾਂ ਬਾਰੇ ਜਾਣ ਲਓ, ਇੱਕ ਸੁਰੱਖਿਆ ਯੋਜਨਾ ਬਣਾਓ, ਪੁਲਿਸ ਨਾਲ ਗੱਲਬਾਤ ਲਈ ਤਿਆਰੀ ਕਰੋ, ਅਤੇ ਸੰਭਾਵੀ ਰਾਜ ਹਿੰਸਾ ਅਤੇ ਕਾਨੂੰਨ ਤੋੜਨ ਦੇ ਨਤੀਜਿਆਂ ਤੋਂ ਸੁਚੇਤ ਰਹੋ।

**ਆਮ ਸੁਝਾਅ:**

- ਆਰਾਮਦਾਇਕ ਜੁੱਤੇ ਅਤੇ ਕੱਪੜੇ ਪਾਓ।
- ਸਨੈਕਸ, ਪਾਣੀ ਅਤੇ ਕੁਝ ਦਿਨਾਂ ਦੀਆਂ ਜ਼ਰੂਰੀ ਦਵਾਈਆਂ ਨਾਲ ਰੱਖੋ। ਬੇਲੋੜੀ ਨਿੱਜੀ ਜਾਣਕਾਰੀ, ਗੈਰ-ਕਾਨੂੰਨੀ ਦਵਾਈਆਂ, ਜਾਂ ਹਥਿਆਰ ਕੋਲ ਨਾ ਰੱਖੋ।
- ਜੇ ਤੁਸੀਂ ਅਪੰਗ ਹੋ, ਤਾਹਡੀਆਂ ਵਿਸ਼ੇਸ਼ ਮੈਡੀਕਲ ਲੋੜਾਂ ਹਨ, ਜਾਂ ਅੰਗਰੇਜ਼ੀ ਜਾਂ ਫਰੈਂਚ ਘੱਟ ਆਉਂਦੀ ਹੈ, ਤਾਂ ਇੱਕ ਬਰੇਸਲੇਟ ਪਹਿਨੋ ਜਾਂ ਇੱਕ ਕਾਰਡ ਰੱਖੋ ਜੋ ਇਹ ਸਭ ਦੀ ਵਿਆਖਿਆ ਕਰਦਾ ਹੋਵੇ ਅਤੇ ਆਪਣੀ ਪਰਚੀ ਜਾਂ ਡਾਕਟਰ ਦਾ ਪੱਤਰ ਕੋਲ ਰੱਖਣ ਬਾਰੇ ਵਿਚਾਰ ਕਰੋ।
- ਲੋਕਾਂ ਦੇ ਇੱਕ ਸਮੂਹ (ਇੱਕ ਸਾਂਝੇ ਸਮੂਹ) ਨਾਲ ਜਾਓ ਜੋ ਵਿਰੋਧ-ਪਰ੍ਦਰਸ਼ਨ ਦੌਰਾਨ ਇਕੱਠੇ ਰਹਿਣ ਲਈ ਸਹਿਮਤ ਹੁੰਦੇ ਹਨ। ਤੁਸੀਂ ਇੱਕ ਦੂਜੇ ਨੂੰ ਸੁਰੱਖਿਅਤ ਰੱਖਣ ਵਿੱਚ ਸਹਾਇਤਾ ਕਰ ਸਕਦੇ ਹੋ ਅਤੇ ਇਹ ਦੇਖ ਸਕਦੇ ਹੋ (ਜਾਂ ਗਵਾਹ ਵਜੋਂ) ਕਿ ਕੀ ਹੁੰਦਾ ਹੈ।
- ਆਪਣੇ ਸਮਾਰਟਫੋਨ ਨੂੰ ਘਰ ਛੱਡਕੇ ਜਾਓ, ਜਾਂ ਜੇ ਇਹ ਸੰਭਵ ਨਹੀਂ ਹੈ, ਤਾਂ ਪੁਲਿਸ ਤਲਾਸੀਆਂ ਤੋਂ ਬਚਾਉਣ ਲਈ ਆਪਣੇ ਫ਼ੋਨ 'ਤੇ ਉਂਗਲਾਂ ਦੇ ਨਿਸ਼ਨ ਜਾਂ ਚਿਹਰਾ ID ਦੀ ਬਜਾਏ ਪਾਸਕੋਡ ਦੀ ਵਰਤੋਂ ਕਰੋ। (ਦੇਖੋ ਪਾਠ 5: ਤਲਾਸ਼ੀਆਂ ਅਤੇ ਜ਼ਬਤੀ।)
- ਕਿਸੇ ਸੰਪਰਕ ਵਾਲੇ ਵਿਅਕਤੀ ਅਤੇ ਵਕੀਲ ਦੇ ਫ਼ੋਨ ਨੰਬਰਾਂ ਨੂੰ ਆਪਣੀ ਬਾਂਹ 'ਤੇ ਪੱਕੇ ਮਾਰਕਰ ਨਾਲ ਲਿਖੋ ਜੇ ਤੁਹਾਨੂੰ ਗਿਰਫ਼ਤਾਰ ਕੀਤਾ ਗਿਆ ਹੈ ਜਾਂ ਨਜ਼ਰਬੰਦ ਕੀਤਾ ਗਿਆ ਹੈ ਅਤੇ ਪੁਲਿਸ ਤੁਹਾਡਾ ਸਮਾਨ ਲੈ ਲੈਂਦੀ ਹੈ।
- ਯਕੀਨੀ ਬਣਾਓ ਕਿ ਕਿਸੇ ਨੂੰ ਪਤਾ ਹੋਵੇ ਕਿ ਤੁਸੀਂ ਵਿਰੋਧ-ਪਰ੍ਦਰਸ਼ਨ ਵਿੱਚ ਜਾ ਰਹੇ ਹੋ ਕਿਉਂਕੀ ਉਹਨਾਂ ਨੂੰ ਤੁਹਾਡੇ ਲਈ ਜ਼ਰੂਰੀ ਤੌਰ 'ਤੇ ਬੱਚੇ, ਬਜ਼ੁਰਗ ਜਾਂ ਪਾਲਤੂ ਜਾਨਵਰਾਂ ਦੀ ਦੇਖਭਾਲ ਦਾ ਪਰ੍ਬੰਧ ਕਰਨ ਦੀ ਲੋੜ ਪੈ ਸਕਦੀ ਹੈ।

**ਉਹਨਾਂ ਲੋਕਾਂ ਲਈ ਕੁਝ ਗੱਲਾਂ ਜੋ ਆਦਿਵਾਸੀ-ਅਗਵਾਈ ਵਾਲੀ ਕਾਰਵਾਈ ਦਾ ਸਮਰਥਨ ਕਰਨਾ ਚਾਹੁੰਦੇ ਹਨ:**

- ਆਦਿਵਾਸੀ ਲੋਕਾਂ ਦੇ ਪਰੰਪਰਾਗਤ ਰਾਜਕੀ ਇਕਾਈਆਂ 'ਤੇ ਮਹਿਮਾਨ ਬਣਨ ਲਈ ਸਹਿਮਤੀ ਲੈਣ ਲਈ ਪਰ੍ਰੋਟੋਕੋਲ ਲੱਭੋ ਜਿਹੜੇ ਉਨਹ੍ਹਾਂ ਜ਼ਮੀਨਾਂ ਨਾਲ ਸਬੰਧਤ ਹੋਣ।
- ਕਾਰਨ ਦਾ ਸਮਰਥਨ ਕਰਨ ਲਈ ਉੱਥੇ ਮੌਜੂਦ ਰਹੋ, ਨਾ ਕਿ ਆਪਣੀ ਹਉਮੈ ਲਈ।
- ਲੋੜੀਂਦੀਆਂ ਵਸਤੂਆਂ ਅਤੇ ਆਪਣੇ ਵਿਲੱਖਣ ਤੋਹਫ਼ੇ, ਹੁਨਰ ਅਤੇ ਕਾਬਲੀਅਤਾਂ ਨੂੰ ਚੰਗੇ ਤਰੀਕੇ ਨਾਲ ਵਰਤੋ।
- ਖੁੱਲੇ ਕੰਨਾਂ, ਅਤੇ ਖੁੱਲੇ ਦਿਮਾਗ ਅਤੇ ਦਿਲ ਨਾਲ ਮੌਜੂਦ ਰਹੋ।

## ਪੁਲਿਸ ਦੀ ਹਾਜ਼ਰੀ ਅਤੇ ਗੱਲਬਾਤ

ਤੁਸੀਂ ਵਿਰੋਧ-ਪਰ੍ਦਰਸ੍ਨ ਤੋਂ ਪਹਿਲਾਂ ਪੁਲਿਸ ਨਾਲ ਸੰਪਰਕ ਕਰਨਾ ਜੀ ਇੱਛਾ ਜਤਾ ਸਕਦੇ ਹੋ ਜਾਂ ਨਹੀਂ ਵੀ। ਉਦਾਹਰਨ ਲਈ, ਉਹਨਾਂ ਨੂੰ ਇਹ ਦੱਸਣਾ ਸਹਾਇਕ ਹੋ ਸਕਦਾ ਹੈ ਕਿ ਕੀ ਤੁਸੀਂ ਕਿਸੇ ਵੀ ਸੜਕ ਜਾਂ ਆਵਾਜਾਈ ਨੂੰ ਰੋਕਣ ਜਾ ਰਹੇ ਹੋ। ਭਾਵੇਂ, ਜੇ ਤੁਸੀਂ ਅਜਿਹਾ ਕਰਦੇ ਹੋ, ਤਾਂ ਤੁਹਾਡੇ ਵਿਰੋਧ ਵਾਲੀ ਥਾਂ 'ਤੇ ਵਧੇਰੇ ਪੁਲਿਸ ਲਗਾਈ ਜਾ ਸਕਦੀ ਹੈ, ਅਤੇ ਉਹ ਹਾਲਤਾਂ ਨੂੰ ਲਾਗੂ ਕਰਨ ਦੀ ਕੋਸ੍ਸ਼ਿ ਕਰ ਸਕਦੇ ਹਨ, ਜਿਵੇਂ ਕਿ ਤੁਹਾਨੂੰ ਆਪਣਾ ਰਸਤਾ ਜਾਂ ਸਥਾਨ ਬਦਲਣ ਲਈ ਕਹਿ ਸਕਦੇ ਹਨ। ਵਿਰੋਧ-ਪਰ੍ਦਰਸ਼ਨ ਕਰਨ ਲਈ ਤੁਹਾਨੂੰ ਪਰਮਿਟ ਜਾਂ ਲਾਇਸੰਸ ਦੀ ਲੋੜ ਨਹੀਂ ਹੁੰਦੀ ਹੈ।

ਕਿਸੇ ਵਿਰੋਧ-ਪਰ੍ਦਰਸ੍ਨ ਤੋਂ ਪਹਿਲਾਂ ਪੁਲਿਸ ਨਾਲ ਗੱਲ ਕਰਨ ਦਾ ਇਹ ਵੀ ਅਰਥ ਹੁੰਦਾ ਹੈ ਕਿ ਤੁਹਾਡੀ ਸਨਾਖ੍ਤ ਇੱਕ 'ਸੰਗਠਨਕਰਤਾ' ਵਜੋਂ ਹੋ ਸਕਦੀ ਹੈ ਅਤੇ ਇਹ ਉਹਨਾਂ ਨੂੰ ਤੁਹਾਡੇ ਜਾਂ ਹੋਰ ਸੰਗਠਨਕਰਤਾਵਾਂ ਦੇ ਵੇਰਵੇ ਪਰ੍ਾਪਤ ਕਰਨ ਦਾ ਇੱਕ ਆਸਾਨ ਤਰੀਕਾ ਪਰ੍ਦਾਨ ਹੋ ਜਾਂਦਾ ਹੈ। ਪੁਲਿਸ ਸੰਭਾਵਤ ਤੌਰ 'ਤੇ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਜਾਂ ਜਾਸੂਸੀ ਏਜੰਸੀਆਂ ਨਾਲ ਜਾਣਕਾਰੀ ਸਾਂਝੀ ਕਰੇਗੀ, ਇਸ ਲਈ ਇਹ ਫੈਸਲਾ ਕਰਨਾ ਮਹੱਤਵਪੂਰਨ ਹੋ ਜਾਂਦਾ ਹੈ ਉਹਨਾਂ ਨੂੰ ਕੀ ਦੇਣਾ ਹੈ, ਜੇ ਕੋਈ ਅਜਿਹਾ ਹੋਵੇ। ਪੁਲਿਸ ਉਹਨਾਂ ਲੋਕਾਂ ਨਾਲ ਸੰਪਰਕ ਕਰਨ ਦੀ ਕੋਸ੍ਸ਼ਿ ਵੀ ਕਰ ਸਕਦੀ ਹੈ ਜਿਹਨਾਂ ਨੂੰ ਉਹ ਸੰਗਠਨਕਰਤਾ ਸਮਝਦੇ ਹੋਣ। ਜੇ ਅਜਿਹਾ ਹੁੰਦਾ ਹੈ, ਤਾਂ ਸਾਰੇ ਸਵਾਲਾਂ ਲਈ ਤੁਸੀਂ ਕਹਿ ਸਕਦੇ ਹੋ ਕਿ "ਕੁਝ ਨਹੀਂ ਕਹਿਣਾ"।

ਮਿਉਂਸਪਲ ਅਤੇ ਸੂਬਾਈ ਸਰਕਾਰਾਂ, ਪੁਲਿਸ, RCMP, ਟਰ੍ਾਂਜ਼ਿਟ ਜਾਂ ਟਰੇਨ ਪੁਲਿਸ ਸਾਰਿਆਂ ਦਾ ਫਰਜ਼ ਹੈ ਕਿ ਉਹ ਸ੍ਾਂਤਮਈ ਵਿਰੋਧ-ਪਰ੍ਦਰਸ੍ਨ ਦੀ ਸਹੂਲਤ ਦੇਣ। ਭਾਵੇਂ, ਕਈ ਵਾਰ ਅਜਿਹਾ ਹੋਇਆ ਹੈ ਜਿੱਥੇ ਪੁਲਿਸ ਨੇ ਅਜਿਹਾ ਨਹੀਂ ਕੀਤਾ ਅਤੇ ਵਿਰੋਧ-ਪਰ੍ਦਰਸ਼ਨ ਦੇ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ।

ਜੇ ਤੁਸੀਂ ਵਿਰੋਧ-ਪਰ੍ਦਰਸ੍ਨ ਬਾਰੇ ਪੁਲਿਸ ਨੂੰ ਨਾ ਦੱਸਣ ਦੀ ਚੋਣ ਕਰਦੇ ਹੋ ਅਤੇ ਤਾਂ ਵੀ ਉਹ ਸ੍ਾਮਲ ਹੋ ਜਾਂਦੇ ਹਨ, ਤਾਂ ਤੁਸੀਂ ਜਨਤਕ ਸੁਰੱਖਿਆ ਬਾਰੇ ਉਹਨਾਂ ਦੀ ਹਿਦਾਇਤਾਂ ਦੀ ਪਾਲਣਾ ਕਰਨਾ ਚਾਹ ਸਕਦੇ ਹੋ। ਉਦਾਹਰਨ ਲਈ, ਹਸਪਤਾਲ ਦੇ ਅੰਦਰ ਜਾਣ ਦੇ ਰਸਤੇ ਨੂੰ ਨਾ ਰੋਕਣਾ ਜਾਂ ਐਮਰਜੈਂਸੀ ਵਾਹਨ ਦੇ ਲੰਘਣ ਲਈ ਜਗਹ੍ਾ ਬਣਾਉਣਾ। ਭਾਵੇਂ, ਪੁਲਿਸ ਦੇ ਫੈਸਲਿਆਂ ਜਾਂ ਜੁਗਤਾਂ 'ਤੇ ਸਵਾਲ ਕਰਨਾ ਸਵੀਕਾਰਯੋਗ ਹੁੰਦਾ ਹੈ, ਜਿਵੇਂ ਕਿ ਕਿਸੇ ਵਰਜਿਤ ਖੇਤਰ ਸੰਬੰਧੀ। ਪੁਲਿਸ ਅਜੇ ਵੀ ਝੂਠ ਬੋਲ ਸਕਦੀ ਹੈ, ਤੁਹਾਨੂੰ ਨਜ਼ਰਅੰਦਾਜ਼ ਕਰ ਸਕਦੀ ਹੈ, ਜਾਂ ਨਕਾਰਾਤਮਕ ਪਰ੍ਤੀਕਿਰਿਆ ਦੇ ਸਕਦੀ ਹੈ।

ਵਿਰੋਧ-ਪਰ੍ਦਰਸ੍ਨ ਦੌਰਾਨ ਪੁਲਿਸ ਤੁਹਾਨੂੰ ਸਵਾਲ ਪੁੱਛ ਸਕਦੀ ਹੈ, ਪਰ ਤੁਹਾਨੂੰ ਜਵਾਬ ਦੇਣ ਦੀ ਲੋੜ ਨਹੀਂ ਹੁੰਦੀ ਹੈ। ਤੁਸੀਂ ਪੁੱਛ ਸਕਦੇ ਹੋ: "ਕੀ ਮੈਂ ਜਾ ਸਕਦਾ/ਸਕਦੀ ਹਾਂ?" ਜੇ ਉਹ ਹਾਂ ਕਹਿੰਣ, ਤਾਂ ਤੁਸੀਂ ਜਾ ਸਕਦੇ ਹੋ: ਜੇ ਜਵਾਬ ਨਾਂਹ ਹੋਵੇ, ਤਾਂ ਤੁਹਾਨੂੰ ਨਜ਼ਰਬੰਦ ਕੀਤਾ ਜਾ ਰਿਹਾ ਹੈ। (ਦੇਖੋ ਪਾਠ 3: ਨਜ਼ਰਬੰਦ ਕੀਤਾ ਜਾਣਾ।) ਜਦੋਂ ਤੱਕ, ਕਾਰ ਚਲਾਉਂਦੇ

ਹੋਏ ਜਾਂ ਕਿਸੇ ਉਪ-ਨਿਯਮ ਉਲੰਘਣਾ ਕਰਦੇ ਹੋਏ ਜਾਂ ਸੂਬਾਈ ਜੁਰਮ ਲਈ ਟਿਕਟ ਦੇਣ ਕਾਰਨ ਤੁਹਾਨੂੰ ਗਿਰਫ਼ਤਾਰ ਨਹੀਂ ਕੀਤਾ ਜਾਂਦਾ, ਆਮ ਤੌਰ 'ਤੇ ਤੁਹਾਨੂੰ ਉਦੋਂ ਤੱਕ ਪੁਲਿਸ ਨੂੰ ਆਪਣੇ ਬਾਰੇ ਕੋਈ ਜਾਣਕਾਰੀ ਨਹੀਂ ਦੇਣੀ ਪੈਂਦੀ ਹੈ। ਪੁਲਿਸ ਨੂੰ ਗਲਤ ਨਾਮ ਅਤੇ ਪਤਾ, ਜਾਂ ਨਕਲੀ ID ਨਾ ਦਿਓ। ਤੁਹਾਨੂੰ ਗੰਭੀਰ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। (ਦੇਖੋ ਪਾਠ 1: ਪੁਲਿਸ ਨਾਲ ਗੱਲਬਾਤ ਕਰਨਾ।)

ਜੇ ਤੁਸੀਂ ਵਿਰੋਧ-ਪਰਦਰਸ਼ਨ ਕਰਨ ਦੀ ਯੋਜਨਾ ਬਣਾ ਰਹੇ ਹੋ, ਖਾਸ ਤੌਰ 'ਤੇ ਵਿਕਾਸ ਜਾਂ ਸਰੋਤ ਹਣਨ ਦੇ ਵਿਰੁੱਧ, ਤਾਂ ਅੱਥਰੂ ਗੈਸ, ਮਿਰਚ ਸਪਰੇਅ, ਰਬੜ ਦੀਆਂ ਗੋਲੀਆਂ, ਅਤੇ ਤਾਕਤ ਦੇ ਹੋਰ ਘਾਤਕ ਜਾਂ ਗੈਰ-ਘਾਤਕ ਤਰੀਕਿਆਂ ਸਮੇਤ ਪੁਲਿਸ ਹਿੰਸਾ ਦੀ ਸੰਭਾਵਨਾ ਬਾਰੇ ਵੀ ਵਿਚਾਰ ਲਓ।

ਜੇ ਪੁਲਿਸ ਤੁਹਾਡੀ ਤਲਾਸ਼ੀ ਲੈਣ, ਨਜ਼ਰਬੰਦ ਕਰਨ ਜਾਂ ਗਿਰਫ਼ਤਾਰ ਕਰਨ ਦਾ ਫੈਸਲਾ ਕਰਦੀ ਹੈ, ਤਾਂ ਸਰੀਰਕ ਤੌਰ 'ਤੇ ਵਿਰੋਧ ਨਾ ਕਰੋ, ਭਾਵੇਂ ਉਹਨਾਂ ਦੀਆਂ ਕਾਰਵਾਈਆਂ ਬੇਇਨਸਾਫ਼ੀ ਵਾਲੀਆਂ ਹੋਣ। ਇਹ ਖ਼ਤਰਨਾਕ ਹੋ ਸਕਦਾ ਹੈ, ਜਾਂ ਤੁਹਾਡੇ 'ਤੇ ਹਮਲਾ ਕਰਨ ਦਾ ਦੋਸ਼ ਲਗਾਇਆ ਜਾ ਸਕਦਾ ਹੈ। ਜੇ ਤੁਸੀਂ "ਅਸਿੱਧਾ ਵਿਰੋਧ" ਦੀ ਵਰਤੋਂ ਕਰਦੇ ਹੋ ਜਾਂ ਲੰਗੜਾ ਕੇ ਤੁਰਦੇ ਹੋ, ਤਾਂ ਧਿਆਨ ਰੱਖੋ ਕਿ ਪੁਲਿਸ ਨੂੰ ਦਰਦ ਦੀ ਪਾਲਣਾ ਕਰਨ ਦੀਆਂ ਤਕਨੀਕਾਂ ਦੀ ਵਰਤੋਂ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ।

ਦੋਸ਼ ਹਟਾਏ ਜਾ ਸਕਦੇ ਹਨ, ਜਾਂ ਖ਼ਤਮ ਹੋ ਸਕਦੇ ਹਨ, ਪਰ ਤੁਹਾਨੂੰ ਅਪਰਾਧਿਕ ਰਿਕਾਰਡ ਦੇ ਨਤੀਜਿਆਂ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ। ਉਦਾਹਰਨ ਲਈ, ਨੌਕਰੀ ਲੱਭਣ ਜਾਂ ਉਸਤੇ ਬਣੇ ਰਹਿਣ ਲਈ।

ਅਸੀਂ ਸਮਝਦੇ ਹਾਂ ਕਿ ਆਪਣੇ ਵਿਰੋਧ-ਪਰਦਰਸ਼ਨ ਦੇ ਅਧਿਕਾਰਾਂ ਦੀ ਵਰਤੋਂ ਕਰਨ ਨਾਲ ਤੁਹਾਡੀ ਸਰੀਰਕ, ਮਾਨਸਿਕ, ਭਾਵਨਾਤਮਕ ਅਤੇ ਅਧਿਆਤਮਿਕ ਸੁਰੱਖਿਆ ਲਈ ਮਹੱਤਵਪੂਰਨ ਖਤਰੇ ਪੈਦਾ ਹੋ ਸਕਦੇ ਹਨ, ਵਿਸ਼ੇਸ਼ ਤੌਰ 'ਤੇ ਆਦਿਵਾਸੀ ਲੋਕਾਂ, ਨਸਲੀ ਲੋਕਾਂ, ਗੈਰ-ਨਾਗਰਿਕਾਂ, ਪਰਤੱਖ ਤੌਰ 'ਤੇ ਹੋਰ ਲਿੰਗ ਵਾਲੇ ਲੋਕ, ਮਾਨਸਿਕ ਸਿਹਤ ਸਮੱਸਿਆਵਾਂ ਵਾਲੇ ਲੋਕ, ਅਪਾਹਜ ਲੋਕਾਂ ਅਤੇ 18 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਲਈ।

ਪੁਲਿਸ ਉਹਨਾਂ ਪਰਦਰਸ਼ਨਕਾਰੀਆਂ ਨੂੰ ਡਰਾ ਜਾਂ ਧਮਕਾ ਸਕਦੀ ਹੈ ਜੋ ਉਹਨਾਂ ਦੇ ਅਧਿਕਾਰਾਂ ਦਾ ਦਾਅਵਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਜਾਂ ਉਹ ਜਾਣਕਾਰੀ ਪਰ੍ਾਪਤ ਕਰਨ ਲਈ ਜਾਂ ਤੁਹਾਨੂੰ ਤੁਹਾਡੇ ਅਧਿਕਾਰਾਂ ਨੂੰ ਬਹਾਲ ਕਰਨ ਲਈ ਦੋਸਤਾਨਾ ਰਵਈਆਂ ਅਪਣਾ ਸਕਦੇ ਹਨ। ਪੁਲਿਸ ਨਾਲ ਨਜਿੱਠਣ ਸਮੇਂ ਜਾਂ ਆਪਣੇ ਅਧਿਕਾਰਾਂ ਦਾ ਦਾਅਵਾ ਕਰਦੇ ਸਮੇਂ, ਸ਼ਾਂਤ ਰਹਿਣ ਦੀ ਕੋਸ਼ਿਸ਼ ਕਰਨਾ ਮਹੱਤਵਪੂਰਨ ਹੁੰਦਾ ਹੈ। ਅਸੀਂ ਤੁਹਾਨੂੰ ਉਤਸ਼ਾਹਿਤ ਕਰਦੇ ਹਾਂ ਕਿ ਆਪਣੀ ਪਰ੍ਵਿਰਤੀ 'ਤੇ ਭਰੋਸਾ ਕਰੋ ਅਤੇ ਆਪਣੀ ਸਭ ਤੋਂ ਵਧੀਆ ਸੂਝ-ਬੂਝ ਦੀ ਵਰਤੋਂ ਕਰੋ ਤਾਂ ਜੋ ਤੁਸੀਂ ਆਪਣੀ ਸੁਰੱਖਿਅਤ ਰਹਿਣ ਦੀ ਲੋੜ ਨੂੰ ਪੂਰਾ ਕਰ ਸਕੋ।

## ਜਾਣਕਾਰੀ ਰਿਕਾਰਡ ਕਰਨਾ

ਲੋਕਾਂ ਲਈ ਜਨਤਕ ਥਾਵਾਂ 'ਤੇ ਵੀਡੀਓ ਜਾਂ ਫੋਟੋਆਂ ਖਿੱਚਣੀਆਂ ਕਾਨੂੰਨੀ ਹਨ। ਪੁਲਿਸ ਅਤੇ ਪਰ੍ਦਰਸ਼ਨਕਾਰੀਆਂ ਦੀ ਆਪਸੀ ਗੱਲਬਾਤ ਦਾ ਵੀਡੀਓ ਰਿਕਾਰਡ ਰੱਖਣਾ ਵੀ ਸਹਾਇਕ ਹੋ ਸਕਦਾ ਹੈ। ਤੁਹਾਨੂੰ ਪੁਲਿਸ ਦੀ ਫਿਲਮ ਬਣਾਉਣ ਦਾ ਅਧਿਕਾਰ ਹੈ, ਜਦੋਂ ਤੱਕ ਤੁਸੀਂ ਉਹਨਾਂ ਨੂੰ ਉਹਨਾਂ ਦੀ ਡਿਊਟੀ ਵਿੱਚ ਰੁਕਾਵਟ ਨਹੀਂ ਬਣਦੇ। ਸਾਵਧਾਨੀ ਵਰਤੋ: ਜਨਤਕ ਮੈਂਬਰਾਂ ਦੁਆਰਾ ਕੀਤੀਆਂ ਰਿਕਾਰਡਿੰਗਾਂ ਨੂੰ ਪੁਲਿਸ ਦੁਆਰਾ ਲਿਆ ਜਾ ਸਕਦਾ ਹੈ ਜੇ ਉਹਨਾਂ ਨੂੰ ਲੱਗੇ ਕਿ ਉਹ ਅਪਰਾਧ ਦੇ ਸਬੂਤ ਵਜੋਂ ਕੰਮ ਦੇ ਸਕਦੀਆਂ ਹਨ।

ਹਰ ਉਸ ਪੁਲਿਸ ਵਾਲੇ ਦਾ ਬੈਜ ਨੰਬਰ ਜਾਂ ਨਾਮ ਰਿਕਾਰਡ ਕਰੋ ਜੋ ਤੁਹਾਨੂੰ ਲੱਗਦਾ ਹੈ ਕਿ ਕਾਨੂੰਨ ਦੀ ਪਾਲਣਾ ਨਹੀਂ ਕਰ ਰਿਹਾ ਸੀ। ਜੇ ਤੁਸੀਂ ਇਹ ਜਾਣਕਾਰੀ ਦੀ ਮੰਗ ਕਰਦੇ ਹੋ ਤਾਂ ਪੁਲਿਸ ਨੂੰ ਆਪਣੀ ਸਨਾਖ਼ਤ ਕਰਵਾਉਣੀ ਚਾਹੀਦੀ ਹੈ। ਜੇ ਉਹ ਅਜਿਹਾ ਨਹੀਂ ਕਰਦੇ, ਤਾਂ ਤਾਰੀਖ਼, ਸਮਾਂ, ਸਥਾਨ ਅਤੇ, ਜੇ ਸੰਭਵ ਹੋਵੇ, ਤਾਂ ਅਫ਼ਸਰ(ਰਾਂ) ਦਾ ਵੇਰਵਾ ਨੋਟ ਕਰੋ। ਜੇ ਤੁਸੀਂ ਪੁਲਿਸ ਦੀ ਸ਼ਿਕਾਇਤ ਦਰਜ ਕਰਾਉਂਦੇ ਹੋ ਤਾਂ ਇਹ ਜਾਣਕਾਰੀ ਤੁਹਾਡੀ ਸਹਾਇਤਾ ਕਰੇਗੀ।

## ਪੁਲਿਸ ਵੱਲੋਂ ਫੋਟੋਗਰ੍ਾਫੀ ਅਤੇ ਵੀਡੀਓ

ਪੁਲਿਸ ਅਕਸਰ ਵਿਰੋਧ-ਪਰ੍ਦਰਸ਼ਨਾਂ ਦੀ ਵੀਡੀਓ ਰਿਕਾਰਡ ਕਰਦੀ ਹੈ। ਜੇ ਤੁਸੀਂ ਲਿਖਤੀ ਰੂਪ ਵਿੱਚ ਮੰਗ ਕਰਦੇ ਹੋ, ਤਾਂ ਪੁਲਿਸ ਤੁਹਾਨੂੰ ਉਹਨਾਂ ਦੀ ਰਿਕਾਰਡਿੰਗ ਦੀ ਇੱਕ ਕਾਪੀ ਦੇ ਸਕਦੀ ਹੈ। ਜੇ ਤੁਹਾਡੇ 'ਤੇ ਕਿਸੇ ਜੁਰਮ ਦਾ ਦੋਸ਼ ਲਗਾਇਆ ਜਾਂਦਾ ਹੈ, ਤਾਂ ਤੁਹਾਡੇ ਕੋਲ ਕੋਈ ਵੀ ਸੰਬੰਧਿਤ ਵੀਡੀਓ ਅਤੇ/ਜਾਂ ਫੋਟੋਆਂ ਦੇਖਣ ਦਾ ਅਧਿਕਾਰ ਹੋਵੇਗਾ। (ਦੇਖੋ ਪਾਠ 1: ਪੁਲਿਸ ਫੋਟੋਗਰ੍ਾਫੀ ਅਤੇ ਵੀਡੀਓ ਤੱਕ ਪਹੁੰਚ ਕਰਨ ਬਾਰੇ ਵਧੇਰੇ ਜਾਣਕਾਰੀ ਲਈ ਪੁਲਿਸ ਨਾਲ ਗੱਲਬਾਤ ਕਰਨਾ।)

# ਪਰ੍ਦਰਸ੍ਨਕਾਰੀਆਂ ਅਤੇ ਜ਼ਮੀਨ ਦੇ ਰਾਖਿਆਂ ਲਈ ਕਾਨੂੰਨੀ ਨਤੀਜੇ

ਸਭ ਤੋਂ ਆਮ ਦੋਸ਼ਾਂ ਅਤੇ ਮੁਕੱਦਮਿਆਂ ਬਾਰੇ ਜਾਣਨਾ ਤੁਹਾਨੂੰ ਉਹਨਾਂ ਨਤੀਜਿਆਂ ਲਈ ਤਿਆਰ ਕਰਨ ਅਤੇ ਸਮਝਣ ਵਿੱਚ ਸਹਾਇਤਾ ਕਰ ਸਕਦਾ ਹੈ ਕਿ ਤੁਸੀਂ ਵਿਰੋਧ-ਪਰ੍ਦਰਸ਼ਨ ਵਿੱਚ ਹਿੱਸਾ ਲੈਣ ਦੀ ਚੋਣ ਕਿਵੇਂ ਕਰਦੇ ਹੋ। (ਦੇਖੋ ਪਾਠ 4: ਗਿਰ੍ਫ਼ਤਾਰੀ ਤੋਂ ਬਾਅਦ।)

**ਸ਼ਾਂਤੀ ਭੰਗ ਕਰਨਾ:** ਇਹ ਕੋਈ ਦੋਸ਼ ਨਹੀ ਹੁੰਦਾ ਹੈ ਪਰ ਪੁਲਿਸ ਨੂੰ ਉਹਨਾਂ ਲੋਕਾਂ ਨੂੰ ਨਜ਼ਰਬੰਦ ਕਰਨ ਦੀ ਇਜਾਜ਼ਤ ਹੁੰਦੀ ਹੈ ਜਿਹੜੇ ਉਹਨਾਂ ਵਿਸ਼ਵਾਸ਼ ਅਨੁਸਾਰ ਲੋਕਾਂ ਜਾਂ ਜਾਇਦਾਦ ਦੇ ਵਿਰੁੱਧ ਸਰੀਰਕ ਤੌਰ 'ਤੇ ਹਿੰਸਕ ਹੋ ਸਕਦੇ ਹਨ। ਪੁਲਿਸ ਆਮ ਤੌਰ 'ਤੇ ਲੋਕਾਂ ਨੂੰ ਫੜਨ, ਪੁਲਿਸ ਵਾਹਨਾਂ ਵਿਚ ਸੁੱਟਣ, ਉਨਹ੍ਾਂ ਦੇ ਅਸਲ ਸਥਾਨ ਤੋਂ ਦੂਰ ਭਜਾਉਣ ਅਤੇ ਉਨਹ੍ਾਂ ਨੂੰ ਰਿਹਾਅ ਕਰਨ ਲਈ ਇਹ ਜੁਗਤ ਵਰਤਦੀ ਹੈ।

**ਪਰੇਸ਼ਾਨੀ ਦਾ ਕਾਰਨ ਬਣਨਾ:** ਜਦੋਂ ਤੁਸੀਂ ਹੇਠਾਂ ਦਿੱਤੀਆਂ ਕਾਰਵਾਈਆਂ ਨੂੰ ਜਨਤਕ ਥਾਵਾਂ 'ਤੇ ਕਰ ਰਹੇ ਹੋਵੋਂ: ਲੜਾਈ, ਚੀਕਣਾ, ਰੌਲਾ ਪਾਉਣਾ, ਗਾਲਾਂ ਕੱਢਣਾ, ਅਪਮਾਨਜਨਕ ਭਾਸ਼ਾ ਵਰਤਕੇ ਗਾਉਣਾ; ਦੂਜੇ ਵਿਅਕਤੀਆਂ ਲਈ ਰੁਕਾਵਟ ਬਣਨਾ ਜਾਂ ਛੇੜਛਾੜ ਕਰਨਾ; ਜਾਂ ਕਿਸੇ ਜਨਤਕ ਸਥਾਨ 'ਤੇ ਅਜਿਹੇ ਢੰਗ ਨਾਲ ਘੁੰਮਣਾ ਜਿਸ ਨਾਲ ਦੂਜੇ ਲੋਕਾਂ 'ਤੇ ਅਸਰ ਪਵੇ।

**ਗੈਰ-ਕਾਨੂੰਨੀ ਸਭਾ:** ਜਦੋਂ ਤਿੰਨ ਜਾਂ ਵੱਧ ਲੋਕ ਕੁਝ ਅਜਿਹੇ ਢੰਗ ਨਾਲ ਕਰਦੇ ਹਨ ਜਿੱਥੇ ਆਸ-ਪਾਸ ਦੇ ਲੋਕ ਡਰ ਜਾਣ ਕਿ ਤੁਸੀਂ "ਖਰੂਦੀ, ਜਾਂ ਹਿੰਸਕ ਢੰਗ ਨਾਲ ਜਾਂ ਸ਼ਾਂਤੀ ਭੰਗ" ਕਰੋਗੇ, ਜਾਂ ਦੂਜਿਆਂ ਨੂੰ ਇਸ ਲਈ ਉਤਸ਼ਾਹਿਤ ਕਰੋਗੇ।*

**ਦੰਗੇ**: ਇੱਕ ਗੈਰ-ਕਾਨੂੰਨੀ ਸਭਾ ਜਿਸ ਨੇ ਪਹਿਲਾਂ ਤੋਂ ਹੀ "ਖਰੂਦੀ ਢੰਗ ਨਾਲ ਸ਼ਾਂਤੀ ਭੰਗ" (ਹਿੰਸਕ ਢੰਗ ਨਾਲ) ਕਰਨਾ ਸ਼ੁਰੂ ਕੀਤਾ ਹੋਵੇ।*

**ਅਦਾਅਦਾਲਤੀ ਨਾ-ਫ਼ਰਮਾਨੀਦਾ ਦਾ:** ਜਦੋਂ ਤੁਹਾਨੂੰ ਅਦਾਲਤ ਦਾ ਅਪਮਾਨ ਜਾਂ ਨਾ-ਫ਼ਰਮਾਨੀ ਕਰਨ ਵਾਲਾ ਸਮਝਿਆ ਜਾਵੇ, ਉਦਾਹਰਨ ਲਈ, ਕਿਸੇ ਜੱਜ ਨੂੰ ਗਾਲਾਂ ਕੱਢਣਾ ਜਾਂ ਕਿਸੇ ਅਦਾਲਤੀ ਹੁਕਮ ਜਾਂ ਅਦਾਲਤ ਦੇ ਹੋਰ ਹੁਕਮਾਂ ਦੀ ਉਲੰਘਣਾ ਕਰਨਾ। ਨਾ-ਫ਼ਰਮਾਨੀ ਦੋ ਤਰਹ੍ਾਂ ਦੀ ਹੁੰਦੀ ਹੈ - ਦੀਵਾਨੀ ਅਤੇ ਅਪਰਾਧਿਕ। ਨਾ-ਫ਼ਰਮਾਨੀ ਦੇ ਦੋਸ਼ਾਂ ਦਾ ਨਤੀਜਾ ਇਹ ਜ਼ਰੂਰੀ ਨਹੀ ਹੈ ਕਿ ਅਪਰਾਧਿਕ ਰਿਕਾਰਡ ਹੋਵੇ, ਪਰ ਉਹ ਹੋਰ ਪੁਲਿਸ ਡੇਟਾਬੇਸ ਵਿੱਚ ਦਰਜ ਹੋ ਸਕਦਾ ਹੈ।

*ਗੈਰ-ਕਾਨੂੰਨੀ ਸਭਾ ਜਾਂ ਦੰਗੇ ਦੌਰਾਨ ਮਾਸਕ ਜਾਂ ਹੋਰ ਭੇਸ ਬਦਲਕੇ ਆਪਣੀ ਪਛਾਣ ਛੁਪਾਉਣਾ ਵੀ ਜੁਰਮ ਹੈ।

**ਰੋਡ ਰੋਕ ਕੇ ਧਮਕਾਉਣਾ:** ਹਾਈਵੇਅ ਨੂੰ ਬੰਦ ਕਰਨਾ ਜਾਂ ਰੁਕਾਵਟ ਪਾਕੇ ਲੋਕਾਂ ਨੂੰ ਕੁਝ ਅਜਿਹਾ ਕਰਨ ਤੋਂ ਰੋਕਣਾ ਜੋ ਉਹਨਾਂ ਦਾ ਕਾਨੂੰਨੀ ਅਧਿਕਾਰ ਹੈ, ਜਦੋਂ ਤੱਕ ਕਿ ਤੁਹਾਡੇ ਕੋਲ ਅਜਿਹਾ ਕਰਨ ਦਾ ਕਾਨੂੰਨੀ ਅਧਿਕਾਰ ਨਾ ਹੋਵੇ।

**ਸ਼ਾਂਤੀ ਅਫ਼ਸਰ ਦਾ ਵਿਰੋਧ ਕਰਨਾ ਜਾਂ ਕੰਮ ਵਿੱਚ ਰੁਕਾਵਟ ਪਾਉਣਾ:** ਕਿਸੇ ਜਨਤਕ ਅਫ਼ਸਰ ਜਾਂ ਸ਼ਾਂਤੀ ਅਫ਼ਸਰ ਨੂੰ ਆਪਣੀ ਕਰਨ ਤੋਂ ਰੋਕਣਾ। ਗਿਰਫ਼ਤਾਰੀ ਦੌਰਾਨ ਬੇ-ਹਰਕਤ ਜਾਂ ਲੰਗੜਾ ਹੋ ਜਾਣਾ ਗਿਰਫ਼ਤਾਰੀ ਦਾ ਵਿਰੋਧ ਨਹੀਂ ਹੁੰਦਾ ਹੈ।

**ਸ਼ਾਂਤੀ ਅਫ਼ਸਰ 'ਤੇ ਹਮਲਾ ਕਰਨਾ:** ਤੁਹਾਡੀ ਜਾਂ ਕਿਸੇ ਹੋਰ ਵਿਅਕਤੀ ਦੀ ਕਾਨੂੰਨੀ ਗਿਰਫ਼ਤਾਰੀ ਜਾਂ ਨਜ਼ਰਬੰਦੀ ਦਾ ਵਿਰੋਧ ਕਰਨਾ ਜਾਂ ਰੋਕਣਾ ਸਮੇਤ ਆਪਣੀ ਕਾਨੂੰਨੀ ਡਿਊਟੀ ਕਰ ਰਹੇ ਪੁਲਿਸ ਅਫ਼ਸਰ 'ਤੇ ਹਮਲਾ ਕਰਨਾ।

**ਘਟੀਆਂ ਹਰਕਤ:** ਜਾਇਦਾਦ ਦੀ ਤੋੜ-ਭੰਨ ਕਰਨਾ ਜਾਂ ਨੁਕਸਾਨ ਪਹੁੰਚਾਉਣਾ; ਜਾਇਦਾਦ ਨੂੰ ਖ਼ਤਰਨਾਕ ਜਾਂ ਬੇਕਾਰ ਬਣਾਉਣਾ; ਜਾਂ ਜਾਇਦਾਦ ਦੀ ਵਰਤੋਂ ਤੋਂ ਰੋਕਣਾ। ਇਸ ਵਿੱਚ ਸਪਰੇਅ-ਪੇਂਟਿੰਗ, ਚੇਨ ਨਾਲ ਬੰਦ ਹੋਣ ਵਾਲੇ ਦਰਵਾਜ਼ੇ ਜਾਂ ਅੰਦਰ ਜਾਣ ਦੇ ਰਸਤੇ ਨੂੰ ਬੰਦ ਕਰਨਾ ਸ਼ਾਮਲ ਹੈ।

**ਅਲਬਰਟਾ ਦਾ** ਕਿਰ੍ਟੀਕਲ ਇਨਫਰਾਸਟਰੱਕਚਰ ਡਿਫੈਂਸ ਐਕਟ **(CIDA):** ਬੁਨਿਆਦੀ ਢਾਂਚੇ ਦੀ ਸੁਰੱਖਿਆ ਲਈ ਪਾਇਪਲਾਈਨਾਂ, ਹਾਈਵੇਅ, ਰੇਲਵੇ ਅਤੇ ਖਾਣਾਂ ਸਮੇਤ, ਇੱਕ ਕਾਨੂੰਨ ਲਾਗੂ ਕੀਤਾ ਗਿਆ ਹੈ, ਜੋ ਨਾਕਾਬੰਦੀਆਂ, ਵਿਰੋਧ-ਪਰ੍ਦਰਸ਼ਨਾਂ ਜਾਂ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਾਰਨ ਜਨਤਕ ਸੁਰੱਖਿਆ, ਸਮਾਜਿਕ, ਆਰਥਿਕ ਅਤੇ ਵਾਤਾਵਰਣਕ ਨਤੀਜਿਆਂ ਤੋਂ ਹੋਣ ਵਾਲੇ ਨੁਕਸਾਨ ਤੋਂ ਰੱਖਿਆ ਕਰਦਾ ਹੈ। ਇਹਨਾਂ ਜੁਰਮਾਂ ਲਈ ਸਜ਼ਾਵਾਂ ਵਜੋਂ ਭਾਰੀ ਜੁਰਮਾਨੇ ਅਤੇ/ਜਾਂ 6 ਮਹੀਨੇ ਤੱਕ ਦੀ ਜੇਲ੍ਹ ਸ਼ਾਮਲ ਹੈ।

**ਮੁੜ-ਬਹਾਲੀ ਦੇ ਹੁਕਮ:** ਨੁਕਸਾਨ ਦਾ ਭੁਗਤਾਨ ਕਰਨ ਲਈ ਜੱਜ ਵੱਲੋਂ ਹੁਕਮ, ਅਕਸਰ ਉਹਨਾਂ ਕਾਰਕੁਨਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਇੱਕ ਵਿਰੋਧ-ਪਰ੍ਦਰਸ਼ਨ ਦੌਰਾਨ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਹੁੰਦਾ ਹੈ।

**SLAPP ਮੁਕੱਦਮਾ:** ਜਨਤਕ ਭਾਗੀਦਾਰੀ ਦੇ ਵਿਰੁੱਧ ਰਣਨੀਤਕ ਮੁਕੱਦਮੇ आबदकारबादकाआबादकार ਸਰਕਾਰਾਂ, ਕਾਰਪੋਰੇਸ਼ਨਾਂ ਅਤੇ ਵਿਅਕਤੀਆਂ ਦੁਆਰਾ ਆਲੋਚਕਾਂ ਨੂੰ ਡਰਾਉਣ ਅਤੇ ਚੁੱਪ ਕਰਾਉਣ ਲਈ ਵਰਤੇ ਜਾਂਦੇ ਹਨ ਜਦੋਂ ਤੱਕ ਉਹ ਹਾਰ ਨਹੀਂ ਮੰਨਦੇ ਲੋਕਾਂ ਨੂੰ ਕਾਨੂੰਨੀ ਖਰਚਿਆਂ ਲਈ ਭੁਗਤਾਨ ਕਰਨ ਲਈ ਮਜਬੂਰ ਕਰਦੇ ਹਨ।

SLAPPs ਇੱਕ ਨੁਕਸਾਨਦਾਇਕ ਸਮੱਸਿਆ ਹੈ ਜੋ ਪਰ੍ਗਟਾਵੇ ਦੀ ਆਜ਼ਾਦੀ ਅਤੇ ਜਨਤਕ ਭਾਗੀਦਾਰੀ ਨੂੰ ਪਰ੍ਭਾਵਿਤ ਕਰਦੀ ਹੈ। ਲੋਕਾਂ ਦੀ ਸੁਰੱਖਿਆ ਵਿੱਚ ਸਹਾਇਤਾ ਕਰਨ ਲਈ, ਕਿਊਬਿਕ, ਓਨਟਾਰੀਓ ਅਤੇ BC ਨੇ SLAPP ਵਿਰੋਧੀ ਕਾਨੂੰਨ ਬਣਾਇਆ ਹੈ ਜੋ ਤੁਹਾਨੂੰ SLAPP ਨੂੰ ਜਿੰਨੀ ਜਲਦੀ ਹੋ ਸਕੇ ਖਾਰਜ ਕਰਨ ਦੀ ਮੰਗ ਕਰਨ ਦੀ ਇਜਾਜ਼ਤ ਦਿੰਦਾ ਹੈ।

## ਗਿਰਫ਼ਤਾਰੀ ਤੋਂ ਬਾਅਦ

ਜਦੋਂ ਬਹੁਤ ਸਾਰੇ ਲੋਕਾਂ ਨੂੰ ਗਿਰਫ਼ਤਾਰ ਕੀਤਾ ਜਾਂਦਾ ਹੈ, ਤਾਂ ਪਰਦਰਸ਼ਨਕਾਰੀ "ਜੇਲਹ ਇੱਕਮੁਠਤਾ" ਦੀ ਚੋਣ ਕਰ ਸਕਦੇ ਹਨ। ਜੇਲਹ ਇੱਕਮੁਠਤਾ ਵਿੱਚ ਪਰਦਰਸ਼ਨਕਾਰੀਆਂ ਨੂੰ ਗਿਰਫ਼ਤਾਰ ਕੀਤੇ ਜਾਣ ਤੋਂ ਬਾਅਦ ਅਫ਼ਸਰ 'ਤੇ ਦਬਾਅ ਬਣਾਉਣ ਲਈ ਵੱਖ-ਵੱਖ ਰਣਨੀਤੀਆਂ ਸ਼ਾਮਲ ਹੁੰਦੀਆਂ ਹਨ। ਇਸ ਵਿੱਚ ਬਿਹਤਰ ਇਲਾਜ ਦੀਆਂ ਸਮੂਹਿਕ ਮੰਗਾਂ ਸ਼ਾਮਲ ਹੋ ਸਕਦੀਆਂ ਹਨ। ਉਦਾਹਰਨ ਲਈ, ਵਕੀਲਾਂ ਤੱਕ ਪਹੁੰਚ ਕਰਨਾ ਜਾਂ ਫ਼ੋਨ ਕਾਲਾਂ, ਪਾਣੀ, ਦਵਾਈ, ਭੋਜਨ, ਜਾਂ ਗਿਰਫ਼ਤਾਰੀਆਂ ਦੀ ਰਿਹਾਈ।

ਜੇਲਹ ਇੱਕਮੁਠਤਾ ਦੀ ਵਰਤੋਂ ਅਕਸਰ ਵਧੇਰੇ ਕਮਜ਼ੋਰ ਗਿਰਫ਼ਤਾਰੀਆਂ ਦੇ ਸਮਰਥਨ ਵਿੱਚ ਕੀਤੀ ਜਾਂਦੀ ਹੈ, ਵਿਸ਼ੇਸ਼ ਤੌਰ 'ਤੇ: ਆਦਿਵਾਸੀ ਲੋਕਾਂ, ਨਸਲੀ ਲੋਕਾਂ, ਪਰਤੱਖ ਤੌਰ 'ਤੇ ਹੋਰ ਲਿੰਗ ਦੇ ਲਕਾਂ ਜਾਂ ਟਰਾਂਸ/ਇੰਟਰਸੈਕਸ ਲੋਕਾਂ, ਅਪਾਹਜ ਲੋਕਾਂ ਜਾਂ ਤੁਰੰਤ ਮੈਡੀਕਲ ਲੋੜਾਂ ਵਾਲੇ ਲੋਕਾਂ, 18 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ, ਗੈਰ-ਨਾਗਰਿਕ ਅਤੇ ਉਸ ਹਰ ਕਿਸੇ ਲਈ ਜਿਸ ਵਿਅਕਤੀ ਨੂੰ ਗਾਰਡ ਜਾਂ ਪੁਲਿਸ ਦੁਆਰਾ ਨਿਸ਼ਾਨਾ ਬਣਾਇਆ ਜਾ ਸਕਦਾ ਹੈ ਜਾਂ ਪਰੇਸ਼ਾਨ ਕੀਤਾ ਜਾ ਸਕਦਾ ਹੈ।

(ਦੇਖੋ ਪਾਠ 2: ਗਿਰਫ਼ਤਾਰ ਕੀਤਾ ਜਾਣਾ ਅਤੇ ਪਾਠ 4: ਗਿਰਫ਼ਤਾਰੀ ਤੋਂ ਬਾਅਦ ਹੋਰ ਜਾਣਕਾਰੀ ਲਈ।)

## ਜੇ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ

ਕਾਨੂੰਨੀ ਸਹਾਇਤਾ ਲਈ, ਇਸ ਗਾਈਡ ਦੇ ਆਖੀਰ ਵਾਲੇ ਸਰੋਤ ਵੇਖੋ।

ਆਦਿਵਾਸੀ ਜਮੀਨ ਦੇ ਰਾਖਿਆ ਜਾਂ ਸਮੂਹਾਂ ਕੋਲ ਸੰਯੁਕਤ ਰਾਸ਼ਟਰ (UN) ਜਾਣ ਦਾ ਵਿਕਲਪ ਵੀ ਹੁੰਦਾ ਹੈ। ਐਲੀਮੀਨੇਸ਼ਨ ਆਫ ਰੇਸ਼ੀਅਲ ਡਿਸਕਰੀਮੀਨੇਸ਼ਨ (CERD) ਬਾਰੇ ਸੰਯੁਕਤ ਰਾਸ਼ਟਰ (UN) ਕਮੇਟੀ ਕੈਨੇਡਾ ਲਈ ਪਾਬੰਦ ਹੈ, ਅਤੇ ਇਹ ਅਰਲੀ ਵਾਰਨਿੰਗ ਐਂਡ ਅਰਜੈਂਟ ਐਕਸ਼ਨ ਪਰੋਸੀਜ਼ਰ (EWUAP) ਰਾਹੀਂ ਉਨਹਾਂ ਦੀਆਂ ਜ਼ਮੀਨਾਂ ਤੋਂ ਸਰੋਤ ਕੱਢਣ ਦੇ ਪਰੋਜੈਕਟਾਂ ਦਾ ਵਿਰੋਧ ਕਰਨ ਵਾਲੇ ਫਸਟ ਨੇਸ਼ਨਜ਼ ਲੋਕਾਂ ਨਾਲ ਵਿਵਹਾਰ ਦੀਆਂ ਸ਼ਿਕਾਇਤਾਂ ਨੂੰ ਸਵੀਕਾਰ ਕਰਦੀ ਹੈ। ਆਦਿਵਾਸੀ ਸਮੂਹ ਜਿਨੀਵਾ ਵਿੱਚ CERD ਦੀ ਮੀਟਿੰਗ ਵਿੱਚ ਪਰਤੀਨਿਧ ਭੇਜ ਸਕਦੇ ਹਨ ਜਾਂ CERD ਦੇ ਇੱਕ ਮੈਂਬਰ ਨੂੰ ਆਪਣੀ ਰਾਜਕੀ ਇਕਾਈਆਂ ਦਾ ਦੌਰਾ ਕਰਨ ਲਈ ਸੱਦਾ ਦੇ ਸਕਦੇ ਹਨ।

CERD ਬਾਰੇ ਹੋਰ ਜਾਣਕਾਰੀ ਲਈ ਵੇਖੋ ਐਲੀਮੀਨੇਸ਼ਨ ਆਫ ਰੇਸ਼ੀਅਲ ਡਿਸਕਰੀਮੀਨੇਸ਼ਨ ਬਾਰੇ ਸੰਯੁਕਤ ਰਾਸ਼ਟਰ ਦੀ ਕਮੇਟੀ (CERD): ਜਮੀਨ ਰਾਖਿਆਂ ਲਈ ਇੱਕ ਵਰਤੋਂਕਾਰ ਗਾਈਡ।

# ਮਾਰਪੁਲਿਸ ਸੁਰੱਖਿਆ ਕਰਮੀਆਂ ਦੀ ਭਾਰੀ ਗਿਣਤੀ

ਬੇਘਰ ਹੋਣ ਦਾ ਸਾਹਮਣਾ ਕਰਨ ਵਾਲੇ ਲੋਕ, ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲੇ ਲੋਕ, ਸੈਕਸ ਵਰਕਰ, ਅਤੇ ਉਹ ਲੋਕ ਜੋ HIV+ ਹਨ, ਨੂੰ ਅਕਸਰ ਭਾਰੀ ਪੁਲਿਸ ਥੋਪੀ ਜਾਂਦੀ ਹੈ ਅਤੇ ਅਪਰਾਧੀ ਘੋਸ਼ਿਤ ਕੀਤਾ ਜਾਂਦਾ ਹੈ।

## ਸੜਕਾਂ ਅਤੇ ਜਨਤਕ ਥਾਵਾਂ ਦੀ ਆਮ ਵਰਤੋਂ

### ਭੀਖ ਮੰਗਣਾ

ਕੈਨੇਡਾ ਵਿੱਚ ਪੈਸੇ ਮੰਗਣਾ (ਭੀਖ ਮੰਗਣਾ) ਕਾਨੂੰਨੀ ਹੈ। ਬਹੁਤ ਸਾਰੇ ਲੋਕਾਂ ਲਈ, ਖੁੱਲੇ ਪੈਸਿਆਂ ਦੀ ਮੰਗ ਕਰਨਾ ਹੀ ਇੱਕੋ ਇੱਕ ਢੰਗ ਬਚਦਾ ਹੈ ਜਿਸ ਨਾਲ ਉਹ ਆਪਣੀਆਂ ਬੁਨਿਆਦੀ ਲੋੜਾਂ ਨੂੰ ਪੂਰੀਆਂ ਕਰ ਸਕਦੇ ਹਨ।

ਹਾਲਾਂਕਿ, ਸੂਬਿਆਂ, ਰਾਜਕੀ ਇਕਾਈਆਂ, ਸ਼ਹਿਰਾਂ ਅਤੇ ਨਗਰਪਾਲਿਕਾਵਾਂ ਵਿਸ਼ੇਸ਼ ਸਥਾਨਾਂ ਅਤੇ ਢੰਗਾਂ ਨਾਲ ਭੀਖ ਮੰਗਣ 'ਤੇ ਪਾਬੰਦੀ ਲਗਾਉਣ ਲਈ ਕਾਨੂੰਨ ਜਾਂ ਉਪ-ਨਿਯਮ ਬਣਾ ਸਕਦੀਆਂ ਹਨ। ਤੁਹਾਡੇ ਖੇਤਰ ਵਿੱਚ ਭੀਖ ਮੰਗਣ ਸੰਬੰਧੀ ਕਨੂੰਨਾਂ ਅਤੇ ਉਪ-ਨਿਯਮਾਂ ਨੂੰ ਜਾਣਨਾ ਮਹੱਤਵਪੂਰਨ ਹੈ — ਉਹ ਜ਼ਿਆਦਾ ਪਾਬੰਧੀ ਵਾਲੇ ਜਾਂ ਭਾਰੀ ਜੁਰਮਾਨੇ ਵਾਲੇ ਹੋ ਸਕਦੇ ਹਨ। ਤੁਸੀਂ 311 'ਤੇ ਕਾਲ ਕਰਕੇ ਆਪਣੇ ਭਾਈਚਾਰੇ ਵਿੱਚ ਭੀਖ ਮੰਗਣ ਸੰਬੰਧੀ ਪਾਬੰਦੀਆਂ ਬਾਰੇ ਪੁੱਛ ਸਕਦੇ ਹੋ।

ਬ੍ਰਿਟਿਸ਼ ਕੋਲੰਬੀਆ ਵਿੱਚ, "ਹਮਲਾਵਰ ਢੰਗ ਨਾਲ ਭੀਖ ਮੰਗਣਾ" ਕਾਨੂੰਨ ਦੇ ਵਿਰੁੱਧ ਹੈ। ਇਸ ਦਾ ਅਰਥ ਹੈ ਕਿ ਤੁਹਾਨੂੰ ਵਾਰ-ਵਾਰ ਖੁੱਲੇ ਪੈਸੇ ਮੰਗਣਾ ਜਾਂ ਖੁੱਲੇ ਪੈਸੇ ਮੰਗਣ ਦੀ ਇਜਾਜ਼ਤ ਇਸ ਢੰਗ ਨਾਲ ਨਹੀਂ ਹੁੰਦੀ ਜਿਵੇਂ:

- ਕਿਸੇ ਨੂੰ ਘੇਰਨਾ ਕਰਨਾ ਜਾਂ ਕਿਸੇ ਦਾ ਪਿੱਛਾ ਕਰਨਾ,
- ਅਪਮਾਨਜਨਕ ਭਾਸ਼ਾ ਦੀ ਵਰਤੋਂ ਕਰਨਾ, ਜਾਂ
- ਉਦੋਂ ਕਿਸੇ ਦਾ ਪਹੁੰਚ ਜਾਣਾ ਜਦੋਂ ਤੁਸੀਂ ਦੋ ਜਾਂ ਦੋ ਤੋਂ ਵੱਧ ਲੋਕਾਂ ਦੇ ਸਮੂਹ ਵਿੱਚ ਹੁੰਦੇ ਹੋ।

ਕਿਸੇ ਤੋਂ ਇੱਥੇ ਪੈਸੇ ਮੰਗਣਾ ਵੀ ਗੈਰ-ਕਾਨੂੰਨੀ ਹੈ:

- ਕਿਸੇ ATM, ਜਨਤਕ ਵਾਸ਼ਰੂਮ, ਜਾਂ ਪੇਅ ਫ਼ੋਨ 'ਤੇ,
- ਇੱਕ ਬੱਸ ਸਟਾਪ 'ਤੇ, ਜਾਂ
- ਵਾਹਨ ਦੇ ਅੰਦਰ ਜਾਂ ਬਾਹਰ, ਜਾਂ ਵਾਹਨ ਦੇ ਅੰਦਰ ਘੁਸਣਾ। ਇਸ ਵਿੱਚ ਸੜਕਾਂ 'ਤੇ, ਪਾਰਕਿੰਗ ਸਥਾਨਾਂ ਵਿੱਚ, ਅਤੇ ਚੌਰਾਹਿਆਂ 'ਤੇ ਖੜੇ ਵਾਹਨ ਸ਼ਾਮਲ ਹਨ। ਇਸ ਵਿੱਚ ਵਾਹਨ ਦੀਆਂ ਖਿੜਕੀਆਂ ਨੂੰ ਸਾਫ਼ ਕਰਨ ਦੀ ਪੇਸ਼ਕਸ਼ ਕਰਨ ਵਰਗੀਆਂ ਚੀਜ਼ਾਂ ਵੀ ਸ਼ਾਮਲ ਹਨ।
- ਵੈਨਕੂਵਰ ਵਿੱਚ, ਬੈਂਕ ਜਾਂ ਕਰੈਡਿਟ ਯੂਨੀਅਨ ਦੇ ਅੰਦਰ ਜਾਣ ਦੇ ਰਸਤੇ ਨੂੰ 'ਤੇ, ਜਾਂ ਇਸ ਢੰਗ ਨਾਲ ਕੁਝ ਕਰਨਾ ਜਿਸ ਨਾਲ ਸੜਕ ਜਾਂ ਸਰਖ ਬੰਦ ਹੋ ਜਾਣਾ।

ਪੁਲਿਸ ਕਿਸੇ ਵੀ ਵਿਅਕਤੀ ਨੂੰ ਹਮਲਾਵਰ ਢੰਘ ਨਾਲ ਭੀਖ ਮੰਗਣ ਲਈ ਗਿਰਫ਼ਤਾਰ ਕਰ ਸਕਦੀ ਹੈ। ਹਾਲਾਂਕਿ ਕੋਈ ਸੂਬਾਈ ਤੌਰ 'ਤੇ ਜੁਰਮਾਨੇ ਨਹੀਂ ਹੁੰਦੇ ਹਨ, ਕਈ ਨਗਰਪਾਲਿਕਾਵਾਂ ਕੋਲ ਜੁਰਮਾਨੇ ਵਾਲੇ ਉਪ-ਨਿਯਮਾਂ ਹੁੰਦੇ ਹਨ। ਉਦਾਹਰਨ ਲਈ, ਵੈਨਕੂਵਰ ਵਿੱਚ ਇਹ ਜੁਰਮਾਨਾ $250 ਤੋਂ $2,000 ਦੇ ਵਿਚਕਾਰ ਹੋ ਸਕਦਾ ਹੈ।

## ਆਵਾਰਾ ਘੁੰਮਣਾ

ਆਵਾਰਾ ਘੁੰਮਣਾ ਉਸ ਨੂੰ ਕਿਹਾ ਜਾਂਦਾ ਹੈ ਜਦੋਂ ਤੁਸੀਂ ਕਿਸੇ ਜਨਤਕ ਸਥਾਨ, ਜਿਵੇਂ ਕਿ ਪਾਰਕਾਂ, ਬੈਂਚਾਂ, ਜਾਂ ਗਲੀਆਂ ਵਿੱਚ, ਉੱਥੇ ਬਿਨਾਂ ਕਿਸੇ ਖਾਸ ਕਾਰਨ ਦੇ ਘੁੰਮ ਰਹੇ ਹੁੰਦੇ ਹੋ। ਆਵਾਰਾ ਘੁੰਮਣਾ ਅਕਸਰ ਉਪ-ਨਿਯਮ ਅਨੁਸਾਰ ਜੁਰਮ ਹੁੰਦਾ ਹੈ। ਭਾਵੇਂ ਸਾਰੇ ਨਾਗਰਿਕਾਂ ਨੂੰ ਜਨਤਕ ਸਥਾਨਾਂ 'ਤੇ ਰਹਿਣ ਦਾ ਇੱਕੋ ਜਿਹਾ ਅਧਿਕਾਰ ਹੁੰਦਾ ਹੈ, ਕੁਝ ਭਾਈਚਾਰਿਆਂ ਨੂੰ ਪੁਲਿਸ ਦੁਆਰਾ ਆਵਾਰਾ ਘੁੰਮਣ ਸੰਬੰਧੀ ਉਪ-ਨਿਯਮਾਂ ਨੂੰ ਲਾਗੂ ਕਰਨ ਦੌਰਾਨ ਵਧੇਰੇ ਨਿਸ਼ਾਨਾ ਬਣਾਇਆ ਜਾਂਦਾ ਹੈ।

ਜੇ ਤੁਹਾਨੂੰ ਪੁਲਿਸ ਦੁਆਰਾ "ਨਾਲ ਚੱਲਣ" ਲਈ ਕਿਹਾ ਜਾਂਦਾ ਹੈ, ਤਾਂ ਤੁਸੀਂ ਇਸ ਦਾ ਕਾਰਨ ਪੁੱਛ ਸਕਦੇ ਹੋ। ਆਪਣੇ ਅਧਿਕਾਰਾਂ ਦਾ ਦਾਅਵਾ ਕਰਨ ਲਈ ਆਪਣੀ ਸਭ ਤੋਂ ਵਧੀਆ ਸੂਝ-ਬੂਝ ਦੀ ਵਰਤੋਂ ਕਰੋ, ਅਤੇ ਪੁਲਿਸ ਦੁਆਰਾ ਤਾਹਾਨੂੰ ਜੁਰਮਾਨਾ ਕੀਤੇ ਜਾਣ, ਗਿਰਫ਼ਤਾਰ ਕੀਤੇ ਜਾਣ ਜਾਂ ਖ਼ਤਰੇ ਵਿੱਚ ਪੈਣ ਦੇ ਜੋਖਮ ਬਾਰੇ ਵਿਚਾਰੋ।

## ਬਿਨਾਂ ਪਰਮਿਟ ਦੇ ਵਿਕਰੀ ਕਰਨਾ

ਸ਼ਹਿਰ ਦੀਆਂ ਸੜਕਾਂ 'ਤੇ ਬਿਨਾਂ ਪਰਮਿਟ ਦੇ ਵਿਕਰੀ ਕਰਨਾ (ਸਮਾਨ ਵੇਚਣਾ) ਬਹੁਤ ਸਾਰੀਆਂ ਨਗਰਪਾਲਿਕਾਵਾਂ ਵਿੱਚ ਉਪ-ਨਿਯਮਾਂ ਦੇ ਵਿਰੁੱਧ ਹੈ। ਉਹ ਲੋਕ ਜੋ ਪਰਮਿਟ ਪਰ੍ਾਪਤ ਨਹੀਂ ਕਰ ਸਕਦੇ, ਜਾਂ ਇਹ ਨਹੀਂ ਜਾਣਦੇ ਕਿ ਇਹ ਕਿਵੇਂ ਪਰ੍ਾਪਤ ਕਰਨਾ ਹੈ, ਸਭ ਤੋਂ ਵੱਧ ਪਰ੍ਭਾਵਿਤ ਹੁੰਦੇ ਹਨ। ਉਦਾਹਰਣ ਵਜੋਂ, ਵੈਨਕੂਵਰ ਵਿੱਚ, ਲੋਕਾਂ ਨੂੰ $250 ਜਾਂ ਇਸ ਤੋਂ ਵੱਧ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ ਅਤੇ ਵੇਚੀਆਂ ਜਾ ਰਹੀਆਂ ਵਸਤੂਆਂ ਨੂੰ ਵੀ ਪੁਲਿਸ ਕਬਜੇ ਵਿੱਚ ਲੈ ਸਕਦੀ ਹੈ।

# ਬੇਘਰ ਹੋਣ ਦਾ ਜਾਂ ਅਸਥਿਰ ਰਿਹਾਇਸ਼ ਦਾ ਸਾਹਮਣਾ ਕਰ ਰਹੇ ਲੋਕ

ਜਦੋਂ ਤੁਹਾਡੇ ਕੋਲ ਸਥਿਰ ਘਰ ਨਹੀਂ ਹੁੰਦਾ ਹੈ, ਤਾਂ ਇਹ ਜਾਣਨਾ ਔਖਾ ਹੋ ਸਕਦਾ ਹੈ ਕਿ ਤੁਸੀਂ ਕਿੱਥੇ ਪਨਾਹ ਲੈ ਸਕਦੇ ਹੋ ਅਤੇ ਤੁਹਾਡੇ ਕੀ ਅਧਿਕਾਰ ਹਨ।

## ਕੀ ਤੁਸੀਂ ਜਨਤਕ ਥਾਵਾਂ 'ਤੇ ਸੌਂ ਸਕਦੇ ਹੋ ਜਾਂ ਪਨਾਹ ਲੈ ਸਕਦੇ ਹੋ?

### ਤੁਹਾਡੇ ਕੋਲ ਇਹ ਅਧਿਕਾਰ ਹਨ...

ਚਾਰਟਰ ਦੇ ਸੈਕਸ਼ਨ 7 ਦੇ ਤਹਿਤ, ਸਰਕਾਰ ਦੁਆਰਾ ਕਿਸੇ ਦੇ ਜੀਵਨ, ਆਜ਼ਾਦੀ ਜਾਂ ਸੁਰੱਖਿਆ ਵਿੱਚ ਗੈਰ-ਵਾਜਬ ਤੌਰ 'ਤੇ ਦਖਲ ਦੇਣਾ ਗੈਰ-ਸੰਵਿਧਾਨਕ ਹੈ। ਹੁਣ ਤੱਕ, BC ਅਤੇ ਓਨਟਾਰੀਓ ਵਿੱਚ, ਅਦਾਲਤਾਂ ਨੇ ਮਾਨਤਾ ਦਿੱਤੀ ਹੈ ਕਿ ਇਸ ਚਾਰਟਰ ਦੇ ਅਧਿਕਾਰ ਦਾ ਅਰਥ ਹੈ ਕਿ ਤੁਸੀਂ ਬਾਹਰ ਪਨਾਹ ਲੈਣ ਲਈ ਇੱਕ ਅਸਥਾਈ ਢਾਂਚਾ ਜਾਂ ਟੈਂਟ ਦਾ ਪਰ੍ਬੰਧ ਕਰ ਸਕਦੇ ਹੋ ਅਤੇ ਸਰਕਾਰ ਨੂੰ ਤੁਹਾਨੂੰ ਥਾਂ ਤੋਂ ਹਟਾਉਣ ਦਾ ਅਧਿਕਾਰ ਨਹੀਂ ਹੈ, ਜੇ ਤੁਹਾਡੇ ਕੋਲ ਅੰਦਰੂਨੀ ਪਨਾਹ ਜਾਂ ਰਿਹਾਇਸ਼ ਦਾ ਪਰ੍ਬੰਧ ਕਰਨਾ ਅਸਾਨ ਪਹੁੰਚ ਵਿੱਚ ਨਹੀਂ ਹੈ। ਬਹੁਤ ਸਾਰੇ ਸ਼ਹਿਰਾਂ ਵਿੱਚ ਬੇਘਰੇ ਲੋਕਾਂ ਦੀ ਗਿਣਤੀ ਲਈ ਲੋੜੀਂਦੇ ਘਰ ਉਪਲਬਧ ਨਹੀਂ ਹੁੰਦੇ ਹਨ।

### ਸਰਕਾਰਾਂ ਇਹਨਾਂ ਅਧਿਕਾਰਾਂ ਦਾ ਸਨਮਾਨ ਨਹੀਂ ਕਰਦੀਆਂ...

ਬਦਕਿਸਮਤੀ ਨਾਲ, ਸ਼ਹਿਰ ਅਕਸਰ ਸੌਂ ਰਹੇ ਜਾਂ ਬਾਹਰ ਪਨਾਹ ਲੈਣ ਵਾਲੇ ਲੋਕਾਂ ਨੂੰ ਬਾਹਰ ਕੱਢਣ ਲਈ ਹੇਠਾਂ ਦਿੱਤੇ ਉਪ-ਨਿਯਮਾਂ ਨੂੰ ਵਰਤਦੇ ਹਨ, ਭਾਵੇਂ ਕੋਈ ਰਿਹਾਇਸ਼ ਜਾਂ ਪਨਾਹ ਦਾ ਵਿਕਲਪ ਉਪਲਬਧ ਨਾ ਵੀ ਹੋਵੇ।

- **ਰੁਕਾਵਟਾਂ ਜਾਂ ਢਾਂਚੇ ਲਗਾਉਣ ਵਿਰੁੱਧ ਸੜਕ ਅਤੇ ਪਾਰਕ ਸੰਬੰਧੀ ਉਪ-ਨਿਯਮ।** ਉਦਾਹਰਣ ਲਈ, ਵੈਨਕੂਵਰ ਵਿੱਚ, ਬਿਨਾਂ ਪਰਮਿਟ ਦੇ ਸ਼ਹਿਰ ਦੀ ਸੜਕ ਜਾਂ ਫੁੱਟਪਾਥ 'ਤੇ ਟੈਂਟ ਅਤੇ ਜਾਲ ਸਮੇਤ ਕਿਸੇ ਵੀ ਤਰਹ੍ਹਾਂ ਦਾ ਢਾਂਚਾ ਲਗਾਉਣਾ ਜਾਂ ਵਸਤੂ ਲਗਾਉਣਾ ਇੱਕ ਉਪ-ਨਿਯਮ ਜੁਰਮ ਹੁੰਦਾ ਹੈ। ਇਹ ਪਾਰਕਾਂ ਲਈ ਵੀ ਸਮਾਨ ਹੈ।
- **ਆਵਾਰਾ ਘੁੰਮਣ ਸੰਬੰਧੀ ਉਪ-ਨਿਯਮ**
- **ਭੀਖ ਮੰਗਣਾ ਅਤੇ ਬਿਨਾਂ ਪਰਮਿਟ ਦੇ ਵਿਕਰੀ ਕਰਨ ਸੰਬੰਧੀ ਉਪ-ਨਿਯਮ**

ਭਾਵੇਂ ਇਹਨਾਂ ਵਿੱਚੋਂ ਜ਼ਿਆਦਾਤਰ ਉਪ-ਨਿਯਮਾਂ ਦੀ ਵਰਤੋਂ ਨੂੰ ਅਕਸਰ ਅਦਾਲਤ ਵਿੱਚ ਚੁਣੌਤੀ ਦਿੱਤੀ ਜਾਂਦੀ ਹੈ, ਸ੍ਹਿਰ ਅਤੇ ਪੁਲਿਸ ਉਹਨਾਂ ਨੂੰ ਲਾਗੂ ਕਰਨਾ ਜਾਰੀ ਰੱਖਦੇ ਹਨ, ਅਤੇ ਜੇ ਬੇਘਰੇ ਲੋਕ ਨਿਕਾਲੇ ਦੀ ਪਾਲਣਾ ਨਹੀਂ ਕਰਦੇ ਹਨ ਤਾਂ ਉਹਨਾਂ ਨੂੰ ਅਪਰਾਧਿਕ ਦੋਸ੍ਹਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਜੇ ਤੁਹਾਨੂੰ ਸ਼ੈਲਟਰ ਬੈੱਡ ਦੀ ਪੇਸ੍ਹਕਸ੍ਹ ਕੀਤੀ ਗਈ ਹੈ ਤਾਂ ਕੀ ਹੋਵੇਗਾ?

ਸ੍ਹੈਲਟਰ ਬੈੱਡ ਬਾਹਰ ਰਹਿ ਰਹੇ ਲੋਕਾਂ ਲਈ ਪਹੁੰਚਯੋਗ ਜਾਂ "ਢੁਕਵੇਂ" ਹੋਣੇ ਚਾਹੀਦੇ ਹਨ। ਜਦੋਂ ਸੈਲਟਰ ਬੈੱਡ ਖਾਲੀ ਹੁੰਦੇ ਹਨ ਤਾਂ ਬੇਘਰੇ ਲੋਕ ਅਕਸਰ ਉਹਨਾਂ ਤੱਕ ਪਹੁੰਚ ਨਹੀਂ ਕਰ ਸਕਦੇ, ਕਿਉਂਕਿ ਉਹ ਅਸੁਰੱਖਿਅਤ ਹੋ ਸਕਦੇ ਹਨ, ਸਰੀਰਕ ਅਸਮਰਥਤਾ ਵਾਲੇ ਲੋਕਾਂ ਲਈ ਪਹੁੰਚਯੋਗ ਨਹੀਂ ਹੋ ਸਕਦੇ, ਜਾਂ ਉਹਨਾਂ ਦੀਆਂ ਲੋੜਾਂ ਪੂਰੀਆਂ ਨਹੀਂ ਕਰਦੇ ਹੋ ਸਕਦੇ। ਜੇ ਸ੍ਹੈਲਟਰ ਬੈੱਡ ਤਾਹਨੂੰ ਪਸੰਦ ਨਹੀਂ ਹੈ, ਕਿਉਂਕਿ ਇਹ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰਦਾ ਹੈ, ਤਾਂ ਵੀ ਤੁਹਾਨੂੰ ਕਾਨੂੰਨੀ ਤੌਰ 'ਤੇ ਬਾਹਰ ਪਨਾਹ ਲੈਣ ਦੇ ਯੋਗ ਹੋਣਾ ਚਾਹੀਦਾ ਹੈ।

## ਜੇ ਤੁਸੀ ਨਾ ਥਾਂ ਨਾ ਛੱਡਣ ਦਾ ਫੈਸਲਾ ਕਰਦੇ ਹੋ ਤਾਂ ਸ੍ਹਿਰ ਅਤੇ ਪੁਲਿਸ ਕੀ ਕਰ ਸਕਦੇ ਹਨ?

ਪੁਲਿਸ ਉਪ-ਨਿਯਮਾਂ ਦੇ ਤਹਿਤ ਤੁਹਾਨੂੰ ਜੁਰਮਾਨਾ ਕਰ ਸਕਦੀ ਹੈ ਜਾਂ "ਘੁਸਪੈਠ" ਲਈ ਗਿਰ੍ਫ਼ਤਾਰ ਕਰ ਸਕਦੀ ਹੈ। ਜੇ ਤੁਸੀਂ ਕਿਸੇ ਸ਼ਹਿਰੀ ਉਪ-ਨਿਯਮ ਦੀ ਉਲੰਘਣਾ ਕਰ ਰਹੇ ਹੋ ਅਤੇ ਤੁਹਾਨੂੰ ਥਾਂ ਛੱਡਕੇ ਜਾਣ ਲਈ ਕਹੇ ਜਾਣ ਤੋਂ ਬਾਅਦ ਵੀ ਤੁਸੀਂ ਨਹੀਂ ਛੱਡਦੇ, ਤਾਂ ਤੁਸੀਂ ਇੱਕ "ਘੁਸਪੈਠੀਆ" ਘੋਸ਼ਿਤ ਕੀਤਾ ਜਾ ਸਕਦਾ ਹੈ। ਸ਼ਹਿਰ ਦਾ ਸਟਾਫ਼ ਤੁਹਾਨੂੰ ਗਿਰ੍ਫ਼ਤਾਰ ਜਾਂ ਥਾਂ ਤੋ ਹਟਾ ਨਹੀਂ ਸਕਦਾ, ਪਰ ਉਹ ਤੁਹਾਨੂੰ ਟਿਕਟ ਦੇ ਸਕਦਾ ਹੈ। ਪੁਲਿਸ ਤੁਹਾਨੂੰ ਹੋਰ ਅਪਰਾਧਿਕ ਜੁਰਮਾਂ ਲਈ ਵੀ ਗਿਰ੍ਫ਼ਤਾਰ ਕਰ ਸਕਦੀ ਹੈ ਜਿਵੇਂ ਕਿ "ਧਮਕੀ ਦੇਣਾ", "ਵਿਘਨ ਪੈਦਾ ਕਰਨਾ", "ਪੁਲਿਸ ਦੇ ਕੰਮ ਵਿੱਚ ਰੁਕਾਵਟ ਪਾਉਣਾ" ਜਾਂ ਅਪਰਾਧਿਕ "ਖਲਬਲੀ" ਪੈਦਾ ਕਰਨਾ।

## ਕੀ ਸ਼ਹਿਰ ਮੇਰਾ ਸਮਾਨ ਖੋਹ ਸਕਦਾ ਹੈ?

ਬਹੁਤ ਸਾਰੇ ਸ਼ਹਿਰ ਤੁਹਾਡੀ ਸਮਾਨ ਖੋਹ ਸਕਦੇ ਹਨ ਜੇ ਉਹ ਸੜਕ 'ਤੇ ਜਾਂ ਪਾਰਕ ਵਿੱਚ ਹੋਵੇ, ਟੈਂਟਾਂ ਸਮੇਤ, ਜੇ ਉਹ ਇਹ ਕਹਿੰਦੇ ਹਨ ਕਿ ਤੁਸੀਂ ਉਪ-ਨਿਯਮ ਦੀ ਉਲੰਘਣਾ ਕਰ ਰਹੇ ਹੋ।

ਤੁਹਾਡੇ ਕੋਲ ਆਪਣੇ ਸਮਾਨ ਨੂੰ ਵਾਪਸ ਲੈਣ ਦਾ ਕੋਈ ਖਾਸ ਤਰੀਕਾ ਨਹੀਂ ਹੈ। ਆਮ ਤੌਰ 'ਤੇ, ਸ਼ਹਿਰ ਇੱਕ ਪਰ੍ਕਿਰਿਆ ਬਣਾਉਣ ਦਾ ਦਾਅਵਾ ਕਰਦਾ ਹੈ ਜਿਸ ਨਾਲ ਤੁਸੀਂ ਆਪਣਾ ਸਮਾਨ ਵਾਪਸ ਪਰ੍ਾਪਤ ਕਰ ਸਕਦੇ ਹੋ, ਕਈ ਵਾਰ ਫ਼ੀਸ ਦੇ ਕੇ। ਜੇ ਤੁਸੀਂ ਆਪਣੇ ਸਮਾਨ ਨੂੰ ਸਮੇਂ ਸਿਰ ਵਾਪਸ ਲੈਣ ਦਾ ਪਰ੍ਬੰਧ ਨਹੀਂ ਕਰਦੇ ਹੋ, ਤਾਂ ਉਹਨਾਂ ਨੂੰ ਸੁੱਟਿਆ ਜਾ ਸਕਦਾ ਹੈ।

ਜੇ ਸ਼ਹਿਰ ਨੇ ਤੁਹਾਡਾ ਸਮਾਨ ਖੋਹ ਲਿਆ ਹੈ, ਤਾਂ
ਕੀ ਲਿਆ ਗਿਆ ਸੀ, ਇਸ ਦੀ ਸੂਚੀ ਬਣਾਓ। ਕੁਝ ਖੇਤਰਾਂ ਵਿੱਚ, ਸਥਾਨਕ ਸੰਗਠਨ ਅਤੇ ਵਕੀਲ ਹਨ ਜੋ ਸਹਿਯੋਗ ਕਰ ਸਕਦੇ ਹਨ।

### ਕੀ ਤੁਸੀਂ ਨਿੱਜੀ ਜਾਇਦਾਦ'ਤੇ ਸੌਂ ਸਕਦੇ ਹੋ ਜਾਂ ਪਨਾਹ ਲੈ ਸਕਦੇ ਹੋ?

ਕੁਝ ਥਾਵਾਂ, ਜਿਵੇਂ ਕਿ ਪਾਰਕਿੰਗ ਸਥਾਨ, ਨਿੱਜੀ ਮਲਕੀਅਤ ਹੋ ਸਕਦੇ ਹਨ, ਇਸ ਲਈ ਉੱਥੇ ਸੌਣ ਨੂੰ ਸੰਭਾਵਤ ਤੌਰ 'ਤੇ "ਘੁਸਪੈਠ" ਮੰਨਿਆ ਜਾਵੇਗਾ। ਨਿੱਜੀ ਸੁਰੱਖਿਆ ਗਾਰਡ ਲੋਕਾਂ ਨੂੰ ਨਿੱਜੀ ਜਾਇਦਾਦ ਤੋਂ ਹਟਾਉਣ ਲਈ "ਵਾਜਬ ਤਾਕਤ" ਦੀ ਵਰਤੋਂ ਕਰ ਸਕਦੇ ਹਨ ਪਰ ਜਨਤਕ ਜਾਇਦਾਦ 'ਤੇ ਅਜਿਹਾ ਨਹੀਂ ਕਰ ਸਕਦੇ, ਜਿਵੇਂ ਕਿ ਸਟੋਰ ਦੇ ਸਾਹਮਣੇ ਜਾਂ ਅੰਦਰੂਨੀ ਰਸਤੇ।ਅਤੇ। (ਦੇਖੋ ਪਾਠ 6: ਕਾਨੂੰਨ ਲਾਗੂ ਕਰਨ ਵਾਲੀਆਂ ਹੋਰ ਏਜੰਸੀਆਂ।)

### ਕੀ ਤੁਸੀਂ ਇੱਕ ਵਾਹਨ ਜਾਂ RV ਵਿੱਚ ਸੌਂ ਸਕਦੇ ਹੋ?

ਕੁਝ ਨਗਰਪਾਲਿਕਾਵਾਂ ਵਿੱਚ, ਤੁਸੀਂ ਇੱਕ ਵਾਹਨ ਵਿੱਚ ਰਾਤ ਭਰ ਨਹੀਂ ਸੌਂ ਸਕਦੇ ਹੋ ਜਾਂ ਸੜਕ 'ਤੇ ਪਾਰਕ ਕਰਕੇ "ਰਿਹਾਇਸ਼" ਵਜੋਂ ਵਾਹਨ ਦੀ ਵਰਤੋਂ ਨਹੀਂ ਕਰ ਸਕਦੇ। ਹੋਰ ਨਗਰਪਾਲਿਕਾਵਾਂ ਇਸ ਗੱਲ 'ਤੇ ਪਾਬੰਦੀ ਲਗਾਉਂਦੀਆਂ ਹਨ ਕਿ ਤੁਸੀਂ ਕਦੋਂ ਅਤੇ ਕਿੱਥੇ ਪਾਰਕ ਕਰ ਸਕਦੇ ਹੋ, ਇਸ ਨਾਲ ਪਰਮਿਟ ਵਾਲੇ ਖੇਤਰ ਵਿੱਚ ਰਾਤ ਭਰ ਲਈ ਪਾਰਕਿੰਗ ਲੱਭਣਾ ਮੁਸ਼ਕਲ ਹੋ ਸਕਦਾ ਹੈ।

## ਨਸ਼ੇ ਦੀ ਵਰਤੋਂ ਕਰਨ ਵਾਲੇ ਲੋਕ

ਕੰਟਰੋਲਡ ਡਰੱਗਜ਼ ਐਂਡ ਸਬਸਟੈਂਸ ਐਕਟ ਦੇ ਤਹਿਤ, ਤੁਹਾਡੇ 'ਤੇ ਖਾਸ ਨਸ਼ੇ ਰੱਖਣ, ਨਸ਼ੀਲੇ ਪਦਾਰਥਾਂ ਦੀ ਮੰਗ ਕਰਨ ਜਾਂ ਖਰੀਦਣ, ਜਾਂ ਤਸਕਰੀ ਦਾ ਦੋਸ਼ ਲਗਾਇਆ ਜਾ ਸਕਦਾ ਹੈ। ਤੁਹਾਡੇ 'ਤੇ ਤਾਂ ਵੀ ਦੋਸ਼ ਲਗਾਇਆ ਜਾ ਸਕਦਾ ਹੈ ਭਾਵੇਂ ਤੁਸੀਂ ਸਿਰਫ਼ ਉਹਨਾਂ ਲੋਕਾਂ ਨੂੰ ਇੱਕ ਸੁਰੱਖਿਅਤ ਮਾਤਰਾ ਦੀ ਸਪਲਾਈ ਪਰ੍ਦਾਨ ਕਰ ਰਹੇ ਹੋ ਜਿਨਹ੍ਾਂ ਦੀ ਤੁਸੀਂ ਦੇਖਭਾਲ ਕਰਦੇ ਹੋ।

ਪੂਰੇ ਕੈਨੇਡਾ ਵਿੱਚ ਨਿਗਰਾਨੀ ਅਧੀਨ ਓਵਰਡੋਜ਼ ਰੋਕਥਾਮ ਸਾਈਟਾਂ ਲਈ ਛੋਟਾਂ ਵੀ ਮੌਜੂਦ ਹੁੰਦੀਆਂ ਹਨ। ਜੇ ਤੁਸੀਂ ਇਹਨਾਂ ਸਾਈਟਾਂ 'ਤੇ ਪਦਾਰਥਾਂ ਦੀ ਵਰਤੋਂ ਕਰਦੇ ਹੋ, ਤਾਂ ਤੁਹਾਡੇ ਕੋਲ ਨੁਕਸਾਨ ਘਟਾਉਣ ਵਾਲੀਆਂ ਸਪਲਾਈਆਂ ਅਤੇ ਸੇਵਾਵਾਂ ਤੱਕ ਪਹੁੰਚ ਹੋਵੇਗੀ, ਅਤੇ ਤੁਹਾਡੇ 'ਤੇ ਕੋਈ ਦੋਸ਼ ਨਹੀਂ ਲਗਾਇਆ ਜਾ ਸਕਦਾ ਹੈ। ਭਾਵੇਂ, ਜਿਵੇਂ ਹੀ ਤੁਸੀਂ ਸਾਈਟ ਛੱਡਦੇ ਹੋ, ਛੋਟ ਵੀ ਖਤਮ ਹੋ ਜਾਂਦੀ ਹੈ।

ਪਦਾਰਥਾਂ ਦਾ ਸੇਵਨ ਅਪਰਾਧ ਨਹੀਂ ਹੈ, ਪਰ ਕਈ ਵਾਰ ਇਹ ਨਗਰਪਾਲਿਕਾ ਦੇ ਉਪ-ਨਿਯਮਾਂ ਦੇ ਵਿਰੁੱਧ ਜਾ ਸਕਦਾ ਹੈ।

### ਜੇ ਤੁਸੀਂ ਨਸ਼ੇ ਕੀਤੇ ਹਨ ਅਤੇ ਫਿਰ ਗਿਰ੍ਫਤਾਰ ਹੋ ਗਏ ਹੋ:

ਹਿਰਾਸਤ ਵਿੱਚ ਹੋਣ ਦੇ ਦੌਰਾਨ ਤੁਹਾਨੂੰ ਮੈਡੀਕਲ ਦੇਖਭਾਲ ਦਾ ਅਧਿਕਾਰ ਹੈ। ਭਾਵੇਂ, ਤੁਹਾਨੂੰ ਗਿਰ੍ਫ਼ਤਾਰ ਕੀਤੇ ਜਾਣ ਅਤੇ ਤੁਹਾਡੀ ਜ਼ਮਾਨਤ ਦੀ ਸੁਣਵਾਈ ਦੇ ਵਿਚਕਾਰ, ਤੁਹਾਨੂੰ ਆਮ ਤੌਰ 'ਤੇ ਪੁਲਿਸ "ਹਿਰਾਸਤ" ਵਿੱਚ ਰੱਖਿਆ ਜਾਂਦਾ ਹੈ। ਜਿਵੇਂ ਕਿ ਅਸੀਂ ਸਮਝਦੇ ਹਾਂ, ਲੋਕਾਂ ਨੂੰ ਉਹਨਾਂ ਦੀਆਂ ਦਵਾਈਆਂ ਰੱਖਣ ਤੋਂ ਅਕਸਰ ਇਨਕਾਰ ਕੀਤਾ ਜਾਂਦਾ ਹੈ, ਇਸ ਲਈ ਮੈਥਾਡੋਨ ਜਾਂ ਹੋਰ ਨੁਕਸਾਨ ਘਟਾਉਣ ਵਾਲੀਆਂ ਦਵਾਈਆਂ ਦੀ ਤੁਹਾਡੀ ਵਰਤੋਂ ਵਿੱਚ ਰੁਕਾਵਟ ਆ ਸਕਦੀ ਹੈ। (ਦੇਖੋ ਪਾਠ 4: ਗਿਰ੍ਫਤਾਰੀ ਤੋਂ ਬਾਅਦ ਕਾਨੂੰਨੀ ਵਿਕਲਪ।)

ਭਾਵੇਂ ਬਹੁਤ ਸਾਰੇ ਨਸ਼ੀਲੇ ਪਦਾਰਥ ਰੱਖਣਾ ਇੱਕ ਅਪਰਾਧ ਹੈ, ਪਰ ਉਹਨਾਂ ਦੀ ਵਰਤੋਂ ਕਰਨ ਵਾਲਾ ਅਪਰਾਧੀ ਨਹੀਂ ਹੈ। ਭਾਵੇਂ, ਬਹੁਤ ਸਾਰੇ ਸ਼ਹਿਰਾਂ ਵਿੱਚ, ਜਨਤਕ ਖੇਤਰਾਂ ਵਿੱਚ ਲੋਕਾਂ ਨੂੰ ਨਸ਼ੀਲੇ ਪਦਾਰਥ, ਸ਼ਰਾਬ ਪੀਣ ਜਾਂ ਇੱਥੋਂ ਤੱਕ ਕਿ ਸਿਗਰਟ ਪੀਣ ਤੋਂ ਰੋਕਣ ਲਈ ਉਪ-ਨਿਯਮ ਮੌਜੂਦ ਹਨ। ਉਦਾਹਰਨ ਲਈ, ਇੱਕ ਉਪ-ਨਿਯਮ ਅਜਿਹਾ ਹੋ ਸਕਦਾ ਹੈ ਕਿ ਤੁਸੀਂ ਕਿਸੇ ਇਮਾਰਤ ਦੇ ਦਰਵਾਜ਼ਿਆਂ, ਖਿੜਕੀਆਂ, ਜਾਂ ਹਵਾ ਦੀਆਂ ਨਿਕਸੀਆਂ ਦੇ 6 ਮੀਟਰ ਦੇ ਅੰਦਰ ਸਿਗਰਟ ਨਹੀਂ ਪੀ ਸਕਦੇ। ਅਲਕੋਹਲ ਲਈ, ਨਗਰਪਾਲਿਕਾਵਾਂ ਕੋਲ ਜਨਤਕ ਥਾਵਾਂ 'ਤੇ ਸ਼ਰਾਬ ਪੀਣ ਦੇ ਵਿਰੁੱਧ ਅਕਸਰ ਉਪ-ਨਿਯਮ ਹੁੰਦਾ ਹੈ, ਅਤੇ ਪੁਲਿਸ ਤੁਹਾੜੇ ਸ਼ਰਾਬ ਪੀਣ ਦੇ ਪੱਧਰ ਮਾਪ ਸਕਦੀ ਲੈ ਜਾਂ ਮਾਪ ਅਨੁਸਾਰ ਪਾ ਸਕਦੀ ਹੈ।

## BC ਅੰਸ਼ਿਕ ਛੋਟ ਵਾਲਾ ਪਾਇਲਟ ਪਰੋਜੈਕਟ

BC ਨੇ 31 ਜਨਵਰੀ, 2023 ਤੋਂ ਸ਼ੁਰੂ ਕਰਕੇ ਇੱਕ ਪਾਇਲਟ ਪਰੋਜੈਕਟ ਸ਼ੁਰੂ ਕੀਤਾ, ਜਿਸ ਦੀ ਪੇਸ਼ਕਸ਼ ਅਨੁਸਾਰ ਆਪਣੇ ਕੋਲ ਇੱਕ ਥੋੜਹੀ ਅਤੇ ਖਾਸ ਮਾਤਰਾ ਅਪਰਾਧ ਨਹੀਂ ਹੈ।

<u>ਛੋਟ ਤਾਂ ਹੀ ਲਾਗੂ ਹੁੰਦੀ ਹੈ ਜੇ ਤੁਸੀਂ:</u>

- 18 ਸਾਲ ਤੋਂ ਉੱਪਰ ਹੋ;
- ਤੁਸੀਂ BC ਵਿੱਚ ਹੋ, ਅਤੇ ਸਥਾਨਕ ਜਾਂ ਅੰਤਰਰਾਸ਼ਟਰੀ ਸਰਹੱਦ ਪਾਰ ਨਹੀਂ ਕਰ ਰਹੇ ਹੋ; **ਅਤੇ**
- ਕੋਲ ਰੱਖਣ ਯੋਗ **ਇਹਨਾਂ ਚਾਰਾਂ ਵਿੱਚੋਂ ਕਿਸੇ ਵੀ ਨਸ਼ੀਲੇ ਪਦਾਰਥ ਦੀ ਕੁੱਲ 2.5 ਗਰ੍ਹਾਮ ਤੋਂ ਘੱਟ ਮਾਤਰਾ: ਓਪੀਔਡਜ਼, ਕੋਕੀਨ, ਮੈਥ, ਜਾਂ MDMA (ਐਕਸਟੇਸੀ)।**

ਇਸ ਦਾ ਅਰਥ ਹੈ ਕਿ ਪੁਲਿਸ ਨੂੰ ਤੁਹਾਡੇ ਤੋਂ ਇਹ ਨਸ਼ੇ ਨਹੀਂ ਲੈਣੇ ਚਾਹੀਦੇ ਅਤੇ ਤੁਹਾਡੇ 'ਤੇ ਅਪਰਾਧਿਕ ਦੋਸ਼ ਨਹੀਂ ਲਗਾਏ ਜਾਣਗੇ। ਇਹ ਕਾਨੂੰਨ ਘੱਟੋ-ਘੱਟ 31 ਜਨਵਰੀ, 2026 ਤੱਕ ਲਾਗੂ ਰਹੇਗਾ।

ਪੁਲਿਸ ਤੁਹਾਨੂੰ ਨਸ਼ਾ ਛੱਡਣ ਵਿੱਚ ਸਹਾਇਤਾ ਲਈ ਸੇਵਾ ਅਤੇ ਰੈਫਰਲ ਜਾਣਕਾਰੀ ਵਾਲਾ ਇੱਕ ਸੂਚਨਾ ਕਾਰਡ ਦੇ ਸਕਦੀ ਹੈ। ਉਹ ਤੁਹਾਨੂੰ ਸੇਵਾਵਾਂ ਤੱਕ ਪਹੁੰਚ ਕਰਨ ਲਈ ਮਜਬੂਰ ਨਹੀਂ ਕਰ ਸਕਦੇ ਹਨ। ਜੇ ਤੁਸੀਂ ਪੁੱਛੋ ਤਾਂ ਹੀ ਉਹ ਤੁਹਾਡੀ ਸਹਾਇਤਾ ਕਰ ਸਕਦੇ ਹਨ। ਇਹ ਛੋਟ ਤੁਹਾਡੇ 'ਤੇ ਲਾਗੂ ਨਹੀਂ ਹੁੰਦੀ ਜੇ ਤੁਸੀਂ:

- ਕਿਸੇ ਹੋਰ ਅਪਰਾਧਿਕ ਗਤੀਵਿਧੀ ਵਿੱਚ ਸ਼ਾਮਲ ਹੋਣਾ, ਜਿਸ ਵਿੱਚ ਤਸਕਰੀ ਦੇ ਉਦੇਸ਼ਾਂ ਨਾਲ ਕੋਲ ਨਸ਼ੀਲੇ ਪਦਾਰਥ ਰੱਖਣਾ, ਤਸਕਰੀ ਕਰਨਾ, ਅਤੇ ਨਿਰਯਾਤ ਕਰਨਾ ਸ਼ਾਮਲ ਹੈ।
- ਕਿਸੇ ਹੋਰ ਵਿਅਕਤੀ ਨਾਲ ਨਸ਼ੀਲੇ ਪਦਾਰਥ ਸਾਂਝਾ ਕਰਨਾ, ਜਾਂ ਸਪਲਾਈ ਕਰਨਾ।
- ਕਿਸੇ ਸਕੂਲ ਵਿੱਚ (ਕਿੰਡਰਗਾਰਟਨ ਤੋਂ ਗਰੇਡ 12 ਤੱਕ), ਹਵਾਈ ਅੱਡੇ ਵਿੱਚ, ਲਾਇਸੰਸਸ਼ੁਦਾ ਚਾਈਲਡ ਕੇਅਰ ਸਹੂਲਤ ਵਿੱਚ ਅਜਿਹਾ ਕਰਨਾ।
- 18 ਸਾਲ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਦੁਆਰਾ ਸੰਚਾਲਿਤ ਕਾਰ ਜਾਂ ਵਾਟਰਕਰ੍ਹਾਫਟ ਵਿੱਚ ਅਜਿਹਾ ਕਰਨ।
- ਕਾਰ, ਵਾਟਰਕਰ੍ਹਾਫਟ, ਜਾਂ ਜਨਤਕ ਆਵਾਜਾਈ ਵਿੱਚ ਅਜਿਹਾ ਕਰਨਾ ਜਿੱਥੇ ਤੁਹਾਡੇ ਨਸ਼ੇ ਤੱਕ ਸੰਚਾਲਕ ਦੁਆਰਾ ਪਹੰਚ ਕੀਤੀ ਜਾ ਸਕਦੀ ਹੋਵੇ।

## ਗੁੱਡ ਸਮਰੀਟਨ ਐਕਟ ਸੁਰੱਖਿਆ ਅਤੇ ਓਵਰਡੋਜ਼ ਪਰ੍ਤੀਕਿਰਿਆ

ਜੇ ਤੁਸੀਂ ਓਵਰਡੋਜ਼ ਦੇ ਮਾਮਲਾ ਦੇਖ ਰਹੇ ਹੋ, ਤਾਂ ਤੁਸੀਂ 911 'ਤੇ ਕਾਲ ਕਰ ਸਕਦੇ ਹੋ ਅਤੇ ਕਿਸੇ ਦੀ ਜਾਨ ਬਚਾਉਣ ਦੀ ਕੋਸ਼ਿਸ਼ ਕਰਨ ਲਈ ਐਂਬੂਲੈਂਸ ਦੀ ਮੰਗ ਕਰ ਸਕਦੇ ਹੋ। ਸੰਘੀ ਗੁਡ ਸਮਰੀਟਨ ਡਰੱਗ ਓਵਰਡੋਜ਼ ਐਕਟ ("GOA") ਉਹਨਾਂ ਲੋਕਾਂ ਨੂੰ ਕੁਝ ਕਾਨੂੰਨੀ ਸੁਰੱਖਿਆ ਦਿੰਦਾ ਹੈ ਜਿਨਹ੍ਹਾਂ ਨੂੰ ਓਵਰਡੋਜ਼ ਦੌਰਾਨ ਸਹਾਇਤਾ ਦੀ ਲੋੜ ਹੁੰਦੀ ਹੈ।

GSDOA ਤੁਹਾਨੂੰ ਸਧਾਰਨ ਨਸ਼ੇ ਰੱਖਣ ਦੇ ਅਪਰਾਧਿਕ ਦੋਸ਼ਾਂ ਤੋਂ ਬਚਾ ਸਕਦਾ ਹੈ। ਜੇ ਤੁਸੀਂ ਜ਼ਮਾਨਤ, ਪਰੋਬੇਸ਼ਨ 'ਤੇ ਬਾਹਰ ਹੋਸ਼, ਸ਼ ਸ਼ਰਤਾਂ ਅਨੁਸਾਰ ਸਜਾ ਕੱਟ ਰਹੇ ਹੋ, ਜਾਂ ਪੈਰੋਲ 'ਤੇ ਹੋ, ਅਤੇ ਨਸ਼ੇ ਕਰ ਰਹੇ ਹੋ, ਤਾਂ GSDOA ਤੁਹਾਨੂੰ ਨਸ਼ੇ ਰੱਖਣ ਕਾਰਨ ਤੁਹਾਡੀਆਂ ਸ਼ਰਤਾਂ ਦੀ ਉਲੰਘਣਾ ਕਰਨ ਦੇ ਅਪਰਾਧਿਕ ਦੋਸ਼ ਲੱਗਣ ਤੋਂ ਬਚਾ ਸਕਦਾ ਹੈ।

GSDOA ਸਹਾਇਤਾ ਦੀ ਭਾਲ ਕਰ ਰਹੇ ਵਿਅਕਤੀ ਦੀ ਰੱਖਿਆ ਕਰਦਾ ਹੈ, ਭਾਵੇਂ ਕੋਈ ਸਹਾਇਤਾ ਦੇ ਪਹੁੰਚਣ ਤੋਂ ਪਹਿਲਾਂ ਤੱਕ ਓਵਰਡੋਜ਼ ਦੀ ਘਟਨਾ 'ਤੇ ਰੁਕੇ ਰਹਿੰਦੇ ਹਨ ਜਾਂ ਚਲੇ ਵੀ ਜਾਂਦੇ ਹਨ। ਇਹ ਹਰ ਉਸ ਵਿਅਕਤੀ ਦੀ ਵੀ ਸੁਰੱਖਿਆ ਕਰਦਾ ਹੈ ਜੋ ਸਹਾਇਤਾ ਪਹੁੰਚਣ ਤੱਕ ਮੌਕੇ 'ਤੇ ਰਹਿੰਦਾ ਹੈ।

GSDOA <u>ਵਧੇਰੇ ਗੰਭੀਰ ਜੁਰਮਾਂ ਤੋਂ ਕਾਨੂੰਨੀ ਸੁਰੱਖਿਆ ਪਰ੍ਦਾਨ ਨਹੀਂ ਕਰਦਾ ਹੈ</u>, ਜਿਵੇਂ ਕਿ:

- ਆਊਟਸਟੈਂਡਿੰਗ ਵਾਰੰਟ
- ਨਿਯੰਤਰਿਤ ਪਦਾਰਥਾਂ ਦੇ ਉਤਪਾਦਨ ਅਤੇ ਤਸਕਰੀ ਦੇ ਜੁਰਮ
- ਹੋਰ ਸਾਰੇ ਅਪਰਾਧ
- ਸ਼ਰਤਾਂ ਦੀਆਂ ਹੋਰ ਸਾਰੀਆਂ ਉਲੰਘਣਾਵਾਂ ਜਿੱਥੇ ਮੁੱਖ ਜੁਰਮ ਸਧਾਰਨ ਕਬਜ਼ਾ ਨਹੀਂ ਹੁੰਦਾ ਹੈ।

ਪੁਲਿਸ ਓਵਰਡੋਜ਼ ਸੰਬੰਧੀ ਕਾਲਾਂ ਦਾ ਜਵਾਬ ਦੇ ਸਕਦੀ ਹੈ, ਪਰ ਇਹ ਤੁਹਾਡੇ ਸਥਾਨਕ ਪੁਲਿਸ ਵਿਭਾਗ 'ਤੇ ਨਿਰਭਰ ਕਰਦਾ ਹੈ। ਵੈਨਕੂਵਰ ਵਿੱਚ, ਪੁਲਿਸ ਆਮ ਤੌਰ 'ਤੇ ਓਵਰਡੋਜ਼ ਸੰਬੰਧੀ ਕਾਲਾਂ ਜਾ ਜਵਾਬ ਨਹੀਂ ਦੇਵੇਗੀ, ਜਦੋਂ ਐਮਰਜੈਂਸੀ ਹੈਲਥ ਸਰਵਿਸਿਜ਼ ਦੁਆਰਾ ਪੁੱਛਿਆ ਜਾਂਦਾ ਹੈ ਉਦੋਂ ਹੀ ਜਵਾਬ ਦੇਵੇਗੀ- ਆਮ ਤੌਰ 'ਤੇ ਜੇ ਕਿਸੇ ਦੀ ਮੌਤ ਹੋ ਗਈ ਹੋਵੇ ਜਾਂ ਜੇ ਜਨਤਕ ਸੁਰੱਖਿਆ ਨੂੰ ਖਤਰਾ ਹੋਵੇ।

# ਸੈਕਸ ਵਰਕਰ

## ਗੈਰ-ਪਰ੍ਵਾਸੀ ਸੈਕਸ ਵਰਕਰਾਂ ਲਈ ਕੀ ਕਾਨੂੰਨੀ ਅਤੇ ਗੈਰ-ਕਾਨੂੰਨੀ ਹੈ?

ਤੁਹਾਡਾ ਦੁਆਰਾ ਖੁਦ ਦੀਆਂ ਜਿਨਸੀ ਸੇਵਾਵਾਂ ਨੂੰ ਵੇਚਣਾ ਕਾਨੂੰਨੀ ਹੈ ਅਤੇ ਤੁਹਾਨੂੰ ਸੈਕਸ ਵਰਕਰ ਹੋਣ ਕਰਕੇ ਗਿਰਫ਼ਤਾਰ ਨਹੀਂ ਕੀਤਾ ਜਾ ਸਕਦਾ। ਭਾਵੇਂ, ਸੈਕਸ ਵਰਕ ਪਰ੍ਤੀ ਕੈਨੇਡਾ ਦੀ ਮੌਜੂਦਾ ਪਹੁੰਚ ਅਨੁਸਾਰ, "ਜਿਨਸੀ ਸੇਵਾਵਾਂ" ਖਰੀਦਣਾ ਗੈਰ-ਕਾਨੂੰਨੀ ਹੈ। ਇਸ ਨਾਲ ਸੈਕਸ ਵਰਕਰ ਵਜੋਂ ਸੁਰੱਖਿਅਤ ਢੰਗ ਨਾਲ ਕੰਮ ਕਰਨਾ ਔਖਾ ਹੋ ਸਕਦਾ ਹੈ।

ਇਹ ਇਸ ਲਈ ਹੈ ਕਿਉਂਕਿ ਹੇਠਾਂ ਦਿੱਤੇ ਸਾਰੇ ਅਪਰਾਧਿਕ ਜੁਰਮ ਹਨ:

- ਕਿਤੇ ਵੀ, ਕਿਸੇ ਵੀ ਸਮੇਂ ਜਿਨਸੀ ਸੇਵਾਵਾਂ ਖਰੀਦਣਾ।
- ਕਿਸੇ ਵੀ ਸਥਾਨ 'ਤੇ ਇੱਕ ਗਾਹਕ ਵਜੋਂ ਸੈਕਸ ਦੀ ਖਰੀਦਦਾਰੀ ਕਰਨ ਦੇ ਉਦੇਸ਼ ਲਈ ਗੱਲਬਾਤ ਕਰਨਾ, ਜਾਂ, ਇੱਕ "ਜਨਤਕ ਥਾਂ" ਜਾਂ "ਜਨਤਕ ਦਿਰ੍ਸ਼ ਵਜੋਂ ਖੁੱਲਾ ਸਥਾਨ" ਜੋ ਕਿ ਕਿਸੇ ਸਕੂਲ, ਖੇਡ ਦਾ ਮੈਦਾਨ, ਡੇਕੇਅਰ, ਜਾਂ ਧਾਰਮਿਕ ਸਥਾਨ ਦੇ "ਬਗਲ ਵਿੱਚ" ਹੈ, ਵਾਲੀਆਂ ਥਾਵਾਂ 'ਤੇ ਇੱਕ ਗਾਹਕ ਜਾਂ ਸੈਕਸ ਵਰਕਰ ਵਜੋਂ ਗੱਲਬਾਤ ਕਰਨਾ। ਇਸ ਵਿੱਚ ਇੱਕ ਕਾਰ ਦੇ ਅੰਦਰ ਵੀ ਅਜਿਹਾ ਕਰਨ ਸ਼ਾਮਲ ਹੈ।
- ਕਿਸੇ ਦਾ ਸਮੂਹਿਕ ਤੌਰ'ਤੇ ਸੈਕਸ ਸੇਵਾਵਾਂ ਦਾ ਇਸ਼ਤਿਹਾਰ ਦੇਣਾ। ਤੁਸੀਂ ਉਹਨਾਂ ਸੇਵਾਵਾਂ ਦਾ ਇਸ਼ਤਿਹਾਰ ਦੇ ਸਕਦੇ ਹੋ ਜੋ ਤੁਸੀਂ ਨਿੱਜੀ ਤੌਰ 'ਤੇ ਪਰ੍ਦਾਨ ਕਰਦੇ ਹੋ, ਭਾਵੇਂ ਬਹੁਤ ਸਾਰੇ ਇਸ਼ਤਿਹਾਰਦਾਤਾ ਸੈਕਸ ਵਰਕਰਾਂ ਦੇ ਇਸ਼ਤਿਹਾਰ ਨਹੀਂ ਦਿੰਦੇ ਹਨ, ਕਿਉਂਕਿ ਜਾਣਬੁੱਝ ਕੇ ਸੈਕਸ ਸੇਵਾਵਾਂ ਲਈ ਇਸ਼ਤਿਹਾਰਾਂ ਦੀ ਇਜਾਜ਼ਤ ਦੇਣਾ ਵੀ ਇੱਕ ਜੁਰਮ ਹੈ।
- ਪੈਦਲ ਯਾਤਰੀਆਂ ਸਮੇਤ ਸੈਕਸ ਸੇਵਾਵਾਂ ਦੀ ਪੇਸ਼ਕਸ਼ ਕਰਨਾ, ਪਰ੍ਦਾਨ ਕਰਨਾ ਜਾਂ ਹਾਸਿਲ ਕਰਨ ਲਈ ਜਨਤਕ ਸਥਾਨ 'ਤੇ ਆਵਾਜਾਈ ਨੂੰ ਰੋਕਣਾ ਜਾਂ ਰੁਕਾਵਟ ਪਾਉਣਾ।
- ਉਪਲਬਧ ਕਰਵਾਉਣਾ, ਜਿਸ ਦਾ ਅਰਥ ਹੈ ਸੈਕਸ ਸੇਵਾਵਾਂ ਦੀ ਪੇਸ਼ਕਸ਼ ਕਰਨ ਲਈ ਉਤਸ਼ਾਹਿਤ ਕਰਨਾ ਜਾਂ ਸਮਰੱਥ ਬਣਾਉਣਾ।
- ਇੱਕ ਤੀਜੀ ਧਿਰ ਵਜੋਂ ਸੈਕਸ ਵਰਕ ਤੋਂ ਪੈਸੇ ਜਾਂ "ਭੌਤਿਕ ਲਾਭ" ਲੈਣਾ। ਜੇ ਤੁਸੀਂ ਇੱਕ ਸੈਕਸ ਵਰਕਰ ਹੋ, ਤਾਂ ਇਹ ਕਾਨੂੰਨ ਹਰ ਉਸ ਵਿਅਕਤੀ ਨੂੰ ਨਿਸ਼ਾਨਾ ਬਣਾਉਂਦਾ ਹੈ ਜੋ ਤੁਹਾਡੇ ਤੋਂ ਪੈਸੇ ਸਵੀਕਾਰ ਕਰਦਾ ਹੈ ਜਦੋਂ ਕਿ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਤੁਸੀਂ ਸੈਕਸ ਦੇ ਧੰਦੇ ਚੋਂ ਪੈਸੇ ਕਮਾਏ ਹਨ। ਜਿੰਨਾ ਚਿਰ ਤੁਹਾਡੇ ਨਾਲ ਦੁਰਵਿਵਹਾਰ, ਸ਼ੋਸ਼ਣ ਜਾਂ ਸੈਕਸ ਦਾ ਧੰਦਾ ਕਰਨ ਲਈ ਦਬਾਅ ਨਹੀਂ ਪਾਇਆ ਜਾਂਦਾ, ਜਾਂ ਇਹ ਕਿਸੇ ਨਿੱਜੀ ਕਾਰੋਬਾਰ ਦਾ ਹਿੱਸਾ ਨਹੀਂ ਹੈ, ਤਦ ਲੋਕ ਤੁਹਾਡੇ ਦੁਆਰਾ ਸੈਕਸ ਦੇ ਧੰਦੇ ਤੋਂ ਕਮਾਏ ਪੈਸੇ ਨੂੰ ਸਵੀਕਾਰ ਕਰ ਸਕਦੇ ਹਨ ਜੇ ਉਹ:
  - ਸਾਥੀ, ਬੱਚੇ, ਅਤੇ ਰੂਮਮੇਟ ਜੋ ਤੁਹਾਡੇ ਨਾਲ ਰਹਿਣ ਦੀਆਂ ਹਾਲਤਾਂ ਵਿੱਚ ਹਨ।
  - ਪਰਿਵਾਰ ਜੋ ਤੁਹਾਡੇ 'ਤੇ ਨਿਰਭਰ ਹੈ।

- ਤੁਹਾਡੇ ਤੋਂ ਤੋਹਫ਼ੇ ਪਰ੍ਾਪਤ ਕਰਨਾ।
- ਜਨਤਕ ਮਾਲ ਜਾਂ ਸੇਵਾਵਾਂ ਲਈ ਭੁਗਤਾਨ ਕਰਨਾ, ਜਿਵੇਂ ਕਿ ਤੁਹਾਡਾ ਅਕਾਉਂਟੈਂਟ, ਮਕਾਨ ਮਾਲਕ, ਜਾਂ ਸੁਰੱਖਿਆ ਸਿਸਟਮ।
- ਤੁਹਾਡੇ ਆਪਣੇ ਨਿੱਜੀ ਡਰਾਈਵਰ, ਮੈਨੇਜਰ ਅਤੇ ਬਾਡੀਗਾਰਡ।

ਇਹਨਾਂ ਕਨੂੰਨਾਂ ਨੂੰ ਲਾਗੂ ਕਰਨ ਲਈ ਪੁਲਿਸ ਅਭਿਆਸ ਅਤੇ ਪਰ੍ਕਿਰਿਆਵਾਂ ਤੁਸੀਂ ਕਿਸ ਖੇਤਰ ਵਿੱਚ ਹੋ, ਇਸ ਦੇ ਅਧਾਰ 'ਤੇ ਵੱਖ-ਵੱਖ ਹੁੰਦੀਆਂ ਹਨ। ਜੇ ਤੁਸੀਂ ਕੁਝ ਵਿਸ਼ੇਸ਼ ਕਿਸਮ ਦੇ ਸੈਕਸ ਧੰਦੇ ਵਿੱਚ ਲੱਗੇ ਹੋ, ਜਿਵੇਂ ਕਿ ਕਾਮੁਕ ਮਸਾਜ, ਤਾਂ ਤੁਹਾਨੂੰ ਨਗਰਪਾਲਿਕਾ ਤੋਂ ਰਜਿਸਟਰ ਹੋਣ ਦੀ ਲੋੜ ਹੋ ਸਕਦੀ ਹੈ। ਇਹ ਪਤਾ ਲਗਾਉਣ ਲਈ ਕਿ ਕੀ ਇਹ ਤੁਹਾਡੇ 'ਤੇ ਲਾਗੂ ਹੁੰਦਾ ਹੈ ਅਤੇ ਤੁਹਾਡੇ ਖੇਤਰ ਵਿੱਚ ਸੁਰੱਖਿਅਤ ਰਹਿਣ ਵਾਸਤੇ ਸਭ ਤੋਂ ਵਧੀਆ ਸਲਾਹ ਲਈ ਕਿਸੇ ਸਥਾਨਕ ਸੈਕਸ ਧੰਦੇ ਲਈ ਸਹਾਇਕ ਸੰਸਥਾ ਨਾਲ ਸੰਪਰਕ ਕਰੋ।

## ਪਰ੍ਵਾਸੀ ਸੈਕਸ ਵਰਕਰ

ਪਰ੍ਵਾਸੀ ਅਤੇ ਨਸਲੀ ਸੈਕਸ ਵਰਕਰਾਂ ਨੂੰ ਪੁਲਿਸ ਦੁਆਰਾ ਵਿਸ਼ੇਸ਼ ਤੌਰ 'ਤੇ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਪੁਲਿਸ ਵੀ ਅਕਸਰ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਨਾਲ ਸਹਿਯੋਗ ਕਰਦੀ ਹੈ।

## ਅਸਥਾਈ ਨਿਵਾਸੀ

ਜੇ ਤੁਸੀਂ ਅਸਥਾਈ ਨਿਵਾਸੀ ਵੀਜ਼ੇ 'ਤੇ ਹੋ, ਜਾਂ ਕਿਸੇ ਸਪਾਂਸਰਸ਼ਿਪ ਜਾਂ ਸ਼ਰਨਾਰਥੀ ਦਾਅਵੇ ਨੂੰ ਸਵੀਕਾਰ ਕੀਤੇ ਜਾਣ ਦੀ ਉਡੀਕ ਕਰ ਰਹੇ ਹੋ, ਤਾਂ ਤੁਹਾਨੂੰ ਕਾਨੂੰਨੀ ਤੌਰ 'ਤੇ ਸੈਕਸ ਧੰਦੇ ਦੀ ਇਜਾਜ਼ਤ ਨਹੀਂ ਹੁੰਦੀ ਹੈ। ਤੁਹਾਨੂੰ ਕਿਸੇ ਅਜਿਹੇ ਰੁਜ਼ਗਾਰਦਾਤਾ ਨਾਲ ਕੰਮ ਕਰਨ ਦੀ ਵੀ ਇਜਾਜ਼ਤ ਨਹੀਂ ਹੈ ਜੋ ਸਟਿਰ੍ਪ ਟੀਜ਼, ਕਾਮੁਕ ਡਾਂਸ, ਐਸਕੋਰਟ ਸੇਵਾਵਾਂ ਜਾਂ ਕਾਮੁਕ ਮਸਾਜ ਦੀ ਪੇਸ਼ਕਸ਼ ਕਰਦਾ ਹੋਵੇ।

ਜੇ ਪੁਲਿਸ ਨੂੰ ਪਤਾ ਲੱਗਦਾ ਹੈ ਕਿ ਤੁਸੀਂ ਇਹਨਾਂ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਹੈ, ਤਾਂ ਤੁਹਾਨੂੰ ਗਿਰ੍ਫ਼ਤਾਰੀ, ਨਜ਼ਰਬੰਦੀ ਅਤੇ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਸਥਾਈ ਨਿਵਾਸੀ

ਜੇ ਤੁਸੀਂ ਸਥਾਈ ਨਿਵਾਸੀ ਹੋ, ਤਾਂ ਜੋ ਕਾਨੂੰਨ ਕੈਨੇਡੀਅਨ ਨਾਗਰਿਕਾਂ 'ਤੇ ਲਾਗੂ ਹੁੰਦੇ ਹਨ ਸਮਾਨ ਕਾਨੂੰ ਤੁਹਾਡੇ 'ਤੇ ਵੀ ਲਾਗੂ ਹੁੰਦੇ ਹਨ। ਇਸ ਦਾ ਅਰਥ ਹੈ ਕਿ ਤੁਸੀਂ ਕਾਨੂੰਨੀ ਤੌਰ 'ਤੇ ਆਪਣੀਆਂ ਸੈਕਸ ਸੇਵਾਵਾਂ ਨੂੰ ਵੇਚ ਸਕਦੇ ਹੋ, ਜਦੋਂ ਤੱਕ ਤੁਸੀਂ ਉਪਰੋਕਤ ਸੂਚੀਬੱਧ ਕੀਤੇ ਕਿਸੇ ਵੀ ਜੁਰਮ ਨੂੰ ਨਹੀਂ ਕਰਦੇ।

ਜਦੋਂ ਤੱਕ ਤੁਸੀਂ ਕੈਨੇਡੀਅਨ ਨਾਗਰਿਕ ਨਹੀਂ ਬਣ ਜਾਂਦੇ, ਭਾਵੇਂ, ਜੇ ਤੁਹਾਨੂੰ ਕਿਸੇ ਜੁਰਮ ਲਈ ਅਪਰਾਧੀ ਵਜੋਂ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਤੁਹਾਡੀ ਸਥਾਈ ਰਿਹਾਇਸ਼ ਖੋਹ ਲਈ ਜਾਵੇਗੀ ਅਤੇ ਤੁਹਾਨੂੰ ਕੈਨੇਡਾ ਤੋਂ ਕੱਢ ਦਿੱਤਾ ਜਾਵੇਗਾ।

## ਤਸਕਰੀ

ਤਸਕਰੀ ਦੇ ਸਬੂਤ ਲੱਭਣ ਲਈ ਪੁਲਿਸ ਤੁਹਾਡੇ ਘਰ ਜਾਂ ਕੰਮ ਵਾਲੀ ਥਾਂ 'ਤੇ ਆ ਸਕਦੀ ਹੈ। ਜੇ ਅਜਿਹਾ ਹੁੰਦਾ ਹੈ:

- ਸ਼ਾਂਤ ਰਹਿਣ ਦੀ ਕੋਸ਼ਿਸ਼ ਕਰੋ ਅਤੇ ਪੁਲਿਸ ਨੂੰ ਤਲਾਸ਼ੀ ਲੈਣ ਤੋਂ ਨਾ ਰੋਕੋ।
- ਪੁਲਿਸ ਨੂੰ ਆਪਣਾ ਵਾਰੰਟ ਦਿਖਾਉਣ ਲਈ ਕਹੋ। (ਦੇਖੋ ਪਾਠ 5: ਤਲਾਸ਼ੀ ਅਤੇ ਜ਼ਬਤੀ।)
- ਜੇ ਪੁੱਛਿਆ ਜਾਵੇ ਤਾਂ ਉਨਹ੍ਹਾਂ ਨੂੰ ਆਪਣੀ ਘ।D ਦਿਖਾਓ।
- ਜੇ ਤੁਸੀਂ ਇੱਕ ਅਸਥਾਈ ਨਿਵਾਸੀ ਹੋ, ਤਾਂ ਪੁਲਿਸ ਅਕਸਰ CBSA ਨੂੰ ਕਾਲ ਕਰੇਗੀ ਅਤੇ ਤੁਹਾਨੂੰ ਤੁਰੰਤ ਨਜ਼ਰਬੰਦੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।
- ਯਾਦ ਰੱਖੋ: ਤੁਹਾਨੂੰ ਵਕੀਲ ਕਰਨ ਦਾ ਅਤੇ ਕੁਝ ਨਾ ਬੋਲਣ ਦਾ ਅਧਿਕਾਰ ਹੈ। (ਦੇਖੋ ਪਾਠ 2: ਗਿਰ੍ਫਤਾਰ ਕੀਤਾ ਜਾਣਾ।)

## ਉਹ ਲੋਕ ਜੋ HIV+ ਹਨ

ਆਮ ਤੌਰ 'ਤੇ, ਦੂਜੇ ਲੋਕਾਂ ਨੂੰ ਦੱਸਣਾ (ਜਾਂ "ਉਜਾਗਰ ਕਰਨਾ") ਕਿ ਤੁਹਾਨੂੰ HIV ਹੈ, ਇੱਕ ਨਿੱਜੀ ਫੈਸਲਾ ਹੁੰਦਾ ਹੈ। ਤੁਸੀਂ ਬੇਇੱਜਤੀ, ਵਿਤਕਰੇ, ਜਾਂ ਹਿੰਸਾ ਦੇ ਡਰ ਦੇ ਨਾਲ-ਨਾਲ ਹੋਮੋਫੋਬੀਆ, ਬਿਫੋਬੀਆ, ਟਰਾਂਸਫੋਬੀਆ, ਜਾਂ ਨਸਲਵਾਦ ਦੇ ਕਾਰਨ ਲੋਕਾਂ ਨੂੰ ਨਾ ਦੱਸਣ ਦੀ ਚੋਣ ਵੀ ਕਰ ਸਕਦੇ ਹੋ।

ਕੈਨੇਡਾ ਵਿੱਚ, **HIV ਦਾ ਪਰ੍ਗਟਾਵਾ ਨਾ ਕਰਨ ਦੇ ਅਪਰਾਧੀਕਰਨ** ਦਾ ਮਤਲਬ ਹੈ ਕਿ ਜੋ ਲੋਕ HIV ਵਾਲੇ ਹਨ ਉਹਨਾਂ 'ਤੇ ਅਪਰਾਧਿਕ ਦੋਸ਼ ਲਗਾਇਆ ਜਾ ਸਕਦਾ ਹੈ ਜੇ ਉਹ ਸੈਕਸ ਕਰਨ ਤੋਂ ਪਹਿਲਾਂ ਆਪਣੇ ਨਾਲ ਸੈਕਸ ਕਰਨ ਵਾਲੇ ਸਾਥੀ(ਆਂ) ਨੂੰ ਆਪਣੀ HIV ਸਥਿਤੀ ਬਾਰੇ ਨਹੀਂ ਦੱਸਦੇ ਹਨ।

ਜੇ **"ਵਾਸਤਵਿਕ ਸੰਭਾਵਨਾ" ਹੈ ਕਿ ਤੁਹਾਡੇ ਨਾਸ ਸੈਕਸ ਦੌਰਾਨ ਕਿਸੇ ਸਾਥੀ ਨੂੰ HIV ਹੋ ਜਾਵੇਗੀ**, ਤਾਂ ਤੁਹਾਡੀ ਕਾਨੂੰਨੀ ਡਿਊਟੀ ਹੈ ਕਿ ਤੁਸੀਂ ਸੈਕਸ ਤੋਂ ਪਹਿਲਾਂ ਆਪਣੇ ਨਾਲ ਸੈਕਸ ਕਰਨ ਵਾਲੇ ਸਾਥੀ ਨੂੰ ਦੱਸੋ ਕਿ ਤੁਹਾਨੂੰ HIV ਹੈ। ਇਸ ਨੂੰ ਪਰ੍ਗਟਾਵਾ ਕਰਨ ਦੀ ਡਿਊਟੀ ਕਿਹਾ ਜਾਂਦਾ ਹੈ। ਜੋ ਕਨੂੰਨ ਕਹਿੰਦਾ ਹੈ ਕਿ ਬਿਮਾਰੀ ਦੇ ਫੈਲਣ ਦੀ "ਵਾਸਤਵਿਕ ਸੰਭਾਵਨਾ" ਬਣੀ ਰਹਿੰਦੀ ਹੈ, ਇਹ ਹਮੇਸ਼ਾ ਬਿਮਾਰੀ ਫੈਲਣ ਦੇ ਜੋਖਮ ਬਾਰੇ ਮੌਜੂਦਾ ਵਿਗਿਆਨਕ ਜਾਂ ਮੈਡੀਕਲ ਗਿਆਨ ਹੀ ਇਸ ਨੂੰ ਰੋਕ ਸਕਦਾ ਹੈ।

ਕੈਨੇਡਾ ਵਿੱਚ, ਪਿਛਲੇ ਕੁਝ ਸਾਲਾਂ ਦੌਰਾਨ ਇਸ ਖੇਤਰ ਵਿੱਚ ਕਾਨੂੰਨ ਵੱਖਰੇ ਢੰਗ ਨਾਲ ਵਿਕਸਤ ਹੋਇਆ ਹੈ, ਅਤੇ ਕੁਝ ਸੂਬੇ ਦੇ ਸਰਕਾਰੀ ਵਕੀਲਾਂ ਵੱਲੋਂ ਇਸ ਕਿਸਮ ਦੇ ਕੇਸਾਂ ਨਾਲ ਨਜਿੱਠਣ ਲਈ ਵੱਖ-ਵੱਖ ਹਿਦਾਇਤਾਂ ਹਨ। **ਤੁਹਾਡੀ ਸਥਿਤੀ ਸੰਬੰਧੀ ਲਾਗੂ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਸਮਝਣ ਲਈ, ਕਿਰਪਾ ਕਰਕੇ ਆਪਣੇ ਸੂਬੇ ਜਾਂ ਰਾਜਕੀ ਇਕਾਈ ਵਿੱਚ ਕਿਸੇ HIV+ ਸਹਾਇਤਾ ਸੰਸਥਾ ਤੋਂ ਅੱਪ-ਟੂ-ਡੇਟ ਸਰੋਤਾਂ ਲਈ ਸਲਾਹ ਲਓ।**

ਹੇਠਾਂ ਦਿੱਤੀਆਂ ਆਮ ਹਿਦਾਇਤਾਂ ਪਰ੍ਗਟਾਵਾ ਕਰਨ ਦੀ ਤੁਹਾਡੀ ਕਨੂੰਨੀ ਡਿਊਟੀ ਲਈਲਾਗੂ ਹੁੰਦੀਆਂ ਹਨ:

- <u>ਜੇ ਤੁਹਾਡੇ 'ਤੇ ਵਾਇਰਲ ਲੋਡ ਘੱਟ ਜਾਂ ਨਾ-ਮਾਲੂਮ ਨਹੀਂ ਹੈ</u>, ਤਾਂ ਤੁਹਾਨੂੰ ਯੋਨੀ ਜਾਂ ਗੁਦਾ ਸੈਕਸ ਕਰਨ ਤੋਂ ਪਹਿਲਾਂ ਆਪਣੀ HIV ਸਥਿਤੀ ਦਾ ਪਰ੍ਗਟਾਵਾ ਕਰਨਾ ਚਾਹੀਦਾ ਹੈ, ਭਾਵੇਂ ਤੁਸੀਂ ਕੰਡੋਮ ਦੀ ਵਰਤੋਂ ਕਰਦੇ ਹੋਵੋ।
- <u>ਜੇ ਤੁਹਾਡੇ 'ਤੇ ਵਾਇਰਲ ਲੋਡ ਹੈ ਜੋ ਘੱਟ ਹੈ</u> (1500 ਕੋਪੀਜ਼/mL ਤੋਂ ਹੇਠਾਂ), ਤਾਂ ਤੁਹਾਨੂੰ ਸੰਭਾਵਤ ਤੌਰ 'ਤੇ ਯੋਨੀ ਜਾਂ ਗੁਦਾ ਸੈਕਸ ਲਈ ਕੰਡੋਮ ਦੀ ਵਰਤੋਂ ਕਰਨ ਦੀ ਲੋੜ ਪਵੇਗੀ **ਜਾਂ** ਤੁਹਾਨੂੰ ਸੈਕਸ ਕਰਨ ਤੋਂ ਪਹਿਲਾਂ ਆਪਣੀ HIV ਪੌਜ਼ੀਟਿਵ ਸਥਿਤੀ ਦਾ ਪਰ੍ਗਟਾਵਾ ਕਰਨ ਦੀ ਲੋੜ ਹੋਵੇਗੀ।

- ਜੇ ਤੁਹਾਡੇ 'ਤੇ ਸੈਕਸ ਕਰਨ ਤੋਂ ਪਹਿਲਾਂ ਕੁਝ ਮਹੀਨੇ (ਲਗਭਗ ਚਾਰ ਤੋਂ ਛੇ ਮਹੀਨੇ) ਲਈ ਇੱਕ ਘੱਟ ਜਾਂ ਨਾ-ਮਾਲੂਮ ਵਾਇਰਲ ਲੋਡ (ਲਗਭਗ 200 ਕੋਪੀਜ਼/mL ਤੋਂ ਘੱਟ) ਹੈ, ਤਾਂ ਕੁਝ ਸੂਬਿਆਂ ਅਤੇ ਰਾਜਕੀ ਇਕਾਈਆਂ ਵਿੱਚ, ਤੁਹਾਡੇ 'ਤੇ ਕਿਸੇ ਵੀ ਕਿਸਮ ਦੇ ਸੈਕਸ ਤੋਂ ਪਹਿਲਾਂ ਆਪਣੀ ਸਥਿਤੀ ਦਾ ਪਰ੍ਗਟਾਵਾ ਨਾ ਕਰਨ ਦਾ ਦੋਸ਼ ਨਹੀਂ ਲਗਾਇਆ ਜਾਣਾ ਚਾਹੀਦਾ, ਭਾਵੇਂ ਕੰਡੋਮ ਦੀ ਵਰਤੋਂ ਨਾ ਵੀ ਕੀਤੀ ਗਈ ਹੋਵੇ। ਜੇ ਤੁਸੀਂ ਕੰਡੋਮ ਦੀ ਵਰਤੋਂ ਨਹੀਂ ਕਰਨਾ ਚਾਹੁੰਦੇ ਹੋ ਅਤੇ ਪਰ੍ਗਟਾਵਾ ਵੀ ਨਹੀਂ ਕਰਨਾ ਚਾਹੁੰਦੇ ਹੋ ਤਾਂ ਜਿੱਥੇ ਤੁਸੀਂ ਰਹਿੰਦੇ ਹੋ ਉੱਥੇ ਦੇ ਕਾਨੂੰਨ ਦੀ ਜਾਂਚ ਕਰਨਾ ਮਹੱਤਵਪੂਰਨ ਹੈ।
- ਮੌਖਿਕ ਸੈਕਸ ਇੱਕ ਅਸਪਸ਼ਟ ਖੇਤਰ ਹੈ ਅਤੇ ਦੇਸ਼ ਭਰ ਵਿੱਚ ਕਾਨੂੰਨੀ ਸਥਿਤੀ ਵੱਖ-ਵੱਖ ਹੈ। ਜਦੋਂ ਤੱਕ ਤੁਹਾਡਾ ਵਾਇਰਲ ਲੋਡ ਨਾ-ਮਾਲੂਮ ਹੈ, ਜੇ ਤੁਸੀਂ ਆਪਣੀ HIV ਸਥਿਤੀ ਦਾ ਪਰ੍ਗਟਾਵਾ ਨਹੀਂ ਕਰਦੇ, ਤਾਂ ਤੁਸੀਂ ਦੋਸ਼ ਲੱਗਣ ਦੀ ਸੰਭਾਵਨਾ ਨੂੰ ਘਟਾਉਣ ਲਈ ਮੋਖਿਕ ਸੈਕਸ ਲਈ ਕੰਡੋਮ ਦੀ ਵਰਤੋਂ ਕਰਨਾ ਚਾਹ ਸਕਦੇ ਹੋ। ਉਹਨਾਂ ਚੀਜ਼ਾਂ ਤੋਂ ਸੁਚੇਤ ਰਹੋ ਜੋ ਬਿਮਾਰੀ ਫੈਲਣ ਦੀ ਸੰਭਾਵਨਾ ਨੂੰ ਵਧਾ ਸਕਦੀਆਂ ਹਨ। ਉਦਾਹਰਨ ਲਈ, ਮੂੰਹ ਜਾਂ ਜਣਨ ਅੰਗਾਂ 'ਤੇ ਜ਼ਖਮ, ਮਸੂੜਿਆਂ ਤੋਂ ਖੂਨ ਨਿਕਲਣਾ, ਮਾਹਵਾਰੀ ਦੇ ਖੂਨ ਦਾ ਮੂੰਹ ਨਾਲ ਸੰਪਰਕ, ਅਤੇ ਹੋਰ ਜਿਨਸੀ ਤੌਰ 'ਤੇ ਫੈਲਣ ਵਾਲੀ ਲਾਗ।
- ਚੁੰਮਣਾ, ਕੱਟਣਾ, ਥੁੱਕਣਾ, ਜਾਂ ਸਾਂਝੀ ਹੱਥਰਸੀ ਵਰਗੀਆਂ ਗਤੀਵਿਧੀਆਂ ਨਾਲ ਕੋਈ ਖ਼ਤਰਾ ਨਹੀਂ ਹੁੰਦਾ ਹੈ ਅਤੇ ਇਸ ਲਈ ਇਹਨਾਂ ਲਈ ਪਰ੍ਗਟਾਵਾ ਕਰਨ ਦੀ ਕੋਈ ਡਿਊਟੀ ਨਹੀਂ ਹੈ।
- ਜੇ ਤੁਹਾਡਾ ਕੋਈ ਵੀ ਟੈਸਟ ਇਹ ਨਹੀਂ ਦੱਸਦਾ ਕਿ ਤੁਸੀਂ HIV ਪੌਜ਼ੀਟਿਵ ਹੋ, ਪਰ ਤੁਹਾਨੂੰ ਲੱਗਦਾ ਹੈ ਕਿ ਤੁਸੀਂ HIV ਪੌਜ਼ੀਟਿਵ ਹੋ ਸਕਦੇ ਹੋ ਅਤੇ ਤੁਸੀਂ ਟੈਸਟ ਨਾ ਕਰਵਾਉਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਸੈਕਸ ਕਰਨ ਤੋਂ ਪਹਿਲਾਂ ਆਪਣੇ ਸਾਥੀ ਨਾਲ ਇਸ ਸੰਭਾਵਨਾ ਨੂੰ ਸਾਂਝਾਂ ਕਰਨਾ ਚਾਹੀਦਾ ਹੈ।

ਇਹ ਜ਼ਿੰਮੇਵਾਰੀਆਂ ਲਾਗੂ ਹੁੰਦੀਆਂ ਹਨ ਭਾਵੇਂ ਤੁਸੀਂ ਦੂਜੇ ਵਿਅਕਤੀ ਨੂੰ ਕਿੰਨਾ ਵੀ ਜਾਣਦੇ ਹੋਵੋ: ਭਾਵੇਂ ਇਹ ਕਿਸੇ ਅਜਨਬੀ ਨਾਲ ਜਾਂ ਸੈਕਸ ਧੰਦੇ ਦੇ ਹਿੱਸੇ ਵਜੋਂ ਆਮ ਸੈਕਸ ਹੀ ਸੀ। ਇਹ ਲਾਗੂ ਹੁੰਦੇ ਹੀ ਹਨ ਭਾਵੇਂ ਦੂਸਰਾ ਵਿਅਕਤੀ ਨਾ ਵੀ ਪੁੱਛਦਾ ਹੋਵੇ, ਭਾਵੇਂ ਤੁਸੀਂ ਅਸਲ ਵਿੱਚ ਦੂਜੇ ਵਿਅਕਤੀ ਨੂੰ HIV ਦੀ ਲਾਗ ਨਹੀਂ ਵੀ ਲਗਾਈ, ਅਤੇ ਭਾਵੇਂ ਤੁਹਾਨੂੰ ਪਰ੍ਗਟਾਵਾ ਕਰਨ ਦੀ ਡਿਊਟੀ ਬਾਰੇ ਪਤਾ ਨਹੀਂ ਵੀ ਸੀ ।

ਇਹ ਸਾਰੀਆਂ ਡਿਊਟੀਆਂ HIV ਪੋਜ਼ੀਟਿਵ ਨੌਜਵਾਨਾਂ 'ਤੇ ਵੀ ਲਾਗੂ ਹੁੰਦੇ ਹਨ।

ਜੇ ਤੁਸੀਂ ਕਿਸੇ ਨੂੰ ਨਹੀ ਦੱਸਦੇ ਜਾਂ ਝੂਠ ਬੋਲਦੇ ਹੋ ਜਦੋਂ ਕਿ ਤੁਹਾਡੀ ਪਰ੍ਗਟਾਵਾ ਕਰਨ ਦੀ ਡਿਊਟੀ ਸੀ, ਤਾਂ ਤੁਹਾਡੇ 'ਤੇ ਜਿਨਸੀ ਹਮਲੇ ਜਾਂ ਹਮਲਾਵਰ ਤੌਰ 'ਤੇ ਜਿਨਸੀ ਹਮਲੇ ਦੇ ਨਾਲ-ਨਾਲ ਕਤਲ ਦਾ ਦੋਸ਼ ਲਗਾਇਆ ਜਾ ਸਕਦਾ ਹੈ, ਜੇ ਕੋਈ ਤੁਹਾਡੇ ਨਾਲ ਜਿਨਸੀ ਸੰਪਰਕ ਤੋਂ ਬਾਅਦ HIV ਦੇ ਸੰਕਰਮਣ ਕਰਨ ਮਰ ਜਾਂਦਾ ਹੈ। ਤੁਹਾਡੇ 'ਤੇ ਹੋਰ ਅਪਰਾਧਾਂ ਦੇ ਦੋਸ਼ ਵੀ ਲਗਾਏ ਜਾ ਸਕਦੇ ਹਨ, ਜਿਵੇਂ ਕਿ ਹਮਲਾ ਕਰਨ ਦੇ ਜਾਂ ਅਪਰਾਧਿਕ ਲਾਪਰਵਾਹੀ ਦੇ, ਜੇ ਤੁਹਾਡੇ ਦੁਆਰਾ ਕਿਸੇ ਹੋਰ ਨੂੰ HIV ਦਾ ਲਾਗ ਲਗਾਉਣ ਦੀ ਵਾਸਤਵਿਕ ਸੰਭਾਵਨਾ ਹੈ, ਉਦਾਹਰਨ ਲਈ ਪਰ੍ਗਟਾਵਾ ਕੀਤੇ ਬਿਨਾਂ ਖੂਨ ਦਾਨ ਕਰਨਾ। ਇਸ ਤੋਂ ਇਲਾਵਾ, ਜੇ ਤੁਹਾਨੂੰ ਗੰਭੀਰ ਜੁਰਮ ਲਈ ਸਜਾ ਸੁਣਾਈ ਜਾਂਦੀ ਹੈ, ਤਾਂ ਤੁਹਾਨੂੰ ਹੋਰ ਨਤੀਜਿਆਂ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ ਜਿਵੇਂ ਕਿ ਸੈਕਸ ਅਪਰਾਧੀ ਵਜੋਂ ਨਾਮਜ਼ਦ ਕੀਤਾ ਜਾਣਾ, ਕੁਝ ਨੌਕਰੀਆਂ ਤੋਂ ਵਾਂਝਾ ਕੀਤਾ ਜਾਣਾ, ਜਾਂ ਦੇਸ਼ ਨਿਕਾਲੇ ਵਰਗੇ ਇਮੀਗਰੇਸ਼ਨ ਪਰ੍ਭਾਵਾਂ ਦਾ ਸਾਹਮਣਾ ਕਰਨਾ।

## ਗਿਰ੍ਫਤਾਰੀ 'ਤੇ HIV ਦਾ ਪਰ੍ਗਟਾਵਾ

ਤੁਹਾਨੂੰ ਪੁਲਿਸ ਨੂੰ ਇਹ ਦੱਸਣ ਦੀ ਲੋੜ ਨਹੀ ਹੁੰਦੀ ਹੈ ਕਿ ਤੁਸੀਂ HIV+ ਹੋ। ਤੁਹਾਡੇ ਕੋਲ ਵਿਤਕਰੇ ਵਿਰੁੱਧ ਵੀ ਅਧਿਕਾਰ ਹੁੰਦਾ ਹੈ। ਉਦਾਹਰਨ ਲਈ, ਜੇ ਪੁਲਿਸ ਤੁਹਾਨੂੰ ਦੂਜੇ ਲੋਕਾਂ ਤੋਂ ਵੱਖ ਕਰਦੀ ਹੈ ਜਾਂ ਤੁਹਾਨੂੰ ਇਕਾਂਤ ਵਿੱਚ ਕੈਦ ਰੱਖਦੀ ਹੈ ਸਿਰਫ਼ ਇਸ ਕਰਕੇ ਕਿ ਤੁਸੀਂ HIV+ ਹੋ, ਤਾਂ ਇਹ ਵਿਤਕਰਾ ਹੈ।

ਹਿਰਾਸਤ ਵਿੱਚ ਹੋਣ ਦੇ ਦੌਰਾਨ ਤੁਹਾਨੂੰ ਮੈਡੀਕਲ ਇਲਾਜ ਤੱਕ ਪਹੁੰਚ ਕਰਨ ਦਾ ਅਧਿਕਾਰ ਹੁੰਦਾ ਹੈ। ਭਾਵੇਂ, ਲੋਕਾਂ ਨੂੰ ਅਕਸਰ ਮੈਡੀਕਲ ਦੇਖਭਾਲ ਜਾਂ ਉਨ੍ਹਾਂ ਦੀਆਂ ਦਵਾਈਆਂ ਤੱਕ ਪਹੁੰਚ ਕਰਨ ਤੋਂ ਪਹਿਲਾਂ ਪਰ੍ਕਿਰਿਆਵਾਂ ਵਿੱਚੋਂ ਗੁਜ਼ਰਨ ਕਾਰਨ ਦੇਰੀ ਦਾ ਸਾਹਮਣਾ ਕਰਨਾ ਪੈਂਦਾ ਹੈ। (ਦੇਖੋ ਪਾਠ 4: ਗਿਰ੍ਫ਼ਤਾਰੀ ਤੋਂ ਬਾਅਦ।)

ਪਾਠ ੯

# ਨੌਜਵਾਨ ਅਤੇ ਕਾਨੂੰਨ

18 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਨੂੰ ਕਾਨੂੰਨ ਦੇ ਅਧੀਨ ਬਾਲਗਾਂ ਨਾਲੋਂ ਵੱਖਰੇ ਅਧਿਕਾਰ ਅਤੇ ਸੁਰੱਖਿਆ ਮਿਲਦੀ ਹੈ। ਜੇ ਤੁਸੀਂ 18 ਸਾਲ ਤੋਂ ਘੱਟ ਉਮਰ ਦੇ ਹੋ, ਤਾਂ ਪੁਲਿਸ ਦੀਆਂ ਵਿਸ਼ੇਸ਼ ਜ਼ਿੰਮੇਵਾਰੀਆਂ ਹਨ ਕਿ ਉਹ ਤੁਹਾਡੇ ਅਧਿਕਾਰਾਂ ਨੂੰ ਸਮਝਾਉਣ ਲਈ, ਸਰਲ ਭਾਸ਼ਾ ਦੀ ਵਰਤੋਂ ਕਰੇ, ਜੋ ਤੁਸੀਂ ਸਮਝ ਸਕਦੇ ਹੋ।

ਇੱਕ ਬਾਲਗ ਦੀ ਤਰਹ੍ਾਂ, ਤੁਹਾਨੂੰ ਚੁੱਪ ਰਹਿਣ ਦਾ ਅਧਿਕਾਰ ਹੈ ਅਤੇ ਜਿਵੇਂ ਹੀ ਤੁਹਾਨੂੰ ਗਿਰ੍ਫਤਾਰ ਕੀਤਾ ਜਾਂਦਾ ਹੈ ਜਾਂ ਨਜ਼ਰਬੰਦ ਕੀਤਾ ਜਾਂਦਾ ਹੈ, ਤੁਹਾਡੇ ਕੋਲ ਇੱਕ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਹੈ। ਤੁਹਾਨੂੰ ਇਹ ਜਾਣਨ ਦਾ ਵੀ ਅਧਿਕਾਰ ਹੈ ਕਿ ਤੁਹਾਡੇ ਤੋਂ ਪੁੱਛਗਿੱਛ ਕਿਉਂ ਹੋ ਰਹੀ ਹੈ, ਗਿਰ੍ਫਤਾਰ ਜਾਂ ਨਜ਼ਰਬੰਦ ਕਿਉਂ ਕੀਤਾ ਜਾ ਰਿਹਾ ਹੈ।

1. ਸਵਾਲ ਪੁੱਛੋ ਜੇ ਤੁਸੀਂ ਨਹੀਂ ਸਮਝਦੇ ਕਿ ਕੀ ਹੋ ਰਿਹਾ ਹੈ। ਜੇ ਪੁਲਿਸ ਤੁਹਾਡੇ ਤੋਂ ਪੁੱਛਗਿੱਛ ਕਰ ਰਹੀ ਹੈ, ਤਾਂ ਪੁੱਛੋ: "ਕੀ ਮੈਂ ਜਾ ਸਕਦਾ/ਸਕਦੀ ਹਾਂ?" ਜੇ ਜਵਾਬ ਨਾਂਹ ਹੈ, ਤਾਂ ਤੁਹਾਨੂੰ ਜਵਾਬ ਦੇਣ ਤੋਂ ਪਹਿਲਾਂ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਹੈ।
2. ਪੁਲਿਸ ਜਾਂ ਜੱਜ ਨੂੰ ਦੱਸੋ: "ਮੈਂ ਕਿਸੇ ਵਕੀਲ ਨਾਲ ਗੱਲ ਕਰਨਾ ਚਾਹਾਂਗਾ/ਚਾਹਾਂਗੀ।"
3. ਤੁਹਾਨੂੰ ਮਹਿਸੂਸ ਹੋ ਸਕਦਾ ਹੈ ਕਿ ਪੁਲਿਸ ਵੱਲੋਂ ਤੁਹਾਡੀ ਕਹਾਣੀ ਦਾ ਪੱਖ ਪੁਛਣ ਲਈ ਦਬਾਅ ਪਾਇਆ ਜਾ ਰਿਹਾ ਹੋ, ਪਰ ਤੁਹਾਨੂੰ ਪਹਿਲਾਂ ਆਪਣੇ ਵਕੀਲ ਨਾਲ ਗੱਲ ਕਰਨ ਤੱਕ ਦੀ ਉਡੀਕ ਕਰਨੀ ਚਾਹੀਦੀ ਹੈ। ਇਹ ਕਹਿਣਾ ਜਾਰੀ ਰੱਖੋ: "ਮੈਂ ਚੁੱਪ ਰਹਿਣਾ ਚਾਹਾਂਗਾ/ਚਾਹਾਂਗੀ।" ਤੁਸੀਂ ਕੁਝ ਵੀ ਪੁਲਿਸ ਨੂੰ ਕਹਿੰਦੇ ਹੋ ਜਾਂ ਲਿਖਦੇ ਹੋ ਉਹ "ਰਿਕਾਰਡ ਤੋਂ ਬਾਹਰ" ਨਹੀਂ ਹੁੰਦਾ।

## 12 ਤੋਂ ਘੱਟ ਉਮਰ ਦੇ ਬੱਚੇ

12 ਸਾਲ ਤੋਂ ਘੱਟ ਉਮਰ ਦੇ ਬੱਚਿਆਂ 'ਤੇ ਅਪਰਾਧਿਕ ਕੋਡ ਦੇ ਤਹਿਤ ਅਪਰਾਧ ਦਾ ਦੋਸ਼ ਨਹੀ ਲਗਾਇਆ ਜਾ ਸਕਦਾ ਹੈ, ਪਰ ਉਹਨਾਂ ਨੂੰ ਹੋਰ ਕਾਨੂੰਨੀ ਨਤੀਜਿਆਂ ਦਾ ਸਾਹਮਣਾ ਕਰ ਸਕਦੇ ਹਨ। ਇਸ ਵਿੱਚ ਉਹਨਾਂ ਦੇ ਪਰਿਵਾਰ ਤੋਂ ਦੂਰ ਕਰਨਾ, ਸਿਵਲ ਮੁਕੱਦਮੇ, ਉਹਨਾਂ ਦੀ ਮਾਨਸਿਕ ਸਿਹਤ ਲਈ ਜ਼ਬਰਦਸਤੀ ਇਲਾਜ, ਜਾਂ ਉਹਨਾਂ ਦੇ ਮਾਤਾ-ਪਿਤਾ ਜਾਂ ਸਰਪਰ੍ਸਤ ਲਈ ਅਪਰਾਧਿਕ ਨਤੀਜੇ ਸ਼ਾਮਲ ਹੋ ਸਕਦੇ ਹਨ। (ਦੇਖੋ ਪਾਠ 10: ਮਾਨਸਿਕ ਸਿਹਤ ਸੰਬੰਧੀ ਕਾਨੂੰਨ ਅਤੇ ਅਣ-ਇੱਛਤ ਇਲਾਜ

## ਨੌਜਵਾਨਾਂ ਲਈ ਵਿਸ਼ੇਸ਼ ਨਿਯਮ

18 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਨੂੰ ਯੂਥ ਕਿਰ੍ਮੀਨਲ ਜਸਟਿਸ ਐਕਟਦੇ ਤਹਿਤ ਵਿਸ਼ੇਸ਼ ਸੁਰੱਖਿਆ ਮਿਲਦੀ ਹੈ:

- ਪੁਲਿਸ ਨੂੰ ਤੁਹਾਨੂੰ ਗਿਰ੍ਫ਼ਤਾਰ ਕਰਨ ਜਾਂ ਨਜ਼ਰਬੰਦ ਕਰਨ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਤੁਹਾਡੇ ਮਾਤਾ-ਪਿਤਾ ਜਾਂ ਸਰਪਰ੍ਸਤ ਨਾਲ ਸੰਪਰਕ ਕਰਨਾ ਚਾਹੀਦਾ ਹੈ। ਜੇ ਤੁਹਾਡੇ ਮਾਤਾ-ਪਿਤਾ ਜਾਂ ਸਰਪਰ੍ਸਤ ਨਜ਼ਦੀਕ ਨਹੀਂ ਹਨ, ਤਾਂ ਤੁਸੀਂ ਪੁਲਿਸ ਨੂੰ ਇਸ ਦੀ ਬਜਾਏ ਕਿਸੇ ਨਜ਼ਦੀਕੀ ਰਿਸ਼ਤੇਦਾਰ ਜਾਂ ਭਰੋਸੇਯੋਗ ਬਾਲਗ ਦੋਸਤ ਦਾ ਨਾਮ ਦੱਸ ਸਕਦੇ ਹੋ।
- ਜਦੋਂ ਪੁਲਿਸ ਵੱਲੋਂ ਤੁਹਾਡੇ ਤੋਂ ਪੁੱਛਗਿੱਛ ਕੀਤੀ ਜਾਂਦੀ ਹੈ ਤਾਂ ਤੁਹਾਨੂੰ ਆਪਣੇ ਵਕੀਲ **ਅਤੇ** ਮਾਤਾ-ਪਿਤਾ, ਸਰਪਰ੍ਸਤ, ਜਾਂ ਭਰੋਸੇਮੰਦ ਬਾਲਗ ਨੂੰ ਆਪਣੇ ਕੋਲ ਮੌਜੂਦ ਰੱਖਣ ਦੀ ਇਜਾਜ਼ਤ ਵੀ ਹੁੰਦੀ ਹੈ। ਪੁਲਿਸ ਤੁਹਾਨੂੰ ਇਹ ਅਧਿਕਾਰ ਨਾ ਵਰਤਣ (ਛੱਡਣ) ਲਈ ਕਹਿ ਸਕਦੀ ਹੈ, ਪਰ ਤੁਹਾਨੂੰ ਅਜਿਹਾ ਕਰਨ ਦੀ ਲੋੜ ਨਹੀਂ ਹੁੰਦੀ ਹੈ।
- BC ਵਿੱਚ, ਵਕੀਲ 18 ਸਾਲ ਤੋਂ ਘੱਟ ਉਮਰ ਦੇ ਲੋਕਾਂ ਲਈ ਮੁਫ਼ਤ ਉਪਲਬਧ ਹਨ, ਭਾਵੇਂ ਤੁਹਾਡੇ ਕੋਲ ਜਾਂ ਤੁਹਾਡੇ ਮਾਤਾ-ਪਿਤਾ ਕੋਲ ਕਿੰਨੇ ਵੀ ਪੈਸੇ ਹੋਣ, ਜਾਂ ਤੁਹਾਡੇ 'ਤੇ ਕਿੰਨਾ ਵੀ ਗੰਭੀਰ ਅਪਰਾਧ ਹੋਵੇ।
- BC ਤੋਂ ਬਾਹਰ, ਤੁਸੀਂ ਕਾਨੂੰਨੀ ਸਹਾਇਤਾ ਲਈ ਅਰਜ਼ੀ ਦੇ ਕੇ ਕਿਸੇ ਵਕੀਲ ਨੂੰ ਪਰ੍ਾਪਤ ਕਰ ਸਕਦੇ ਹੋ, ਜਿਸ ਨਾਲ ਵਕੀਲ ਮੁਫ਼ਤ ਵਿੱਚ ਮਿਲ ਜਾਂਦਾ ਹੈ। ਜੇ ਕਾਨੂੰਨੀ ਸਹਾਇਤਾ ਤੁਹਾਡੀ ਅਰਜ਼ੀ ਨੂੰ ਸਵੀਕਾਰ ਨਹੀਂ ਕਰਦੀ ਹੈ, ਤਾਂ ਤੁਸੀਂ ਜੱਜ ਦੁਆਰਾ ਇੱਕ ਵਕੀਲ ਲਈ ਬੇਨਤੀ ਕਰ ਸਕਦੇ ਹੋ, ਅਤੇ ਕੋਈ ਤੁਹਾਨੂੰ ਪਰ੍ਦਾਨ ਕਰ ਕੀਤਾ ਜਾਵੇਗਾ, ਪਰ ਇਸ ਵਿੱਚ ਤੁਹਾਡੇ ਜਾਂ ਤੁਹਾਡੇ ਮਾਪਿਆਂ ਦੇ ਪੈਸੇ ਖਰਚ ਹੋ ਸਕਦੇ ਹਨ (ਦੇਖੋ ਪਾਠ 4: ਗਿਰ੍ਫ਼ਤਾਰੀ ਤੋਂ ਬਾਅਦ ਕਾਨੂੰਨੀ ਸਹਾਇਤਾ ਬਾਰੇ ਹੋਰ ਜਾਣਕਾਰੀ ਲਈ।)

- ਤੁਹਾਨੂੰ ਆਪਣੇ ਵਕੀਲ ਨੂੰ ਉਸ ਤਰੀਕੇ ਨਾਲ ਕੰਮ ਕਰਨ ਲਈ ਕਹਿਣ ਦਾ ਅਧਿਕਾਰ ਹੈ ਜਿਸ ਤਰਹ੍ਾਂ **ਤੁਸੀ** ਪਸੰਦ ਕਰਦੇ ਹੋ, ਭਾਵੇਂ ਤੁਹਾਡੇ ਮਾਤਾ-ਪਿਤਾ ਜਾਂ ਸਰਪਰ੍ਸਤ ਤੁਹਾਡੀ ਪਸੰਦ ਨਾਲ ਅਸਹਿਮਤ ਹੋਣ, ਅਤੇ ਭਾਵੇਂ ਤੁਹਾਡੇ ਮਾਤਾ-ਪਿਤਾ ਜਾਂ ਸਰਪਰ੍ਸਤ ਨੇ ਵਕੀਲ ਦੀਆਂ ਫੀਸਾਂ ਲਈ ਭੁਗਤਾਨ ਵੀ ਕੀਤਾ ਹੋਵੇ ਜਾਂ ਉਹਨਾਂ ਨੂੰ ਤੁਹਾਡੇ ਲਈ ਨੌਕਰੀ 'ਤੇ ਰੱਖਣ ਵਿੱਚ ਸਹਾਇਤਾ ਕੀਤੀ ਹੋਵੇ। ਇਸ ਵਿੱਚ ਤੁਹਾਡੇ ਵਕੀਲ ਨੂੰ ਤੁਹਾਡੇ ਦੋਵਾਂ ਵਿਚਕਾਰ ਸਾਂਝੀ ਕੀਤੀ ਜਾਣ ਵਾਲੀ ਜਾਣਕਾਰੀ ਨੂੰ ਨਿੱਜੀ ਰੱਖਣਾ ਸ਼ਾਮਲ ਹੁੰਦੀ ਹੈ, ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਵਕੀਲ ਤੁਹਾਡੇ ਮਾਤਾ-ਪਿਤਾ ਜਾਂ ਸਰਪਰ੍ਸਤ ਨੂੰ ਸਭ ਕੁਝ ਦੱਸ ਦੇਵੇ।
- ਆਮ ਤੌਰ 'ਤੇ, ਦੋਸ਼ਾਂ ਦਾ ਸਾਹਮਣਾ ਕਰ ਰਹੇ ਕਿਸੇ ਨੌਜਵਾਨ ਵਜੋਂ, ਤੁਹਾਡੀ ਪਛਾਣ ਨੂੰ ਗੁਪਤ ਰੱਖਿਆ ਜਾਣਾ ਚਾਹੀਦਾ ਹੈ, ਅਤੇ ਤੁਹਾਡੀ ਪਛਾਣ ਸਿਰਫ਼ ਜਨਤਕ ਦਸਤਾਵੇਜ਼ਾਂ ਵਿੱਚ ਸ਼ੁਰੂਆਤੀ ਅੱਖਰਾਂ ਦੁਆਰਾ ਕੀਤੀ ਜਾ ਸਕਦੀ ਹੈ।
- ਆਮ ਤੌਰ 'ਤੇ ਨੌਜਵਾਨਾਂ ਨੂੰ ਬਾਲਗਾਂ ਨਾਲੋਂ ਵੱਖਰੀਆਂ ਜੇਲਹ੍ਾਂ ਵਿੱਚ ਰੱਖਿਆ ਜਾਂਦਾ ਹੈ।

## ਬਾਹਰੀਵਧੀਕ-ਨਿਆਇਕ ਉਪਾਅ ਅਤੇ ਪਾਬੰਦੀਆਂ

ਤੁਹਾਡੇ 'ਤੇ ਦੋਸ਼ ਲਗਾਉਣ ਤੋਂ ਪਹਿਲਾਂ, ਪੁਲਿਸ ਨੂੰ ਇਹਨਾਂ ਬਿਹਤਰ ਵਿਕਲਪਾਂ ਬਾਰੇ ਸੋਚਣਾ ਚਾਹੀਦਾ ਹੈ ਕਿ ਕੀ ਕੋਈ ਕਾਰਵਾਈ ਨਾ ਕੀਤੀ ਜਾਵੇ, ਤੁਹਾਨੂੰ ਚੇਤਾਵਨੀ ਜਾਂ ਸਾਵਧਾਨ ਕੀਤਾ ਜਾਵੇ, ਜਾਂ ਤੁਹਾਨੂੰ ਬਾਹਰੀ-ਨਿਆਇਕ (ਅਦਾਲਤੀ ਘੇਰੇ ਤੋਂ ਬਾਹਰ) ਉਪਾਅ ਵਜੋਂ ਭਾਈਚਾਰਕ ਪਰੋਗਰਾਮ ਵਿੱਚ ਭੇਜ ਦਿੱਤਾ ਜਾਵੇ।

ਭਾਵੇਂ ਪੁਲਿਸ ਤੁਹਾਨੂੰ ਦੋਸ਼ਾਂ ਲਈ ਅਦਾਲਤੀ ਸਿਸਟਮ ਵਿੱਚ ਭੇਜਣ ਦਾ ਫੈਸਲਾ ਵੀ ਕਰਦੀ ਹੈ, ਤਾਂ ਵੀ ਤੁਹਾਨੂੰ ਅਪਰਾਧਿਕ ਦੋਸ਼ਾਂ ਦੀ ਬਜਾਏ ਵਧੀਕ-ਨਿਆਇਕ ਪਾਬੰਧੀਆਂ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ। ਇਹ ਨੌਜਵਾਨਾਂ ਲਈ ਇੱਕ ਵਿਸ਼ੇਸ਼ ਪਰ੍ਕਿਰਿਆ ਹੈ। ਇਸ ਵਿੱਚ ਕਿਸੇ ਦੋਸ਼ੀ ਪਟੀਸ਼ਨ ਜਾਂ ਮੁਕੱਦਮੇ ਅਤੇ ਸਜ਼ਾ ਸੁਣਾਉਣ ਦੀ ਨਿਯਮਤ ਅਪਰਾਧਿਕ ਕਾਨੂੰਨੀ ਪਰ੍ਕਿਰਿਆ ਵਿੱਚੋਂ ਲੰਘਣਾ ਸ਼ਾਮਲ ਨਹੀਂ ਹੁੰਦਾ ਹੈ। ਇਹ ਤੁਹਾਨੂੰ ਉਸ ਕਾਰਵਾਈ ਲਈ ਜ਼ਿੰਮੇਵਾਰੀ ਚੁੱਕਣ ਲਈ ਕਹਿੰਦਾ ਹੈ ਜਿਸ ਦਾ ਤੁਹਾਡੇ 'ਤੇ ਦੋਸ਼ ਲਗਾਇਆ ਗਿਆ ਸੀ ਅਤੇ ਇਸ ਵਿੱਚ ਇੱਕ ਵਿਚੋਲਗੀ ਪਰ੍ਕਿਰਿਆ ਜਾਂ ਭਾਈਚਾਰਕ ਸੇਵਾ ਪਰੋਗਰਾਮ ਵੀ ਸ਼ਾਮਲ ਹੋ ਸਕਦਾ ਹੈ। ਜੇ ਤੁਸੀਂ ਮਨਜ਼ੂਰੀ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਦੇ ਹੋ, ਤਾਂ ਅਦਾਲਤ ਤੁਹਾਡੇ ਦੋਸ਼(ਸਾਂ) ਨੂੰ ਰੱਦ ਕਰ ਦੇਵੇਗੀ। ਤੁਹਾਡੇ ਮਾਤਾ-ਪਿਤਾ ਜਾਂ ਸਰਪਰ੍ਸਤ ਨੂੰ ਤੁਹਾਡੇ 'ਤੇ ਲਗਾਈਆਂ ਗਈਆਂ ਕਿਸੇ ਵੀ ਵਧੀਕ-ਨਿਆਇਕ ਪਾਬੰਦੀਆਂ ਬਾਰੇ ਦੱਸਿਆ ਜਾਣਾ ਚਾਹੀਦਾ ਹੈ।

ਕੋਈ ਵੀ ਤੁਹਾਨੂੰ ਵਧੀਕ-ਨਿਆਇਕ ਪਾਬੰਧੀਆਂ ਸਵੀਕਾਰ ਕਰਨ ਲਈ ਮਜਬੂਰ ਨਹੀ ਕਰ ਸਕਦਾ ਹੈ।ਯਾਦ ਰੱਖੋ, ਤੁਹਾਨੂੰ ਨਿਰਪੱਖ ਮੁਕੱਦਮੇ ਦਾ ਅਧਿਕਾਰ ਹੈ, ਅਤੇ ਤੁਸੀਂ ਦੋਸ਼ੀ ਸਾਬਤ ਹੋਣ ਤੱਕ ਨਿਰਦੋਸ਼ ਹੋ। ਇਹ ਫੈਸਲਾ ਕਰਨ ਤੋਂ ਪਹਿਲਾਂ ਕਿ ਕੀ ਇਹ ਤੁਹਾਡੇ ਲਈ ਸਭ ਤੋਂ ਵਧੀਆ ਵਿਕਲਪ ਹੈ, ਕਿਸੇ ਵਧੀਕ-ਨਿਆਇਕ ਮਨਜ਼ੂਰੀ ਦੇ ਲਾਭਾਂ ਅਤੇ ਜੋਖਮਾਂ ਬਾਰੇ ਵਕੀਲ ਨਾਲ ਗੱਲ ਕਰਨਾ ਬਹੁਤ ਮਹੱਤਵਪੂਰਨ ਹੈ।

## ਅਧਿਕਾਰਤ ਵਿਅਕਤੀ ਦੇ ਬਿਆਨ

ਇੱਕ 'ਅਧਿਕਾਰਤ ਵਿਅਕਤੀ' ਕੋਈ ਪੁਲਿਸ ਅਫ਼ਸਰ ਜਾਂ ਕੋਈ ਹੋਰ ਹੁੰਦਾ ਹੈ ਜਿਸ 'ਤੇ ਤੁਹਾਨੂੰ ਵਾਜਬ ਤੌਰ 'ਤੇ ਵਿਸ਼ਵਾਸ਼ ਹੁੰਦਾ ਹੈ ਕਿ ਉਸਦਾ ਤੁਹਾਡੇ ਮੁਕੱਦਮੇ 'ਤੇ ਕੁਝ ਨਿਯੰਤਰਣ ਹੈ। ਸਥਿਤੀ 'ਤੇ ਨਿਰਭਰ ਕਰਦੇ ਹੋਏ, ਅਧਿਕਰਾਰਤ ਵਿਅਕਤੀ ਵਿਚ ਫੋਸਟਰ ਹੋਮ ਦੇ ਪਰ੍ਸ਼ਾਸਕ, ਸਕੂਲ ਦੇ ਪਿਰ੍ਸੀਪਲ, ਅਤੇ ਸੋਸ਼ਲ ਵਰਕਰ ਸ਼ਾਮਲ ਹੋ ਸਕਦੇ ਹਨ। ਜੋ ਵੀ ਤੁਸੀਂ ਅਧਿਕਾਰਤ ਵਿਅਕਤੀ ਨੂੰ ਕਹਿੰਦੇ ਹੋ ਉਸ ਲਈ ਵਿਸ਼ੇਸ਼ ਸੁਰੱਖਿਆਵਾਂ ਹਨ। ਮਾਤਾ-ਪਿਤਾ ਨੂੰ ਅਧਿਕਾਰਤ ਵਿਅਕਤੀ ਨਹੀ ਮੰਨਿਆ ਜਾਂਦਾ ਹੈ।

ਕੋਈ ਵੀ ਗੱਲ ਜੋ ਤੁਸੀਂ ਕਿਸੇ ਅਧਿਕਾਰਤ ਵਿਅਕਤੀ ਨੂੰ ਕਹਿੰਦੇ ਜਾਂ ਲਿਖਦੇ ਹੋ, ਉਸ ਨੂੰ ਤੁਹਾਡੇ ਵਿਰੁੱਧ ਸਬੂਤ ਵਜੋਂ ਨਹੀ ਵਰਤਿਆ ਜਾ ਸਕਦਾ, ਜਦੋਂ ਤੱਕ ਹੇਠਾਂ ਦਿੱਤੀਆਂ ਗੱਲਾਂ ਸੱਚ ਨਹੀ ਹੁੰਦੀਆਂ:

- ਤੁਹਾਡਾ ਬਿਆਨ ਸਵੈ-ਇੱਛਤ ਹੈ। ਕੋਈ ਬਿਆਨ ਸਵੈ-ਇੱਛਤ ਨਹੀ ਹੁੰਦਾ ਜੇ ਤੁਹਾਨੂੰ ਧਮਕੀ ਦਿੱਤੀ ਗਈ ਹੋਵੇ, ਰਿਸ਼ਵਤ ਦਿੱਤੀ ਗਈ ਹੋਵੇ, ਧੋਖਾ ਦਿੱਤਾ ਗਿਆ ਹੋਵੇ,

ਜਾਂ ਭੁੱਖਮਰੀ ਜਾਂ ਨੀਂਦ ਦੀ ਕਮੀ ਵਰਗੀਆਂ ਕਠੋਰ ਸਥਿਤੀਆਂ ਵਿੱਚੋਂ ਲੰਘਾਇਆ ਗਿਆ ਹੋਵੇ।

- ਬਿਆਨ ਦੇਣ ਤੋਂ ਪਹਿਲਾਂ, ਕਿਸੇ ਨੇ ਸਪਸ਼ਟ ਤੌਰ 'ਤੇ ਸਮਝਾਇਆ ਹੋਵੇ, ਜਿਸ ਭਾਸ਼ਾ ਵਿੱਚ ਤੁਸੀਂ ਸਮਝ ਸਕਦੇ ਹੋ, ਕਿ:
    - ਤੁਹਾਨੂੰ **ਬੋਲਣ**ਦੀ ਲੋੜ ਨਹੀਂ ਹੈ;
    - ਕਿਸੇ ਵੀ ਬਿਆਨ ਨੂੰ ਗਿਰਫ਼ਤਾਰੀ ਜਾਂ ਅਦਾਲਤਵਿੱਚ ਤੁਹਾਡੇ ਵਿਰੁੱਧ ਸਬੂਤ ਵਜੋਂ ਵਰਤਿਆ ਜਾ ਸਕਦਾ ਹੈ;
    - ਤੁਹਾਨੂੰ ਬੋਲਣ ਤੋਂ ਪਹਿਲਾਂ ਵਕੀਲ ਅਤੇ ਮਾਤਾ-ਪਿਤਾ, ਸਰਪਰਸਤ, ਜਾਂ ਹੋਰ ਭਰੋਸੇਯੋਗ ਬਾਲਗ ਨਾਲ ਸਲਾਹ ਕਰਨ ਦਾ ਅਧਿਕਾਰ ਹੁੰਦਾ ਹੈ; ਅਤੇ
    - ਜਦੋਂ ਤੁਸੀਂ ਬਿਆਨ ਦੇ ਰਹੇ ਹੋਵੋ, ਤਾਂ ਤੁਹਾਡੇ ਕੋਲ ਵਕੀਲ ਅਤੇ ਮਾਤਾ-ਪਿਤਾ, ਸਰਪਰਸਤ, ਜਾਂ ਭਰੋਸੇਮੰਦ ਬਾਲਗ ਹੋਣ ਦਾ ਅਧਿਕਾਰ ਹੁੰਦਾ ਹੈ, ਜਦੋਂ ਤੱਕ ਤੁਸੀਂ ਕਿਸੇ ਹੋਰ ਢੰਗ ਨੂੰ ਤਰਜੀਹ ਨਹੀਂ ਦਿੰਦੇ

ਬਿਆਨ ਦੇਣ ਤੋਂ ਪਹਿਲਾਂ, ਤੁਹਾਨੂੰ ਇਹ ਕੰਮ ਕਰਨ ਲਈ ਇੱਕ ਉਚਿਤ ਮੌਕਾ ਦਿੱਤਾ ਜਾਣਾ ਚਾਹੀਦਾ ਹੈ:

- ਕਿਸੇ ਵਕੀਲ ਅਤੇ ਮਾਤਾ-ਪਿਤਾ, ਸਰਪਰਸਤ, ਜਾਂ ਹੋਰ ਭਰੋਸੇਯੋਗ ਬਾਲਗ ਨਾਲ ਗੱਲ ਕਰਨ ਦਾ, ਅਤੇ
- ਜਦੋਂ ਤੁਸੀਂ ਆਪਣਾ ਬਿਆਨ ਦਿੰਦੇ ਹੋ ਤਾਂ ਆਪਣੇ ਮਾਤਾ-ਪਿਤਾ, ਸਰਪਰਸਤ, ਜਾਂ ਭਰੋਸੇਮੰਦ ਬਾਲਗ ਨੂੰ ਉੱਥੇ ਮੌਜੂਦ ਰੱਖਣਾ (ਜਦੋਂ ਤੱਕ ਤੁਸੀਂ ਉਨਹ੍ਹਾਂ ਦੇ ਕੋਲ ਰਹਿਣ ਨੂੰ ਤਰਜੀਹ ਨਹੀਂ ਦਿੰਦੇ ਹੋ।)

ਧਿਆਨ ਵਿੱਚ ਰੱਖੋ ਕਿ ਇਹਨਾਂ ਨਿਯਮਾਂ ਵਿੱਚ ਕੁਝ ਛੋਟਾਂ ਵੀ ਹਨ। ਉਦਾਹਰਨ ਲਈ, ਜੇ ਤੁਸੀਂ ਕਿਸੇ ਪੁਲਿਸ ਅਧਿਕਾਰੀ ਨੂੰ ਤੁਹਾਨੂੰ ਤੁਹਾਡੇ ਅਧਿਕਾਰ ਦੱਸਣ ਦਾ ਮੌਕਾ ਦੇਣ ਤੋਂ ਪਹਿਲਾਂ ਹੀ ਬਿਨਾਂ ਕੁਝ ਸੋਚੇ ਸਮਝੇ ਕੁਝ ਕਹਿ ਦਿੰਦੇ ਹੋ।

ਜੇ ਪੁਲਿਸ DNA ਦੇ ਵਿਸ਼ਲੇਸ਼ਣ ਲਈ ਸਰੀਰ ਦੇ ਸੈਂਪਲ ਲੈਣ ਲਈ ਵਾਰੰਟ ਦੀ ਵਰਤੋਂ ਕਰਨਾ ਚਾਹੁੰਦੀ ਹੈ, ਤਾਂ ਤੁਹਾਨੂੰ ਪਹਿਲਾਂ ਕਿਸੇ ਵਕੀਲ ਅਤੇ ਆਪਣੇ ਮਾਤਾ-ਪਿਤਾ ਜਾਂ ਸਰਪਰਸਤ ਜਾਂ ਕਿਸੇ ਹੋਰ ਭਰੋਸੇਯੋਗ ਬਾਲਗ ਨਾਲ ਗੱਲ ਕਰਨ ਦਾ ਅਧਿਕਾਰ ਹੁੰਦਾ ਹੈ। ਜਦੋਂ ਪੁਲਿਸ ਤੁਹਾਡੇ ਤੋਂ ਸੈਂਪਲ ਇਕੱਤਰ ਕਰਦੀ ਹੈ ਤਾਂ ਤੁਹਾਨੂੰ ਆਪਣੇ ਵਕੀਲ ਅਤੇ ਮਾਤਾ ਜਾਂ ਪਿਤਾ ਜਾਂ ਸਰਪਰਸਤ ਜਾਂ ਕਿਸੇ ਹੋਰ ਭਰੋਸੇਮੰਦ ਬਾਲਗ ਨੂੰ ਉਸੇ ਕਮਰੇ ਵਿੱਚ ਰੱਖਣ ਦਾ ਅਧਿਕਾਰ ਵੀ ਹੁੰਦਾ ਹੈ। (ਦੇਖੋ ਪਾਠ 5: ਤਲਾਸ਼ੀ ਅਤੇ ਜ਼ਬਤੀ।)

## ਸਕੂਲਾਂ ਵਿੱਚ ਤਲਾਸ਼ੀਆਂ

ਸਕੂਲ ਵਿੱਚ ਹੋਣ ਸਮੇਂ, 18 ਸਾਲ ਤੋਂ ਘੱਟ ਉਮਰ ਦੇ ਲੋਕਾਂ ਕੋਲ ਉਹਨਾਂ ਦੇ ਨਿੱਜੀ ਸਮਾਨ ਲਈ ਬਹੁਤ ਸਾਰੀਆਂ ਪਰਦੇਦਾਰੀਆਂ ਲਈ ਸੁਰੱਖਿਆਵਾਂ ਨਹੀਂ ਹੁੰਦੀਆਂ ਹਨ। ਸਕੂਲ ਅਧਿਕਾਰੀ (ਜਿਵੇਂ ਕਿ ਅਧਿਆਪਕ, ਉਪ-ਪਿਰੰਸੀਪਲ, ਜਾਂ ਪਿਰੰਸੀਪਲ) ਤੁਹਾਡੇ ਫ਼ੋਨ, ਲਾਕਰ, ਜਾਂ ਬੈਕਪੈਕ ਦੀ ਤਲਾਸ਼ੀ ਲੈਣ ਜਿਹੇ ਸਮਾਨ ਨੂੰ ਅਜਿਹੀ ਸਥਿਤੀ ਵਿੱਚ ਪਹੁੰਚਾ ਸਕਦੇ ਹਨ ਜਿੱਥੇ ਕਿਸੇ ਪੁਲਿਸ ਅਫ਼ਸਰ ਨੂੰ ਇਜਾਜ਼ਤ ਨਹੀਂ ਦਿੱਤੀ ਜਾਂਦੀ।

ਪੁਲਿਸ ਵਾਰੰਟ ਪਰ੍ਾਪਤ ਕਰਨ ਤੋਂ ਬਚਣ ਲਈ ਜਾਂ ਤਲਾਸ਼ੀ ਲਈ ਵਾਜਬ ਆਧਾਰ ਦੇਣ ਤੋਂ ਬਚਣ ਲਈ ਸਕੂਲ ਅਧਿਕਾਰੀਆਂ ਵੱਲੋਂ ਤਲਾਸ਼ੀ ਦੀ ਵਰਤੋਂ ਨਹੀਂ ਕਰ ਸਕਦੀ ਹੈ। ਭਾਵੇਂ, ਜੇ ਸਕੂਲ ਅਧਿਕਾਰੀ ਤੁਹਾਡੀ ਤਲਾਸ਼ੀ ਕਰਨ ਦੀ ਯੋਜਨਾ ਬਣਾ ਰਿਹਾ ਹੈ ਕਿ ਪੁਲਿਸ ਇਸ ਵਿੱਚ ਸ਼ਾਮਲ ਹੋਵੇ ਜਾਂ ਨਹੀਂ, ਤਾਂ ਸਕੂਲ ਅਧਿਕਾਰੀ ਪੁਲਿਸ ਨੂੰ ਵਾਰੰਟ ਲੈਣ ਦੀ ਲੋੜ ਤੋਂ ਬਿਨਾਂ ਹੀ ਪੁਲਿਸ ਨੂੰ ਕੋਈ ਵੀ ਸਬੂਤ ਦੇ ਸਕਦਾ ਹੈ। ਫਿਰ ਪੁਲਿਸ ਇਸ ਸਬੂਤ ਨੂੰ ਤੁਹਾਡੀ ਤਲਾਸ਼ੀ ਜਾਂ ਗਿਰ੍ਫਤਾਰ ਕਰਨ ਲਈ ਵਰਤ ਸਕਦੀ ਹੈ।

ਇੱਥੇ ਚਾਰ ਨਿਯਮ ਹਨ ਜਿਨਹ੍ਾਂ ਦੀ ਸਕੂਲ ਅਧਿਕਾਰੀਆਂ ਨੂੰ ਪਾਲਣਾ ਕਰਨੀ ਪੈਂਦੀ ਹੈ:

1. ਉਹਨਾਂ ਨੂੰ ਸਕੂਲ ਦੇ ਕੋਡ ਆਫ਼ ਕੰਡਕਟ ਅਤੇ ਸੂਬੇ ਜਾਂ ਰਾਜਕੀ ਇਕਾਈ ਦੇ ਕਾਨੂੰਨਾਂ (ਜਿਵੇਂ ਕਿ ਸਕੂਲ ਐਕਟ BC ਵਿੱਚ ਅਤੇ ਐਜੁਕੇਸ਼ਨ ਐਕਟ ਓਂਟਾਰੀਓ ਵਿੱਚ) ਤੋਂ ਅਥਾਰਟੀ ਲੈਣ ਦੀ ਲੋੜ ਹੁੰਦੀ ਹੈ।
2. ਉਹਨਾਂ ਨੂੰ ਜਿੰਨਾ ਸੰਭਵ ਹੋ ਸਕੇ ਤੁਹਾਡੇ ਅਧਿਕਾਰਾਂ ਨੂੰ ਨੁਕਸਾਨ ਪਹੁੰਚਾਉਣ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਅਤੇ ਉਹਨਾਂ ਨੂੰ ਤੁਹਾਡੀ ਨਿੱਜਤਾ ਅਤੇ ਤੁਹਾਡੇ ਲਿੰਗ ਵਰਗੀਆਂ ਚੀਜ਼ਾਂ ਪਰਤੀ ਸੰਵੇਦਨਸ਼ੀਲ ਦਿਖਾਉਣੀ ਚਾਹੀਦੀ ਹੈ। ਉਦਾਹਰਨ ਲਈ, ਜੇ ਸਕੂਲ ਅਧਿਕਾਰੀ ਤੁਹਾਡੇ ਬੈਕਪੈਕ ਅਤੇ ਕੱਪੜਿਆਂ ਦੀ ਨਸ਼ੀਲੇ ਪਦਾਰਥਾਂ ਲਈ ਤਲਾਸ਼ੀ ਕਰਦਾ ਹੈ, ਤਾਂ ਉਨਹ੍ਾਂ ਨੂੰ ਅਜਿਹਾ ਸਾਰਿਆਂ ਦੇ ਸਾਹਮਣੇ ਨਹੀਂ ਕਰਨਾ ਚਾਹੀਦਾ।

### ਮਾਨਸਿਕ ਸਿਹਤ ਅਤੇ ਨੌਜਵਾਨ

ਨੌਜਵਾਨ ਨੂੰ ਅਣ-ਇੱਛਤ ਇਲਾਜ ਜਾਂ ਮੈਡੀਕਲ ਸਹੂਲਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। (ਦੇਖੋ ਪਾਠ 10: ਇਹਨਾਂ ਅਧਿਕਾਰਾਂ ਬਾਰੇ ਹੋਰ ਜਾਣਨ ਲਈ ਮਾਨਸਿਕ ਸਿਹਤ ਅਤੇ ਅਣਇੱਛਤ ਇਲਾਜ।

3. ਤਲਾਸ਼ੀ ਕੀਤਾ ਸਮਾਨ ਅਤੇ ਤਲਾਸ਼ੀ ਵਿੱਚ ਵੇਰਵੇ ਦੀ ਮਾਤਰਾ ਨਿਯਮ ਤੋੜਨ ਜਾਂ ਖ਼ਤਰੇ ਦੀ ਗੰਭੀਰਤਾ ਨਾਲ ਮੇਲ ਖਾਂਦੀ ਹੋਣੀ ਚਾਹੀਦੀ ਹੈ। ਉਦਾਹਰਨ ਲਈ, ਜੇ ਸਕੂਲ ਚਿੰਤਤ ਹੈ ਕਿ ਤੁਸੀਂ ਸਕੂਲ ਵਿੱਚ ਹਥਿਆਰ ਲੈ ਕੇ ਆਏ ਹੋ, ਤਾਂ ਉਹ ਤੁਹਾਡੇ ਸਮਾਨ ਦੀ ਹੋਰ ਤਲਾਸ਼ੀ ਵੀ ਕਰ ਸਕਦੇ ਹਨ ਅਤੇ, ਪਰ ਉਹ ਇਸ ਵੇਲੇ ਹੋਰ ਵਧੇਰੇ ਤਲਾਸ਼ੀ ਕਰਨਗੇ ਮੁਕਾਬਲਤਨ ਜਦੋਂ ਉਹ ਉਦੋਂ ਕਰਦੇ ਹਨ ਜਦੋਂ ਉਹਨਾਂ ਨੂੰ ਡਰ ਹੁੰਦਾ ਹੈ ਕਿ ਤੁਸੀਂ ਟੈਸਟ ਵਿੱਚ ਨਕਲ ਮਾਰ ਰਹੇ ਹੋ।
4. ਤਲਾਸ਼ੀ ਸਕੂਲ ਦੇ ਕਿਸੇ ਸੰਭਾਵੀ ਨਿਯਮਾਂ ਦੀ ਉਲੰਘਣਾ ਕੀਤੇ ਬਿਨਾਂ ਵਾਜਬ ਸ਼ੱਕ ਵਾਲੇ ਸਕੂਲ ਅਧਿਕਾਰੀ ਦੇ ਆਧਾਰ 'ਤੇ ਹੋਣੀ ਚਾਹੀਦੀ ਹੈ। ਤੁਹਾਡੀ ਅਕਾਸਮਿਕ ਢੰਗ ਨਾਲ ਜਾਂ ਕਿਸੇ ਅਟਕਲਾਂ ਦੇ ਅਧਾਰ 'ਤੇ ਤਲਾਸ਼ੀ ਨਹੀਂ ਕੀਤੀ ਜਾ ਸਕਦੀ।

ਇਹਨਾਂ ਨਿਯਮਾਂ ਦੇ ਕਾਰਨ ਤੁਸੀਂ ਆਪਣੇ ਕੁਝ ਸਮਾਨ ਨੂੰ ਘਰ ਵਿੱਚ ਛੱਡਣਾ ਵੀ ਚਾਹ ਸਕਦੇ ਹੋ, ਜੇ ਤੁਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹੋ ਕਿ ਉਹਨਾਂ ਨੂੰ ਗੁਪਤ ਰੱਖਿਆ ਜਾਵੇ।

## ਨਿੱਜੀ ਬਚਾਅ ਅਤੇ ਸੁਰੱਖਿਆ

ਜਦੋਂ ਤੁਸੀਂ ਪੁਲਿਸ ਦਾ ਸਾਹਮਣਾ ਕਰਦੇ ਹੋ ਤੁਹਨੂੰ ਬੋਲਣ ਲਈ ਡਰਾਇਆ ਜਾਂ ਦਬਾਇਆ ਜਾ ਸਕਦਾ ਹੈ। ਜੇ ਤੁਸੀਂ ਵਿਤਕਰਾ ਹੋਣ ਵਾਲੀ ਨਸਲ, 2SL-GBTQI+ ਵਿੱਚੋਂ ਹੋ, ਜਾਂ ਮਾਨਸਿਕ ਸਿਹਤ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹੋ, ਤਾਂ ਪੁਲਿਸ ਜਾਂ ਹੋਰ ਅਧਿਕਾਰੀਆਂ ਦੇ ਸੰਪਰਕ ਵਿੱਚ ਹੋਣ 'ਤੇ ਤੁਸੀਂ ਹੋਰ ਵੀ ਡਰੇ ਹੋਏ ਜਾਂ ਅਸੁਰੱਖਿਅਤ ਮਹਿਸੂਸ ਕਰ ਸਕਦੇ ਹੋ।

ਆਪਣੀ ਸੁਰੱਖਿਆ ਬਾਰੇ ਵਿਚਾਰੋ, ਸ਼ਾਂਤ ਰਹਿਣ ਦੀ ਕੋਸ਼ਿਸ਼ ਕਰੋ, ਅਤੇ ਸਰੀਰਕ ਤਾਕਤ ਦੀ ਵਰਤੋਂ ਨਾ ਕਰੋ। ਯਾਦ ਰੱਖੋ ਕਿ ਤੁਹਾਡੇ ਕੋਲ ਕਾਨੂੰਨੀ ਅਧਿਕਾਰ ਹਨ। ਤੁਸੀਂ ਸ਼ਾਂਤ, ਸਪੱਸ਼ਟ ਤਰੀਕੇ ਨਾਲ ਆਪਣੇ ਅਧਿਕਾਰਾਂ ਨੂੰ ਬਿਆਨ ਕਰਨਾ ਜਾਰੀ ਰੱਖ ਸਕਦੇ ਹੋ। ਨਾਮ, ਬੈਜ ਨੰਬਰ, ਜਾਂ ਹੋਰ ਪਛਾਣ ਜਾਣਕਾਰੀ ਨੋਟ ਕਰਨ ਦੀ ਕੋਸ਼ਿਸ਼ ਕਰੋ। ਇਹ ਜਾਣਕਾਰੀ ਕਿਸੇ ਵਕੀਲ ਜਾਂ ਕਿਸੇ ਅਜਿਹੇ ਵਿਅਕਤੀ ਨੂੰ ਦਿਓ ਜਿਸ 'ਤੇ ਤੁਸੀਂ ਬਾਅਦ ਵਿੱਚ ਵਿਸ਼ਵਾਸ਼ ਕਰ ਸਕੋ।

ਪਾਠ 10

# ਮਾਨਸਿਕ ਸਿਹਤ ਸੰਬੰਧੀ ਕਾਨੂੰਨ ਅਤੇ ਅਣ-ਇੱਛਤ ਇਲਾਜ

## ਮਾਨਸਿਕ ਸਿਹਤ ਐਕਟ ਅਤੇ ਸੁਰੂਆਤੀ ਨਜ਼ਰਬੰਦੀ

BC ਵਿੱਚ ਮੈਂਟਲ ਹੈਲਥ ਐਕਟ ਦੇ ਤਹਿਤ, ਪੁਲਿਸ ਨੂੰ ਤੁਹਾਨੂੰ ਨਜਰਬੰਦ ਕਰਨ ਅਤੇ ਕਿਸੇ ਮੈਡੀਕਲ ਪੇਸ਼ੇਵਰ ਕੋਲ ਲੈ ਜਾਣ ਦੀ ਇਜਾਜ਼ਤ ਹੁੰਦੀ ਹੈ ਜੇ ਉਹਨਾਂ ਨੂੰ ਲੱਗਦਾ ਹੈ ਜਾਂ ਉਹਨਾਂ ਨੂੰ ਦੱਸਿਆ ਜਾਂਦਾ ਹੈ ਕਿ ਤੁਸੀਂ ਇੱਕ "ਮਾਨਸਿਕ ਵਿਗਾੜ ਵਾਲੇ ਵਿਅਕਤੀ" ਹੋ ਸਕਦੇ ਹੋ **ਅਤੇ** ਕਿ ਤੁਹਾਡਾ ਵਿਵਹਾਰ ਤੁਹਾਡੀ ਆਪਣੀ ਸੁਰੱਖਿਆ ਜਾਂ ਦੂਜਿਆਂ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾ ਸਕਦਾ ਹੈ। ਉਹ ਆਮ ਤੌਰ 'ਤੇ ਤੁਹਾਨੂੰ ਨਜ਼ਦੀਕੀ ਹਸਪਤਾਲ ਵਿੱਚ ਲੈ ਕੇ ਆਉਣਗੇ।

ਤੁਹਾਨੂੰ ਹਿੰਸਕ ਹੋਣ ਦੀ ਲੋੜ ਨਹੀਂ ਹੁੰਦੀ ਹੈ ਜਾਂ ਮੈਂਟਲ ਹੈਲਥ ਐਕਟ ਤਹਿਤ ਤੁਹਾਨੂੰ ਪੁਲਿਸ ਦੁਆਰ ਨਜ਼ਰਬਦ ਕੀਤੇ ਜਾਣ 'ਤੇ ਕੋਈ ਅਪਰਾਧ ਨਹੀਂ ਕਰਨਾ ਚਾਹੀਦਾ। ਜੇ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਮਾਨਸਿਕ ਸਿਹਤ ਸੰਬੰਧੀ ਸੰਕਟ ਦੌਰਾਨ ਸਹਾਇਤਾ ਲਈ 911 'ਤੇ ਕਾਲ ਕਰਦਾ ਹੈ ਤਾਂ ਪੁਲਿਸ ਕੋਲ ਤੰਦਰੁਸਤੀ ਦੀ ਜਾਂਚ ਕਰਨ ਲਈ ਤੁਹਾਡੇ ਘਰ ਵਿੱਚ ਦਾਖਲ ਹੋਣ ਦੀ ਤਾਕਤ ਹੁੰਦੀ ਹੈ।

ਸਾਰੇ ਸੂਬਿਆਂ ਅਤੇ ਰਾਜਕੀ ਇਕਾਈਆਂ ਵਿੱਚ ਮਾਨਸਿਕ ਸਿਹਤ ਸੰਬੰਧੀ ਕਾਨੂੰਨ ਦੇ ਕੁਝ ਰੂਪ ਮੌਜੂਦ ਹਨ। ਇਸ ਨੂੰ ਆਮ ਤੌਰ 'ਤੇ ਮੈਂਟਲ ਹੈਲਥ ਐਕਟ ਕਿਹਾ ਜਾਂਦਾ ਹੈ। ਤੁਸੀਂ ਕਿੱਥੇ ਹੋ, ਇਸਦੇ ਆਧਾਰ 'ਤੇ ਨਿਯਮ ਅਤੇ ਪਰ੍ਕਿਰਿਆਵਾਂ ਵੱਖਰੀਆਂ ਹੋ ਸਕਦੀਆਂ ਹਨ।

## "ਮਾਨਸਿਕ ਵਿਕਾਰ" ਕੀ ਹੈ?

ਇਸ ਮੈਂਟਲ ਹੈਲਥ ਐਕਟ ਦੇ ਅਨੁਸਾਰ, ਇੱਕ ਮਾਨਸਿਕ ਵਿਕਾਰ ਮਨੋਦਸ਼ਾ ਦਾ ਇੱਕ ਵਿਕਾਰ ਹੈ ਜਿਸ ਲਈ ਮਨੋਵਿਗਿਆਨਕ ਇਲਾਜ ਦੀ ਲੋੜ ਹੁੰਦੀ ਹੈ ਅਤੇ ਇਸ ਨਾਲ ਤੁਹਾਡੇ ਆਲੇ ਦੁਆਲੇ ਕੀ ਹੋ ਰਿਹਾ ਹੈ ਜਾਂ ਤੁਸੀਂ ਦੂਜਿਆਂ ਨਾਲ ਕਿਵੇਂ ਗੱਲਬਾਤ ਕਰਦੇ ਹੋ, ਉਸ ਪਰ੍ਤੀ ਉਚਿਤ ਪਰ੍ਤੀਕਿਰਿਆ ਕਰਨ ਦੀ ਤੁਹਾਡੀ ਯੋਗਤਾ ਗੰਭੀਰ ਰੂਪ ਵਿੱਚ ਪਰ੍ਭਾਵਿਤ ਹੁੰਦੀ ਹੈ।

ਪੁਲਿਸ ਨੂੰ ਮਾਨਸਿਕ ਵਿਕਾਰਾਂ ਦਾ ਪਤਾ ਲਗਾਉਣ ਲਈ ਸਿਖਲਾਈ ਨਹੀਂ ਦਿੱਤੀ ਜਾਂਦੀ ਹੈ। ਤੁਹਾਨੂੰ ਨਜ਼ਰਬੰਦ ਕਰਨ ਲਈ ਅਤੇ ਮੈਡੀਕਲ ਪੇਸ਼ੇਵਰ ਕੋਲ ਲੈ ਜਾਣ ਲਈ ਉਹਨਾਂ ਨੂੰ ਕਿਸੇ ਵਿਸ਼ੇਸ਼ ਨਿਦਾਨ ਦੀ ਲੋੜ ਨਹੀਂ ਹੁੰਦੀ ਹੈ।

ਪੁਲਿਸ ਦੁਆਰਾ ਤੁਹਾਨੂੰ ਨਜ਼ਰਬੰਦ ਕਰਨ ਤੋਂ ਬਾਅਦ, ਤੁਹਾਨੂੰ ਮਾਨਸਿਕ ਸਿਹਤ ਸਹੂਲਤ ਵਿੱਚ ਦਾਖਲ ਕੀਤਾ ਜਾ ਸਕਦਾ ਹੈ - ਜਿਵੇਂ ਕਿ ਇੱਕ ਹਸਪਤਾਲ, ਮਨੋਵਿਗਿਆਨਕ ਯੂਨਿਟ, ਜਾਂ ਨਿਰੀਖਣ ਯੂਨਿਟ। ਤੁਹਾਨੂੰ ਉੱਥੇ **ਤੁਹਾਡੀ ਸਹਿਮਤੀ ਤੋਂ ਬਿਨਾਂ** 48 ਘੰਟਿਆਂ ਲਈ ਰੱਖਿਆ ਜਾ ਸਕਦੇ ਹੈ ਜੇ ਤੁਹਾਡੇ ਡਾਕਟਰ ਜਾਂ ਨਰਸ ਅਭਿਆਸਕਰਤਾ ਨੂੰ ਇਹ ਲੱਗਦਾ ਹੈ:

1. ਤੁਸੀਂ ਮਾਨਸਿਕ ਵਿਗਾੜ ਵਾਲੇ ਵਿਅਕਤੀ ਹੋ;
2. ਤੁਹਾਨੂੰ ਮਾਨਸਿਕ ਸਿਹਤ ਸਹੂਲਤ ਜਾਂ ਹਸਪਤਾਲ ਵਿੱਚ ਜਾਂ ਉਸ ਰਾਹੀਂ ਮਨੋਵਿਗਿਆਨੀ ਇਲਾਜ ਦੀ ਲੋੜ ਹੈ;
3. ਤੁਹਾਨੂੰ ਤੁਹਾਡੀ ਮਾਨਸਿਕ ਜਾਂ ਸਰੀਰਕ ਸਥਿਤੀ ਨੂੰ ਕਾਫ਼ੀ ਵਿਗੜਨ ਤੋਂ ਰੋਕਣ ਲਈ, ਜਾਂ ਤੁਹਾਡੀ ਆਪਣੀ ਸੁਰੱਖਿਆ ਜਾਂ ਦੂਜਿਆਂ ਦੀ ਸੁਰੱਖਿਆ ਲਈ ਦੇਖਭਾਲ, ਨਿਗਰਾਨੀ ਅਤੇ ਨਿਯੰਤਰਣ ਦੀ ਲੋੜ ਕਾਰਨ ਮਾਨਸਿਕ ਸਿਹਤ ਸਹੂਲਤ ਜਾਂ ਹਸਪਤਾਲ ਵਿੱਚ ਰੱਖਿਆ ਜਾਣਾ ਚਾਹੀਦਾ ਹੈ;
4. ਤੁਹਾਨੂੰ ਸਵੈ-ਇੱਛਾ ਨਾਲ ਦਾਖਲ ਨਹੀਂ ਕੀਤਾ ਜਾ ਸਕਦਾ।

ਮੈਡੀਕਲ ਪੇਸ਼ੇਵਰ ਦਾ ਮੁਲਾਂਕਣ ਇੱਕ ਮੈਡੀਕਲ ਸਰਟੀਫਿਕੇਟ ਵਿੱਚ ਨਿਰਧਾਰਤ ਕੀਤਾ ਜਾਂਦਾ ਹੈ। ਸਰਟੀਫਿਕੇਟ ਪਰ੍ਹਾਪਤ ਹੋਣ ਤੋਂ ਬਾਅਦ, ਮਾਨਸਿਕ ਸਿਹਤ ਸਹੂਲਤ ਜਾਂ ਹਸਪਤਾਲ ਦਾ ਨਿਰਦੇਸ਼ਕ ਫੈਸਲਾ ਕਰੇਗਾ ਕਿ ਤੁਹਾਨੂੰ ਦਾਖਲ ਕਰਨਾ ਹੈ ਜਾਂ ਨਹੀਂ। ਸਰਟੀਫਿਕੇਟ ਦੀ ਤੁਹਾਡੇ ਮੈਡੀਕਲ ਪੇਸ਼ੇਵਰ ਦੁਆਰਾ ਜਾਂਚ ਕੀਤੇ ਜਾਣ ਦੀ ਤਾਰੀਖ਼ ਤੋਂ 14 ਦਿਨਾਂ ਲਈ ਵੈਧ ਹੁੰਦਾ ਹੈ।

ਮੈਂਟਲ ਹੈਲਥ ਐਕਟ ਪੁਲਿਸ ਨੂੰ ਤੁਹਾਨੂੰ ਨਜ਼ਰਬੰਦ ਕਰਨ ਅਤੇ ਹੋਰ ਸਥਿਤੀਆਂ ਵਿਚ ਹਸਪਤਾਲ ਲੈ ਜਾਣ ਦਾ ਵੀ ਅਧਿਕਾਰ ਦਿੰਦਾ ਹੈ। ਉਦਾਹਰਨ ਲਈ, ਇਹ ਕਿਸੇ ਵੀ ਵਿਅਕਤੀ ਲਈ ਸੰਭਵ ਹੈ - ਪਰਿਵਾਰ ਅਤੇ ਦੋਸਤਾਂ ਸਮੇਤ - ਕਿਸੇ ਅਦਾਲਤ ਨੂੰ ਇਸ ਸੰਬੰਧੀ ਹੁਕਮ ਦੇਣ ਲਈ ਕਹਿਣਾ। ਜੇ ਤੁਸੀਂ ਕਿਸੇ ਅਜਿਹੇ ਹਸਪਤਾਲ ਛੱਡਿਆ ਜਾਂਦਾ ਹੈ ਜਿੱਥੇ ਤੁਹਾਨੂੰ ਇਜਾਜ਼ਤ ਤੋਂ ਬਿਨਾਂ ਨਜ਼ਰਬੰਦ ਕੀਤਾ ਗਿਆ ਹੈ, ਤਾਂ ਪੁਲਿਸ ਨੂੰ ਤੁਹਾਨੂੰ ਲੱਭਣ ਅਤੇ ਤੁਹਾਨੂੰ ਵਾਪਸ ਲਿਆਉਣ ਲਈ ਕਿਹਾ ਜਾ ਸਕਦਾ ਹੈ। ਜੇ ਤੁਸੀਂ ਭਾਈਚਾਰੇ ਵਿੱਚ ਅਣ-ਇੱਛਤ ਇਲਾਜ ਜਾਂ "ਵਧਾਈ ਗਈ ਛੁੱਟੀ" ਦਾ ਸਾਹਮਣਾ ਕਰ ਰਹੇ ਹੋ, ਤਾਂ ਤੁਹਾਡੀ ਇਲਾਜ ਟੀਮ ਤੁਹਾਨੂੰ ਹਸਪਤਾਲ ਵਾਪਸ ਆਉਣ ਅਤੇ ਪੁਲਿਸ ਨੂੰ ਤੁਹਾਨੂੰ ਲਿਆਉਣ ਲਈ ਕਹਿ ਸਕਦੀ ਹੈ।

## ਅਪਰਾਧਿਕ ਰਿਕਾਰਡਾਂ ਦੀ ਜਾਂਚ

ਜੇ ਤੁਹਾਨੂੰ ਮੈਂਟਲ ਹੈਲਥ ਐਕਟ ਦੇ ਤਹਿਤ ਨਜ਼ਰਬੰਦ ਕੀਤਾ ਜਾਂਦਾ ਹੈ, ਤਾਂ ਪੁਲਿਸ ਉਸ ਜਾਣਕਾਰੀ ਨੂੰ ਰਿਕਾਰਡ ਕਰੇਗੀ ਅਤੇ ਮਨ-ਮਰਜ਼ੀ ਨਾਲ ਉਸ ਤੱਕ ਪਹੁੰਚ ਕਰ ਸਕਦੀ ਹੈ। ਭਾਵੇਂ, ਜ਼ਿਆਦਾਤਰ ਸਥਿਤੀਆਂ ਵਿੱਚ, ਇਸ ਨੂੰ ਰੁਜ਼ਗਾਰ ਜਾਂ ਸਵੈ-ਇੱਛਤ ਅਪਰਾਧਿਕ ਰਿਕਾਰਡਾਂ ਦੀ ਜਾਂਚ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ।

ਵਧੇਰੇ ਜਾਣਕਾਰੀ ਲਈ, ਪੁਲਿਸ ਦੀਆਂ ਜਾਣਕਾਰੀ ਸੰਬੰਧੀ ਜਾਂਚਾਂ ਲਈ BC ਦੀਆਂ ਹਿਦਾਇਤਾਂ ਦੇਖੋ: https://www2.gov.bc.ca/assets/gov/law-crime-and-justice/criminal-justice/police/publications/police-information-checks/police_infochecks_guidelines_dec16.pdf.

## ਅਣ-ਇੱਛਤ ਇਲਾਜ ਅਤੇ ਜਾਰੀ ਰੱਖੀ ਗਈ ਨਜ਼ਰਬੰਦੀ

BC ਉਹਨਾਂ ਇੱਕਮਾਤਰ ਸੂਬਿਆਂ ਵਿੱਚੋਂ ਇੱਕ ਹੈ ਜਿਸ ਕੋਲ ਵਰਤਮਾਨ ਵਿੱਚ ਕੋਈ ਸੇਵਾ ਨਹੀਂ ਹੈ ਜੋ ਤੁਹਾਡੇ ਅਧਿਕਾਰਾਂ ਬਾਰੇ ਸਲਾਹ ਦਿੰਦੀ ਹੋਵੇ ਜਦੋਂ ਤੁਹਾਨੂੰ ਅਣ-ਇੱਛਤ ਇਲਾਜ ਲਈ ਦਾਖਲ ਕੀਤਾ ਜਾਂਦਾ ਹੈ।

ਨਜ਼ਰਬੰਦ ਕੀਤੇ ਗਏ ਅਤੇ ਅਣ-ਇੱਛਤ ਇਲਾਜ ਦਾ ਸਾਹਮਣਾ ਕਰ ਰਹੇ ਲੋਕਾਂ ਲਈ ਇੱਕ ਨਵੀਂ ਸੇਵਾ ਬਣਾਉਣ ਲਈ ਜੂਨ 2022 ਵਿੱਚ ਇੱਕ ਕਾਨੂੰਨ ਪਾਸ ਕੀਤਾ ਗਿਆ ਸੀ, ਤਾਂ ਜੋ ਸੰਬੰਧਤ ਲੋਕ ਆਪਣੇ ਅਧਿਕਾਰਾਂ ਬਾਰੇ ਜਾਣਕਾਰੀ ਤੱਕ ਪਹੁੰਚ ਕਰ ਸਕਣ। **ਇਸ ਨਵੀ ਸੇਵਾ ਦੇ 2024 ਵਿੱਚ ਸਾਰੀਆਂ ਸਹੂਲਤਾਂ ਵਿੱਚ ਉਪਲਬਧ ਹੋਣ ਦੀ ਉਮੀਦ ਕੀਤੀ ਜਾਂਦੀ ਹੈ।**

ਤੁਹਾਨੂੰ ਆਪਣੀ ਨਜ਼ਰਬੰਦੀ ਦੇ ਕਾਰਨਾਂ ਨੂੰ ਜਾਣਨ ਅਤੇ ਤੁਰੰਤ ਵਕੀਲ ਨੂੰ ਕਾਲ ਕਰਨ ਦਾ ਅਧਿਕਾਰ ਹੁੰਦਾ ਹੈ। ਜਦੋਂ ਤੁਹਾਨੂੰ ਮਾਨਸਿਕ ਸਿਹਤ ਸਹੂਲਤ ਜਾਂ ਹਸਪਤਾਲ ਲਿਜਾਇਆ ਜਾਂਦਾ ਹੈ ਅਤੇ ਇੱਕ ਅਣ-ਇੱਛਤ ਮਰੀਜ਼ ਵਜੋਂ ਦਾਖਲ ਕੀਤਾ ਜਾਂਦਾ ਹੈ ਤਾਂ ਤੁਹਾਨੂੰ ਤੁਹਾਡੇ ਅਧਿਕਾਰਾਂ ਤੋਂ ਜਾਣੂ ਕਰਵਾਉਣਾ ਲਾਜ਼ਮੀ ਹੈ। ਇੱਕ ਸਟਾਫ ਮੈਂਬਰ ਨੂੰ ਫਾਰਮ 13 ਨਾਮਕ ਇੱਕ ਫਾਰਮ ਦੀ ਵਰਤੋਂ ਕਰਕੇ, ਤੁਹਾਡੇ ਅਧਿਕਾਰਾਂ ਬਾਰੇ ਜਾਣ ਲੈਣ ਚਾਹੀਦਾ ਹੈ।

ਮਾਨਸਿਕ ਸਿਹਤ ਸਹੂਲਤ ਜਾਂ ਹਸਪਤਾਲ ਦੇ ਨਿਰਦੇਸ਼ਕ ਨੂੰ ਕਿਸੇ "ਨਜ਼ਦੀਕੀ ਰਿਸ਼ਤੇਦਾਰ" ਨੂੰ ਇਹ ਦੱਸਣ ਦੀ ਲੋੜ ਹੁੰਦੀ ਹੈ ਕਿ ਤੁਹਾਨੂੰ ਨਜ਼ਰਬੰਦ ਕੀਤਾ ਜਾ ਰਿਹਾ ਹੈ, ਤੁਸੀਂ ਕਿੱਥੇ ਹੋ, ਅਤੇ ਤੁਹਾਡੇ ਅਧਿਕਾਰ ਕੀ ਹਨ। ਇੱਕ "ਨਜ਼ਦੀਕੀ ਰਿਸ਼ਤੇਦਾਰ" ਵਿੱਚ ਇੱਕ ਖੂਨ ਦੇ ਸੰਬੰਧ ਵਾਲਾ ਜਾਂ ਇੱਕ ਦੋਸਤ, ਦੇਖਭਾਲ ਕਰਨ ਵਾਲਾ, ਜਾਂ ਸਾਥੀ ਸ਼ਾਮਲ ਹੋ ਸਕਦਾ ਹੈ। ਤੁਸੀਂ ਜਿਸ ਨੂੰ ਚਾਹੋ ਚੁਣ ਸਕਦੇ ਹੋ।

## ਇਲਾਜ ਅਤੇ ਅਨੁਸ਼ਾਸਨ

ਇੱਕ ਵਾਰ ਜਦੋਂ ਤੁਸੀਂ ਦਾਖਲ ਹੋ ਜਾਂਦੇ ਹੋ, ਤੁਹਾਡਾ ਮੁਆਇਨਾ ਅਤੇ ਇਲਾਜ **ਤੁਹਾਡੀ ਸਹਿਮਤੀ ਤੋਂ ਬਿਨਾਂ** ਤੁਰੰਤ ਕੀਤਾ ਜਾ ਸਕਦਾ ਹੈ। ਨਜ਼ਰਬੰਦੀ ਦੌਰਾਨ ਸਟਾਫ਼ ਤੁਹਾਡੇ ਮਨੋਵਿਗਿਆਨਕ ਇਲਾਜ ਬਾਰੇ ਸਾਰੇ ਫੈਸਲੇ ਲੈਣ ਦੇ ਯੋਗ ਹੁੰਦਾ ਹੈ, ਜਿਸ ਵਿੱਚ ਅਨੁਸ਼ਾਸਨ ਵੀ ਸ਼ਾਮਲ ਹੁੰਦਾ ਹੈ, ਜਿਸ ਵਿੱਚ ਮਕਾਨਕੀ ਤੌਰ 'ਤੇ ਰੋਕ ਲਗਾਉਣਾ, ਮਨੋਵਿਗਿਆਨਕ ਦਵਾਈ ਦੇਣਾ, ਇਲੈਕਟਰੋਕਨਵਲਸਿਵ ਥੈਰੇਪੀ (ECT), ਜਾਂ ਇਕਾਂਤ ਕੈਦ ਵਿੱਚ ਰੱਖਿਆ ਜਾ ਸਕਦਾ ਹੈ।

ਸਟਾਫ਼ ਚੁਣ ਸਕਦਾ ਹੈ ਕਿ ਕਦੋਂ ਇਹਨਾਂ ਤਰੀਕਿਆਂ ਦੀ ਵਰਤੋਂ ਕਰਨੀ ਹੈ। ਇਹ ਮੈਂਟਲ ਹੈਲਥ ਐਕਟ ਇਹ ਨਹੀਂ ਦੱਸਦਾ ਹੈ ਕਿ ਇਹਨਾਂ ਤਰੀਕਿਆਂ ਦੀ ਵਰਤੋਂ ਕਦੋਂ, ਕਿਉਂ, ਜਾਂ ਕਿਵੇਂ ਕੀਤੀ ਜਾਵੇ। ਤੁਹਾਨੂੰ ਇਸ ਤਰ੍ਹਾਂ ਵਿਚਾਰਿਆ ਜਾਂਦਾ ਹੈ ਕਿ ਤੁਸੀਂ ਕਿਸੇ ਵੀ ਮਨੋਵਿਗਿਆਨਕ ਇਲਾਜ ਲਈ ਸਹਿਮਤੀ ਦੇ ਦਿੱਤੀ ਹੈ, ਜਦੋਂ ਕਿ ਤੁਹਾਨੂੰ ਇੱਕ ਅਣ-ਇੱਛਤ ਮਰੀਜ਼ ਦੇ ਤੌਰ 'ਤੇ ਰੱਖਿਆ ਗਿਆ ਹੈ। ਤੁਸੀਂ, ਜਾਂ ਤੁਹਾਡੇ ਦੁਆਰਾ ਚੁਣਿਆ ਗਿਆ ਕੋਈ ਵਿਅਕਤੀ, ਫਾਰਮ 11 ਨੂੰ ਵਰਤਕੇ ਤੁਹਾਡੇ ਇਲਾਜ ਬਾਰੇ ਡਾਕਟਰ ਤੋਂ ਦੂਜੀ ਰਾਏ ਮੰਗ ਸਕਦਾ ਹੈ, ਪਰ ਇਹ ਇੱਕ ਮਹੀਨੇ, ਤਿੰਨ-ਮਹੀਨੇ, ਜਾਂ ਛੇ-ਮਹੀਨੇ ਦੀ ਨਜ਼ਰਬੰਦੀ ਦੀ ਮਿਆਦ ਦੇ ਅੰਦਰ ਸਿਰਫ਼ ਇੱਕ ਵਾਰ ਹੀ ਕੀਤਾ ਜਾ ਸਕਦਾ ਹੈ। ਭਾਵੇਂ ਤੁਸੀਂ ਦੂਜੀ ਰਾਏ ਪਰ੍ਾਪਤ ਕਰਦੇ ਹੋ, ਇਸ ਨਾਲ ਸਟਾਫ ਟੀਮ ਦੇ ਇਲਾਜ ਦੇ ਫੈਸਲਿਆਂ ਨਹੀਂ ਬਦਲ ਸਕਦੇ।

48 ਘੰਟਿਆਂ ਤੋਂ ਵੱਧ ਨਜ਼ਰਬੰਦ ਕੀਤ ਜਾਣ ਲਈ, ਤੁਹਾੜੇ ਡਾਕਟਰ ਦੁਆਰਾ ਦੁਬਾਰਾ ਜਾਂਚ ਕੀਤੀ ਜਾਣੀ ਲਾਜ਼ਮੀ ਹੈ ਅਤੇ ਉਹਨਾਂ ਨੂੰ ਇੱਕ ਹੋਰ ਮੈਡੀਕਲ ਸਰਟੀਫਿਕੇਟ ਪੂਰਾ ਕਰਨਾ ਚਾਹੀਦਾ ਹੈ।

ਜੇ ਕਿਸੇ ਨਰਸ ਅਭਿਆਸਕਰਤਾ ਨੇ ਤੁਹਾਡੀ ਪਹਿਲੀ ਵਾਰ ਜਾਂਚ ਕੀਤੀ ਸੀ, ਤਾਂ ਦੂਜੀ ਜਾਂਚ ਡਾਕਟਰ ਦੁਆਰਾ ਪੂਰੀ ਕੀਤੀ ਜਾਣੀ ਲਾਜ਼ਮੀ ਹੈ। ਜੇ ਕਿਸੇ ਡਾਕਟਰ ਨੇ ਤੁਹਾਡੀ ਪਹਿਲੀ ਵਾਰ ਜਾਂਚ ਕੀਤੀ ਸੀ, ਤਾਂ ਦੂਜੀ ਜਾਂਚ ਕਿਸੇ ਵੱਖਰੇ ਡਾਕਟਰ ਦੁਆਰਾ ਪੂਰੀ ਕੀਤੀ ਜਾਣੀ ਲਾਜ਼ਮੀ ਹੈ। ਜੇ ਦੂਜਾ ਡਾਕਟਰ ਪਹਿਲੇ ਮੁਲਾਂਕਣ ਨਾਲ ਸਹਿਮਤ ਹੁੰਦਾ ਹੈ, ਤਾਂ ਤੁਹਾਨੂੰ ਮਾਨਸਿਕ ਸਿਹਤ ਸਹੂਲਤ ਜਾਂ ਹਸਪਤਾਲ ਵਿੱਚ ਇੱਕ ਮਹੀਨੇ ਤੱਕ ਤੁਹਾਡੀ ਇੱਛਾ ਦੇ ਵਿਰੁੱਧ ਰੱਖਿਆ ਜਾ ਸਕਦਾ ਹੈ।

ਤੁਹਾਨੂੰ ਇੱਕ ਮਹੀਨੇ ਤੋਂ ਵੱਧ ਸਮੇਂ ਲਈ ਨਜ਼ਰਬੰਦ ਕੀਤਾ ਜਾ ਸਕਦਾ ਹੈ ਜੇ ਮਾਨਸਿਕ ਸਿਹਤ ਸਹੂਲਤ ਜਾਂ ਹਸਪਤਾਲ ਦਾ ਨਿਰਦੇਸ਼ਕ, ਜਾਂ ਇੱਕ ਅਧਿਕਾਰਤ ਡਾਕਟਰ, ਇਹ ਫੈਸਲਾ ਕਰਦਾ ਹੈ ਕਿ ਤੁਸੀਂ ਹਾਲੇ ਵੀ ਉਹਨਾਂ ਅਸਲ ਕਾਰਨਾਂ ਨੂੰ ਪੂਰਾ ਕਰਦੇ ਹੋ ਜਿਸ ਕਰਕੇ ਤੁਹਾਨੂੰ ਕਿਉਂ ਨਜ਼ਰਬੰਦ ਕੀਤਾ ਗਿਆ ਸੀ। ਨਿਰਦੇਸ਼ਕ ਨੂੰ ਤੁਹਾਡੇ ਮਾਨਸਿਕ ਵਿਗਾੜ ਦੇ ਇਤਿਹਾਸ 'ਤੇ ਵੀ ਗੌਰ ਕਰਨੀ ਚਾਹੀਦਾ ਹੈ, ਜਿਸ ਵਿੱਚ ਪਿਛਲੇ ਹਸਪਤਾਲ ਵਿੱਚ ਦਾਖਲ ਹੋਣਾ ਵੀ ਸ਼ਾਮਲ ਹੁੰਦਾ ਹੈ ਅਤੇ ਕੀ ਤੁਸੀਂ ਪਿਛਲੀਆਂ ਇਲਾਜ ਯੋਜਨਾਵਾਂ ਦੀ ਪਾਲਣਾ ਕੀਤੀ ਵੀ ਜਾਣ ਨਹੀਂ। ਉਹ ਇਸ ਬਾਰੇ ਸੋਚਣਗੇ ਕਿ ਕੀ ਤੁਸੀਂ ਆਪਣੀ ਇਲਾਜ ਯੋਜਨਾ ਦੀ ਪਾਲਣਾ ਕਰਨ ਦੇ ਯੋਗ ਹੋਵੋਗੇ ਵੀ ਨਹੀਂ ਤਾਂ ਉਹ ਤੁਹਾਨੂੰ ਡਿਸਚਾਰਜ ਕਰ ਦੇਣਗੇ। ਉਨਹ੍ਹਾਂ ਨੂੰ ਆਪਣਾ ਫੈਸਲਾ ਲਿਖਤੀ ਰੂਪ ਵਿੱਚ ਦੇਣਾ ਹੋਵੇਗਾ।

ਇੱਕ ਮਹੀਨੇ ਦੇ ਬਾਅਦ, ਮਿਆਦ ਨੂੰ ਇੱਕ ਹੋਰ ਮਹੀਨੇ, ਫਿਰ ਅਗਲੇ ਤਿੰਨ ਮਹੀਨੇ, ਅਤੇ ਫਿਰ ਅਗਲੇ ਹੋਰ ਛੇ ਮਹੀਨੇ, ਅਤੇ ਫਿਰ ਲਗਾਤਾਰ ਛੇ-ਛੇ ਮਹੀਨਿਆਂ ਦੇ ਆਧਾਰ 'ਤੇ ਨਵਿਆਇਆ ਜਾ ਸਕਦਾ ਹੈ। **ਇਹ ਮੈਂਟਲ ਹੈਲਥ ਐਕਟ ਨਜ਼ਰਬੰਦੀ ਲਈ ਸਮਾਂ ਸੀਮਾ ਤੈਅ ਨਹੀਂ ਕਰਦਾ ਹੈ** ।

## ਨਜ਼ਰਬੰਦੀ ਦੀ ਸਮੀਖਿਆ

ਤੁਹਾਨੂੰ ਇਸਨੂੰ ਚੁਣੌਤੀ ਦੇਣ ਦਾ ਵੀ ਅਧਿਕਾਰ ਹੈ ਕਿ ਤੁਹਾਨੂੰ ਕਿਉਂ ਰੋਕ ਕੇ ਰੱਖਿਆ ਜਾ ਰਿਹਾ ਹੈ। ਅਜਿਹਾ ਕਰਨ ਲਈ, ਤੁਸੀਂ ਸਹੂਲਤ ਦੀ ਨਰਸ ਨੂੰ ਪੁੱਛ ਸਕਦੇ ਹੋ: "ਕੀ ਤੁਸੀਂ ਮੈਨੂੰ ਭਰਨ ਲਈ ਇੱਕ ਫਾਰਮ 7 ਦੇ ਸਕਦੇ ਹੋ ਤਾਂ ਜੋ ਮੈਂ ਸਮੀਖਿਆ ਪੈਨਲ ਤੋਂ ਸੁਣਵਾਈ ਕਰਵਾ ਸਕਾਂ?"। ਉਹਨਾਂ ਨੂੰ ਫਾਰਮ ਭਰਨ ਵਿੱਚ ਵੀ ਤੁਹਾਡੀ ਸਹਾਇਤਾ ਕਰਨੀ ਚਾਹੀਦੀ ਹੈ। ਦੂਜਾ ਮੈਡੀਕਲ ਸਰਟੀਫਿਕੇਟ ਪੂਰਾ ਹੁੰਦੇ ਹੀ ਤੁਸੀਂ ਸੁਣਵਾਈ ਲਈ ਬੇਨਤੀ ਕਰ ਸਕਦੇ ਹੋ। ਕੋਈ ਹੋਰ ਵਿਅਕਤੀ, ਜਿਵੇਂ ਕਿ ਕੋਈ ਦੋਸਤ ਜਾਂ ਪਰਿਵਾਰਕ ਮੈਂਬਰ, ਵੀ ਤੁਹਾਡੇ ਲਈ ਸਮੀਖਿਆ ਲਈ ਬੇਨਤੀ ਕਰ ਸਕਦਾ ਹੈ। ਤੁਹਾਡੇ ਦੁਆਰਾ ਫਾਰਮ ਭਰਨ ਅਤੇ ਇਸ ਨੂੰ ਜਮਹ੍ਹਾਂ ਕਰਨ ਤੋਂ ਬਾਅਦ, ਸਮੀਖਿਆ ਪੈਨਲ ਦੀ ਸੁਣਵਾਈ 14 ਤੋਂ 28 ਦਿਨਾਂ ਦੇ ਅੰਦਰ ਹੋਣੀ ਲਾਜ਼ਮੀ ਹੈ, ਤੁਹਾਡੀ ਮੌਜੂਦਾ ਨਜ਼ਰਬੰਦੀ ਦੀ ਮਿਆਦ ਦੇ ਆਧਾਰ 'ਤੇ, ਜਿਵੇਂ ਕਿ ਪੰਨਾ 100 'ਤੇ ਦੱਸਿਆ ਗਿਆ ਹੈ।

ਮੈਂਟਲ ਹੈਲਥ ਰੀਵਿਊ ਬੋਰਡ ਇਹਨਾਂ ਮਾਮਲਿਆਂ ਦੀ ਸੁਣਵਾਈ ਕਰਦਾ ਹੈ ਅਤੇ ਇਹਨਾਂ ਨੂੰ ਆਮ ਤੌਰ 'ਤੇ ਔਨਲਾਈਨ ਕੀਤਾ ਜਾਂਦਾ ਹੈ। ਸਮੀਖਿਆ ਪੈਨਲ ਦੀ ਸੁਣਵਾਈ 'ਤੇ, ਤੁਸੀਂ ਇਹ ਦਲੀਲ ਦੇ ਸਕਦੇ ਹੋ ਕਿ ਤੁਹਾਨੂੰ ਰੋਕ ਕੇ ਰੱਖਣਾ ਜਾਰੀ ਨਹੀਂ ਰੱਖਣਾ ਚਾਹੀਦਾ ਕਿਉਂਕਿ ਤੁਹਾਡੀ ਨਜ਼ਰਬੰਦੀ ਦੇ ਕਾਰਨ ਹੁਣ ਲਾਗੂ ਨਹੀਂ ਹੁੰਦੇ ਹਨ। ਜੇ ਪੈਨਲ ਤੁਹਾਡੇ ਨਾਲ ਸਹਿਮਤ ਹੁੰਦਾ ਹੈ, ਤਾਂ ਉਹ ਤੁਹਾਡੀ ਰਿਹਾਈ ਦਾ ਹੁਕਮ ਦੇ ਸਕਦੇ ਹਨ ਅਤੇ ਤੁਸੀਂ ਸਹੂਲਤ ਛੱਡ ਸਕਦੇ ਹੋ ਜਾਂ ਸੰਭਵ ਤੌਰ 'ਤੇ ਉੱਥੇ ਇੱਕ ਸਵੈ-ਇੱਛਤ ਮਰੀਜ਼ ਵਜੋਂ ਰਹਿਣ ਦੀ ਚੋਣ ਕਰ ਸਕਦੇ ਹੋ।

## ਅਣ-ਇੱਛਤ-ਸਵੈ-ਇੱਛਤ ਦਾਖਲੇ ਅਤੇ ਇਲਾਜ: 16 ਸਾਲ ਤੋਂ ਘੱਟ ਉਮਰ ਦੇ ਨੌਜਵਾਨ ਅਤੇ ਮੈਂਟਲ ਹੈਲਥ ਐਕਟ

ਜੇ ਤੁਸੀਂ 16 ਸਾਲ ਤੋਂ ਘੱਟ ਉਮਰ ਦੇ ਇੱਕ ਨੌਜਵਾਨ ਹੋ, ਤਾਂ ਤੁਹਾਨੂੰ ਇਲਾਜ ਲਈ ਦਾਖਲ ਕੀਤਾ ਜਾ ਸਕਦਾ ਹੈ ਜੇ ਤੁਹਾਡਾ ਕੋਈ ਮਾਤਾ ਜਾਂ ਪਿਤਾ ਜਾਂ ਸਰਪ੍ਰਸਤ ਇਸ ਬਾਰੇ ਆਖਦਾ ਹੈ ਅਤੇਇੱਕ ਡਾਕਟਰ ਜਾਂ ਨਰਸ ਅਭਿਆਸਕਰਤਾ ਇਹ ਫੈਸਲਾ ਕਰਦਾ ਹੈ ਕਿ ਤੁਹਾਨੂੰ ਮਾਨਸਿਕ ਵਿਕਾਰ ਹੈ। ਭਾਵੇਂ ਤੁਸੀਂ ਸਹਿਮਤੀ ਨਹੀਂ ਵੀ ਦਿੰਦੇ, ਇਸ ਨੂੰ ਮੈਂਟਲ ਹੈਲਥ ਐਕਟ ਦੇ ਤਹਿਤ ਇੱਕ "ਸਵੈ-ਇੱਛਤ" ਦਾਖਲਾ ਮੰਨਿਆ ਜਾਂਦਾ ਹੈ। ਭਾਵੇਂ, ਜੇ ਤੁਹਾਨੂੰ ਇਸ ਢੰਗ ਨਾਲ ਦਾਖਲ ਕੀਤਾ ਜਾਂਦਾ ਹੈ, ਤਾਂ ਤੁਹਾਡੇ ਮਨੋਵਿਗਿਆਨਕ ਇਲਾਜ ਬਾਰੇ ਫੈਸਲੇ ਵਧੇਰੇ ਗੁੰਝਲਦਾਰ ਹੁੰਦੇ ਹਨ।

ਤੁਹਾਡੀ ਉਮਰ ਇਹ ਨਹੀਂ ਦੱਸ ਸਕਦੀ ਕਿ ਤੁਹਾਡੀ ਸਿਹਤ ਸੰਭਾਲ ਦੇ ਫੈਸਲੇ ਕੌਣ ਲਵੇਗਾ। ਜਿਹੜੇ ਬੱਚੇ ਅਤੇ ਨੌਜਵਾਨ ਭਾਵੇਂ ਉਹਨਾਂ ਦੀ ਉਮਰ ਕਿੰਨੀ ਵੀ ਹੋਵੇ ਆਪਣੀ ਸਿਹਤ ਬਾਰੇ ਫੈਸਲੇ ਲੈਣ ਦੇ ਯੋਗ ਹਨ, ਉਨਹ੍ਹਾਂ ਨੂੰ ਕਾਨੂੰਨ ਵਿੱਚ ਪਰਿਪੱਕ ਨਾਬਾਲਗ ਕਿਹਾ ਜਾਂਦਾ ਹੈ।

ਪਰਿਪੱਕ ਨਾਬਾਲਗ ਸਿਧਾਂਤ ਇਹ ਯਕੀਨੀ ਬਣਾਉਂਦਾ ਹੈ ਕਿ ਨੌਜਵਾਨ ਖੁਦ ਹੀ ਆਪਣੇ ਮੈਡੀਕਲ ਇਲਾਜ ਬਾਰੇ ਫੈਸਲੇ ਲੈਣ ਦੇ ਆਪਣੇ ਅਧਿਕਾਰ ਨੂੰ ਨਹੀਂ ਗੁਆਉਂਦੇ ਹਨ। ਹਾਲਾਂਕਿ, ਅਜਿਹਾ ਕੋਈ ਕਾਨੂੰਨ ਨਹੀਂ ਹੈ ਜਿਸ ਵਿੱਚ ਡਾਕਟਰ ਨੂੰ ਇਹ ਮੁਲਾਂਕਣ ਕਰਨ ਦੀ ਲੋੜ ਹੋਵੇ ਕਿ ਕੀ ਤੁਸੀਂ ਇੱਕ ਪਰਿਪੱਕ ਨਾਬਾਲਗ ਹੋ ਜਾਂ ਨਹੀਂ। ਜਦੋਂ ਤੁਸੀਂ ਕਿਸੇ ਮਾਤਾ ਜਾਂ ਪਿਤਾ ਜਾਂ ਸਰਪਰ੍ਸਤ ਦੀ ਬੇਨਤੀ 'ਤੇ ਮੈਂਟਲ ਹੈਲਥ ਐਕਟ ਅਧੀਨ ਦਾਖਲ ਹੁੰਦੇ ਹੋ, ਤਾਂ ਇਸ ਦਾ ਅਰਥ ਹੈ ਕਿ ਇਲਾਜ ਸੰਬੰਧੀ ਫੈਸਲੇ ਅਕਸਰ ਤੁਹਾਡੇ ਮਾਤਾ-ਪਿਤਾ ਜਾਂ ਸਰਪਰ੍ਸਤ ਦੁਆਰਾ ਲਏ ਜਾ ਸਕਦੇ ਹਨ।

ਭਾਵੇਂ ਇਹਨਾਂ ਦਾਖਲਿਆਂ ਨੂੰ "ਸਵੈ-ਇੱਛਤ" ਮੰਨਿਆ ਜਾਂਦਾ ਹੈ, ਕਾਨੂੰਨ ਮੰਨਦਾ ਹੈ ਕਿ ਜੋ ਹੋ ਰਿਹਾ ਹੈ ਉਸ ਨਾਲ ਤੁਸੀਂ ਅਸਹਿਮਤ ਵੀ ਹੋ ਸਕਦੇ ਹੋ। ਇਸ ਲਈ ਤੁਹਾਨੂੰ ਕੁਝ ਉਹੀ ਸੁਰੱਖਿਆਵਾਂ ਤੱਕ ਪਹੁੰਚ ਕਰਨ ਦੀ ਲੋੜ ਹੁੰਦੀ ਹੈ ਜਿਨਹ੍ਹਾਂ ਤੱਕ ਅਣ-ਇੱਛਤ ਮਰੀਜ਼ਾਂ ਦੀ ਪਹੁੰਚ ਹੋਣੀ ਚਾਹੀਦੀ ਹੈ। ਤੁਹਾਨੂੰ ਇਹ ਦੱਸਿਆ ਜਾਣਾ ਲਾਜ਼ਮੀ ਹੈ ਕਿ ਤੁਹਾਨੂੰ ਦਾਖਲ ਕਿਉਂ ਕੀਤਾ ਜਾ ਰਿਹਾ ਹੈ ਅਤੇ ਇਹ ਵੀ ਦੱਸਿਆ ਜਾਵੇ ਕਿ ਤੁਹਾਨੂੰ ਵਕੀਲ ਕਰਨ ਦਾ ਅਧਿਕਾਰ ਵੀ ਹੈ। ਤੁਹਾਨੂੰ ਇਹ ਵੀ ਦੱਸਿਆ ਜਾਣਾ ਲਾਜ਼ਮੀ ਹੈ ਕਿ ਤੁਹਾਨੂੰ ਮੈਂਟਲ ਹੈਲਥ ਰੀਵਿਊ ਬੋਰਡ ਦੇ ਸਾਹਮਣੇ ਸਮੀਖਿਆ ਦੀ ਸੁਣਵਾਈ ਦੁਆਰਾ ਜਾਂ ਅਦਾਲਤ ਵਿੱਚ ਅਰਜ਼ੀ ਦੇ ਕੇ ਆਪਣੀ ਨਜ਼ਰਬੰਦੀ ਨੂੰ ਚੁਣੌਤੀ ਦੇਣ ਦਾ ਅਧਿਕਾਰ ਹੁੰਦਾ ਹੈ।

ਅਣ-ਇੱਛਤ ਮਰੀਜ਼ਾਂ ਦੇ ਉਲਟ, ਕਿਸੇ ਵੀ ਉਮਰ ਦੇ ਸਵੈ-ਇੱਛਤ ਮਰੀਜ਼ ਦੂਜੀ ਮੈਡੀਕਲ ਰਾਏ ਲਈ ਬੇਨਤੀ ਨਹੀਂ ਕਰ ਸਕਦੇ ਹਨ। ਤੁਹਾਡੀ ਡਾਕਟਰ ਦੁਆਰਾ ਨਿਯਮਤ ਤੌਰ 'ਤੇ ਜਾਂਚ ਕੀਤੀ ਜਾਣੀ ਲਾਜ਼ਮੀ ਹੈ, ਜਿਵੇਂ ਅਣ-ਇੱਛਤ ਮਰੀਜ਼ਾਂ ਦੀ ਇਸ ਅਨੁਸਾਰ: ਦਾਖਲੇ ਦੇ ਪਹਿਲੇ ਦੋ ਮਹੀਨਿਆਂ ਦੌਰਾਨ ਮਹੀਨੇ ਵਿੱਚ ਇੱਕ ਵਾਰ, ਦੂਜੀ ਜਾਂਚ ਤੋਂ ਤਿੰਨ ਮਹੀਨੇ ਬਾਅਦ, ਅਤੇ ਫਿਰ ਉਸ ਤੋਂ ਬਾਅਦ ਹਰ ਛੇ-ਛੇ ਮਹੀਨੇ ਦੀ ਮਿਆਦ ਦੌਰਾਨ ਇੱਕ ਵਾਰ। ਭਾਵੇਂ, ਤੁਹਾਡਾ ਦਾਖਲਾ ਜਾਰੀ ਰੱਖਣ ਲਈ ਡਾਕਟਰ ਨੂੰ ਇਹ ਪੁਸ਼ਟੀ ਕਰਨੀ ਲਾਜ਼ਮੀ ਹੈ ਕਿ ਤੁਹਾਨੂੰ ਮਾਨਸਿਕ ਵਿਗਾੜ ਹੈ। ਜੇ ਕਿਸੇ ਵੀ ਸਮੇਂ ਡਾਕਟਰ ਇਹ ਫੈਸਲਾ ਕਰਦਾ ਹੈ ਕਿ ਤੁਹਾਨੂੰ ਕੋਈ ਮਾਨਸਿਕ ਵਿਗਾੜ ਨਹੀਂ ਹੈ, ਜਾਂ ਤੁਹਾਡੇ ਮਾਤਾ-ਪਿਤਾ ਜਾਂ ਸਰਪਰ੍ਸਤ ਆਖਦੇ ਹਨ, ਤਾਂ ਤੁਹਾਨੂੰ ਡਿਸਚਾਰਜ ਕੀਤਾ ਜਾਣਾ ਲਾਜ਼ਮੀ ਹੈ।

## ਸੰਕਟ ਦੌਰਾਨ ਕਿਸ ਨੂੰ ਕਾਲ ਕੀਤੀ ਜਾਵੇ?

BC ਵਿੱਚ, ਪੁਲਿਸ ਵਾਲੇ ਅਜੇ ਵੀ ਪਰ੍ਾਇਮਰੀ ਮਾਨਸਿਕ ਸਿਹਤ ਸੰਕਟ ਦਾ ਜਵਾਬ ਦੇਣ ਵਾਲੇ ਵਜੋਂ ਹਨ। ਜੇ ਤੁਸੀਂ 911 'ਤੇ ਕਾਲ ਕਰਦੇ ਹੋ, ਤਾਂ ਸੰਭਾਵਨਾ ਹੈ ਕਿ ਪੁਲਿਸ ਤੁਹਾਡੀ ਕਾਲ ਦਾ ਜਵਾਬ ਦੇਵੇਗੀ। ਅਸੀਂ ਜਾਣਦੇ ਹਾਂ ਕਿ ਉਪਲਬਧ ਪਰ੍ਭਾਵ-ਰੋਧਕ ਸਿਖਲਾਈ ਦੇ ਬਾਵਜੂਦ, ਮਾਨਸਿਕ ਸਿਹਤ ਸੰਕਟ ਦੌਰਾਨ ਪੁਲਿਸ ਦੀ ਮੌਜੂਦਗੀ ਦੇ ਘਾਤਕ ਨਤੀਜੇ ਹੋ ਸਕਦੇ ਹਨ।

ਹੋਰ ਮਾਨਸਿਕ ਸਿਹਤ ਸੰਕਟ ਪਰ੍ਤੀਕਿਰਿਆ ਮਾਡਲਾਂ ਵਿੱਚ, ਜਿਵੇਂ ਕਿ ਵੈਨਕੂਵਰ ਵਿੱਚ ਕਾਰ 87 ਅਤੇ ਸਰੀ ਵਿੱਚ ਕਾਰ 67, ਪੁਲਿਸ ਅਫ਼ਸਰ ਰਜਿਸਟਰਡ ਮਨੋਵਿਗਿਆਨਕ ਨਰਸਾਂ ਨਾਲ ਜਵਾਬ ਦਿੰਦੇ ਹਨ।

ਪੀਅਰ ਅਸਿਸਟਡ ਕੇਅਰ ਟੀਮਾਂ (PACTs) ਇੱਕ ਮਾਨਸਿਕ ਸਿਹਤ ਪੇਸ਼ੇਵਰ ਅਤੇ ਪੀਅਰ ਸਪੋਰਟ ਵਰਕਰ ਨਾਲ ਕਾਲਾਂ ਦਾ ਜਵਾਬ ਦਿੰਦੀਆਂ ਹਨ ਅਤੇ ਜੇ ਉਹਨਾਂ ਨੂੰ ਇਹ ਜਰੂਰੀ ਲੱਗਦਾ ਹੈ ਕਿ ਪੁਲਿਸ ਨੂੰ ਸ਼ਾਮਲ ਕੀਤਾ ਜਾਵੇ ਤਾਂ ਉਹ ਇਹ ਫੈਸਲਾ ਕਰਨਗੀਆਂ। ਇੱਥੇ ਨਿਊ ਵੈਸਟਮਿੰਸਟਰ, ਵਿਕਟੋਰੀਆ, ਅਤੇ ਨੌਰਥ ਸ਼ੋਰ 'ਤੇ PACTs ਕੰਮ ਕਰਦੇ ਹਨ।

**ਸਰੋਤਾਂ ਦੀ ਸੂਚੀ ਲਈ ਪੰਨਾ 104 ਦੇਖੋ, ਸਮੇਤ BC ਵਿੱਚ ਸੰਕਟ ਦੌਰਾਨ ਜਵਾਬ ਦੇਣ ਵਾਲੇ ਫ਼ੋਨ ਨੰਬਰਾਂ ਦੇ।** ਅਸੀਂ ਇਹ ਗਾਰੰਟੀ ਨਹੀਂ ਦੇ ਸਕਦੇ ਕਿ ਇਹ ਸੇਵਾਵਾਂ ਕਿਸੇ ਐਮਰਜੈਂਸੀ ਵਿੱਚ ਪੁਲਿਸ ਨੂੰ ਸ਼ਾਮਲ ਨਹੀਂ ਕਰਨਗੀਆਂ।

## ਮਹੱਤਵਪੂਰਨ ਫ਼ੋਨ ਨੰਬਰ

ਐਕਸੈਸ ਪਰ੍ਹੋ ਬੋਨੋ ਮੈਂਟਲ ਹੈਲਥ ਪਰੋ੍ਗਰਾਮ........................ 604-482-3195 ਨਾਲ ਹੀ 1500 / 1-877-762-6664
ਐਕਸੈਸ ਪਰ੍ਹੋ ਬੋਨੋ ਸਮਰੀ ਐਡਵਾਈਸ ਪਰੋ੍ਗਰਾਮ........................................1-877-762-6664
ਅਤੀਰਾ ਵੂਮੈਨਜ਼ ਰਿਸੋਰਸ ਸੋਸਾਇਟੀ........................................604 331 1407 ਨਾਲ ਹੀ 114
ਬੇਲਾ ਕੂਲਾ ਲੀਗਲ ਐਡਵੋਕੇਸੀ ਪਰੋ੍ਗਰਾਮ....................................................250-982-2110
ਬਰ੍ਹਾਈਡਜ਼ ਲਾਈਨ BC...............................................................................1-866-458-5500
ਕਮਿਊਨਿਟੀ ਲੀਗਲ ਅਸਿਸਟੈਂਸ ਸੁਸਾਇਟੀ.............604-685-3425 ਜਾਂ 1-888-685-6222
ਡਾਇਲ-ਏ-ਲਾਅ...................................................604-687-4680 or 1-800-565-5297
ਡਿਸਬਿਲਟੀ ਲਾਅ ਕਲੀਨਿਕ ....................................236-427-1108 / 1-800-663-1278
ਇੰਡੀਜੀਨਸ ਕਮਿਊਨਿਟੀ ਲੀਗਲ ਕਲੀਨਿਕ...................................................604-822-5421
ਲਾਅ ਸੈਂਟਰ .....................................................................................................250-385-1221
ਲੀਗਲ ਏਡ BC .........................................................604-408-2172 ਜਾਂ 1-866-577-2525
ਮਾਈਗਰੇ੍ਟ ਵਰਕਰਜ਼ ਸੈਂਟਰ...........................................................................(604) 669-4482
MOSAIC..........................................................................................................(604) 254-9626
ਨੇਟਿਵ ਕੋਰਟਵਰਕਰ ਐਂਡ ਕਾਉਂਸਲਿੰਗ ਐਸੋਸੀਏਸ਼ਨ ਆਫ਼ BC.....................604-985-5355
ਸੁਸਾਇਟੀ ਫਾਰ ਚਿਲਡਰਨ ਐਂਡ ਯੂਥ ........................................................(778) 657-5544
BC ਦਾ ਸਾਊਥ ਏਸ਼ੀਆ ਲੀਗਲ ਕਲੀਨਿਕ .............604-878-7400 ਜਾਂ 1-877-762-6664
UBC ਲਾਅ ਵਿਦਿਆਰਥੀਆਂ ਦਾ ਲੀਗਲ ਐਡਵਾਈਸ ਪਰੋ੍ਗਰਾਮ ................(604) 822-5791
ਵੈਨਕੂਵਰ ਐਬਰੀਜ਼ਨਲ ਟਰਾ੍ਂਸਫੋਰਮੇਟਿਵ ਜਸਟਿਸ ਸਰਵਿਸਿਜ਼ ਸੋਸਾਇਟੀ ......604-251-7200

## ਸੰਕਟ ਦਾ ਜਵਾਬ ਦੇਣ ਲਈ ਫ਼ੋਨ ਨੰਬਰ

### ਉਹ ਸੇਵਾਵਾਂ ਜੋ ਵਿਅਕਤੀਗਤ ਭੇਜਕੇ ਜਵਾਬ ਦੇ ਸਕਦੀਆਂ ਹਨ:

PACT ਨੌਰਥ ਸ਼ੋਰ (ਵੀਰਵਾਰ - ਐਤਵਾਰ, ਸ਼ਾਮ 6:00 - ਅੱਧੀ ਰਾਤ).............1-888-261-7228
PACT ਨਿਊ ਵੈਸਟ (7 ਦਿਨ/ਪੂਰਾ ਹਫ਼ਤਾ, ਦੁਪਹਿਰ - 8:00 ਵਜੇ).............. 1-778-727-3903

### ਭਾਵਨਾਤਮਕ ਸਹਾਇਤਾ, ਜਾਣਕਾਰੀ ਅਤੇ ਸਰੋਤ ਪਰ੍ਦਾਨ ਕਰਨ ਵਾਲੀਆਂ ਸੇਵਾਵਾਂ:

ਮੈਂਟਲ ਹੈਲਥ ਸਪੋਰਟ ਲਾਈਨ........................................ 310-6789 (ਕੋਈ ਖੇਤਰੀ ਕੋਡ ਨਹੀਂ)
ਸੁਸਾਈਡ ਸਪੋਰਟ ਲਾਈਨ ..........................................................................1-800-784-2433
ਅਲਕੋਹਲ ਐਂਡ ਡਰੱਗ ਇਨਫਰਮੇਸ਼ਨ ਐਂਡ ਰੈਫਰਲ ਸਰਵਿਸ ..................1-800-663-1441
ਨੌਰਥਨ BC ਕਰਾਈਸਿਸ ਲਾਈਨ.................................................................1-888-562-1214
ਯੂਥ ਨੌਰਥਨ BC ਕਰਾਈਸਿਸ ਲਾਈਨ .......................................................1-888-564-8336
ਸੀਨੀਅਰਜ਼ ਡਿਸਟਰੈਸ ਲਾਈਨ..................................................................... 1-604-872-1234
ਵੈਨਕੂਵਰ ਆਈਲੈਂਡ ਕਰਾਈਸਿਸ ਲਾਈਨ...................................................... 1-888-494-3888
ਇੰਟਿਰੀਅਰ ਕਰਾਈਸਿਸ ਲਾਈਨ.....................................................................1-888-353-2273
ਫਰੇਜ਼ਰ ਹੈਲਥ ਕਰਾਈਸਿਸ ਲਾਈਨ ............................................................1-877-820-7444
ਵੈਨਕੂਵਰ ਕੋਸਟਲ ਹੈਲਥ ਕਰਾਈਸਿਸ ਲਾਈਨ ............................................1-866-661-3311

# ਮਹੱਤਵਪੂਰਨ ਕਾਨੂੰਨੀ ਸ਼ਬਦ

**ਪੇਸ਼ ਹੋਣ ਦਾ ਨੋਟਿਸ** – ਪੁਲਿਸ ਜਾਂ ਅਦਾਲਤ ਦੁਆਰਾ ਤੁਹਾਨੂੰ ਦਿੱਤੀ ਗਈ ਕਾਗਜ਼ ਦੀ ਇੱਕ ਸ਼ੀਟ ਜਿਸ ਅਨੁਸਾਰ ਤੁਹਾਨੂੰ ਕਿਸੇ ਖਾਸ ਦਿਨ ਅਦਾਲਤ ਵਿੱਚ ਹਾਜ਼ਿਰ ਹੋਣ ਦੀ ਲੋੜ ਹੁੰਦੀ ਹੈ। ਅਦਾਲਤ ਵਿੱਚ ਹਾਜ਼ਰ ਨਾ ਹੋਣ ਦੇ ਨਤੀਜੇ ਵਜੋਂ ਹੋਰ ਦੋਸ਼ ਲੱਗਣਗੇ, ਅਤੇ ਤੁਸੀਂ ਡਾਇਵਰਜ਼ਨ ਪਰੋਗਰਾਮ ਵਿੱਚ ਹਿੱਸਾ ਲੈਣ ਦੇ ਯੋਗ ਨਹੀਂ ਹੋਵੋਗੇ।

**ਗਿਰਫ਼ਤਾਰੀ ਵਾਰੰਟ**– ਅਦਾਲਤ ਦੁਆਰਾ ਪੁਲਿਸ ਨੂੰ ਕਿਸੇ ਵਿਸ਼ੇਸ਼ ਵਿਅਕਤੀ ਨੂੰ ਗਿਰਫ਼ਤਾਰ ਕਰਨ ਦਾ ਹੁਕਮ ਦੇਣ ਵਾਲਾ ਇੱਕ ਕਾਗਜ਼ ਦਾ ਇੱਕ ਟੁਕੜਾ ਹੁੰਦਾ ਹੈ।

**ਜ਼ਮਾਨਤ** – ਤੁਹਾਡੇ ਜਾਂ ਤੁਹਾਡੇ ਪਰਿਵਾਰ ਜਾਂ ਦੋਸਤਾਂ ਦੁਆਰਾ ਤੁਹਾਡੇ ਵਾਅਦੇ ਦਾ ਸਮਰਥਨ ਕਰਨ ਲਈ ਅਦਾਲਤ ਵਿੱਚ ਰੱਖੀ ਗਈ ਰਕਮ ਕਿ ਤੁਸੀਂ ਆਪਣੇ ਮੁਕੱਦਮੇ ਲਈ ਹਾਜ਼ਰ ਹੋਵੋਗੇ।

**ਜ਼ਮਾਨਤ ਦੀ ਸੁਣਵਾਈ** – ਜੇ ਤੁਹਾਨੂੰ ਪੁਲਿਸ ਦੁਆਰਾ ਰਿਹਾਅ ਨਹੀਂ ਕੀਤਾ ਜਾਂਦਾ ਹੈ, ਤਾਂ ਉਹ ਸੁਣਵਾਈ ਜਿਸ ਦੌਰਾਨ ਪੁਲਿਸ ਦੱਸਦੀ ਹੈ ਕਿ ਤੁਹਾਨੂੰ ਕਿਉਂ ਨਹੀਂ ਛੱਡਿਆ ਗਿਆ ਅਤੇ ਜਿਸ ਦੌਰਾਨ ਤੁਹਾਡੇ ਮੁਕੱਦਮੇ ਦੀ ਤਾਰੀਖ਼ ਤੈਅ ਕੀਤੀ ਜਾਂਦੀ ਹੈ। ਆਮ ਤੌਰ 'ਤੇ ਜੱਜ ਤੁਹਾਡੀ ਰਿਹਾਈ ਲਈ (ਜ਼ਮਾਨਤ, ਸ਼ਰਾਬ ਨਾ ਪੀਣ, ਆਦਿ) ਦੀਆਂ ਸ਼ਰਤਾਂ ਰੱਖਦਾ ਹੈ।

**ਸ਼ਾਂਤੀ ਭੰਗ ਕਰਨਾ**– ਪਰੇਸ਼ਾਨੀ ਦਾ ਕਾਰਨ ਬਣਨ 'ਤੇ ਗਿਰਫ਼ਤਾਰੀਯੋਗ ਕਾਰਵਾਈ। ਆਮ ਤੌਰ 'ਤੇ ਇਸ ਵਿੱਚ ਹਿੰਸਾ ਹੋਣ ਦਾ ਖ਼ਤਰਾ ਸ਼ਾਮਲ ਹੁੰਦਾ ਹੈ। ਕਿਉਂਕਿ ਸ਼ਾਂਤੀ ਭੰਗ ਕਰਨ ਲਈ ਕੋਈ ਦੋਸ਼ ਨਹੀਂ ਲੱਗਦਾ ਹੈ, ਪੁਲਿਸ ਨੂੰ ਗਿਰਫ਼ਤਾਰੀ ਤੋਂ ਤੁਰੰਤ ਬਾਅਦ ਗਿਰਫ਼ਤਾਰ ਵਿਅਕਤੀ ਨੂੰ ਛੱਡ ਦੇਣਾ ਲਾਜ਼ਮੀ ਹੈ ਜਾਂ ਗਿਰਫ਼ਤਾਰ ਵਿਅਕਤੀ 'ਤੇ ਕੋਈ ਹੋਰ ਜੁਰਮ ਦਾ ਦੋਸ਼ ਲਗਾਉਣਾ ਪੈਂਦਾ ਹੈ।

**ਕਾਰ 60/67/87** – BC ਵਿੱਚ ਕਿਸੇ ਸ਼ਹਿਰ ਜਾਂ ਖੇਤਰ ਲਈ ਇੱਕ ਵਿਸ਼ੇਸ਼ ਪਰੋਗਰਾਮ ਹੈ ਜਿੱਥੇ ਇੱਕ ਨਿਯਮਤ ਪੁਲਿਸ ਕਾਰ, ਇੱਕ ਪੁਲਿਸ ਅਫ਼ਸਰ ਅਤੇ ਇੱਕ ਮਾਨਸਿਕ ਸਿਹਤ ਪੇਸ਼ੇਵਰ, ਆਮ ਤੌਰ 'ਤੇ ਇੱਕ ਨਰਸ, ਸ਼ੱਕੀ ਮਾਨਸਿਕ ਸਿਹਤ ਸੰਬੰਧੀ ਐਮਰਜੈਂਸੀ ਦਾ ਜਵਾਬ ਦਿੰਦੇ ਹਨ।

**ਕਿਰ੍ਟੀਕਲ ਇਨਫਰਾਸਟਰ੍ਕਚਰ ਡਿਫੈਂਸ ਐਕਟ** - ਇਹ ਇੱਕ ਅਜਿਹਾ ਕਾਨੂੰਨ ਹੈ ਜੋ ਅਲਬਰਟਾ ਵਿੱਚ ਬੁਨਿਆਦੀ ਢਾਂਚੇ (ਪਾਈਪਲਾਈਨਾਂ, ਹਾਈਵੇਅ, ਰੇਲਵੇ ਅਤੇ ਖਾਣਾਂ ਸਮੇਤ) ਨੂੰ ਨਾਕਾਬੰਦੀ, ਵਿਰੋਧ-ਪਰਦਰਸ਼ਨ ਜਾਂ ਸਮਾਨ ਗਤੀਵਿਧੀਆਂ ਦੇ ਕਾਰਨ ਹੋਏ ਨੁਕਸਾਨ ਅਤੇ ਦਖ਼ਲ ਤੋਂ ਬਚਾਉਣ ਲਈ ਲਾਗੂ ਹੁੰਦਾ ਹੈ। ਇਹਨਾਂ ਜੁਰਮਾਂ ਲਈ ਸਜ਼ਾਵਾਂ ਵਜੋਂ ਭਾਰੀ ਜੁਰਮਾਨੇ ਅਤੇ/ਜਾਂ 6 ਮਹੀਨੇ ਤੱਕ ਦੀ ਜੇਲਹ੍ ਸ਼ਾਮਲ ਹੈ।

**ਕਰ੍ਾਊਨ ਕਾਉਂਸਲ (ਕਰ੍ਾਊਨ)** -ਉਹ ਵਕੀਲ ਜੋ ਸਰਕਾਰ ਦੀ ਤਰਫ਼ੋਂ ਇੱਕ ਅਪਰਾਧਿਕ ਮੁਕੱਦਮੇ ਵਿੱਚ ਦੋਸ਼ੀ ਦੇ ਵਿਰੁੱਧ ਬੋਲਦਾ ਹੈ।

**ਡਾਇਵਰਜ਼ਨ ਪਰੋ੍ਗਰਾਮ** - ਅਜਿਹੇ ਪਰੋ੍ਗਰਾਮ, ਆਮ ਤੌਰ 'ਤੇ ਪਹਿਲੀ ਵਾਰ ਦੇ ਅਪਰਾਧੀਆਂ ਲਈ, ਜੋ ਉਹਨਾਂ ਨੂੰ ਭਈਚਾਰਕ ਸੇਵਾ ਦੇ ਕੰਮ, ਮੁਆਫੀ ਮੰਗਣ ਅਤੇ ਕੁਝ ਸ਼ਰਤਾਂ ਨੂੰ ਪੂਰਾ ਕਰਨ ਦੇ ਬਦਲੇ ਜੇਲਹ੍ ਅਤੇ ਅਪਰਾਧਿਕ ਰਿਕਾਰਡਾਂ ਤੋਂ ਬਚਣ ਦੀ ਇਜਾਜ਼ਤ ਦੇ ਸਕਦੇ ਹਨ।

**ਡਿਊਟੀ ਕਾਉਂਸਲ** - ਅਦਾਲਤ ਦੇ ਕਮਰੇ ਵਿਚ ਮੌਜੂਦ ਵਕੀਲ ਜੋ ਲੋਕਾਂ ਲਈ ਅਦਾਲਤੀ ਤਾਰੀਖਾਂ ਤੈਅ ਕਰਨ, ਉਹਨਾਂ ਨੂੰ ਦੋਸ਼ੀ ਠਹਿਰਾਉਣ ਅਤੇ ਕਈ ਵਾਰ ਕਾਨੂੰਨੀ ਸਹਾਇਤਾ ਲਈ ਅਰਜ਼ੀ ਦੇਣ ਜਾਂ ਵਕੀਲ ਲੱਭਣ ਵਿਚ ਸਹਾਇਤਾ ਕਰ ਸਕਦਾ ਹੈ।

**ਹਾਈਬਿਰ੍ਡ ਜੁਰਮ** – ਇੱਕ ਅਜਿਹਾ ਜੁਰਮ ਜਿਸ ਨੂੰ ਕਰ੍ਾਊਨ ਕਾਉਂਸਲ ਜਾਂ ਤਾਂ ਛੋਟੇ-ਮੋਟੇ ਜਾਂ ਵੱਡੇ ਅਪਰਾਧ ਵਜੋਂ ਅੱਗੇ ਵਧਾਉਣ ਲਈ ਚੋਣ ਕਰ ਸਕਦਾ ਹੈ।

**ਵੱਡਾ ਅਪਰਾਧ** – ਸਭ ਤੋਂ ਗੰਭੀਰ ਕਿਸਮ ਦਾ ਅਪਰਾਧਿਕ ਜੁਰਮ। ਅਧਿਕਤਮ ਵੱਖੋ-ਵੱਖ ਸਜਾਵਾਂ ਹੁੰਦੀਆਂ ਹਨ ਅਤੇ ਇਸ ਵਿੱਚ ਉਮਰ ਕੈਦ ਸ਼ਾਮਲ ਹੁੰਦੀ ਹੈ। ਕੁਝ ਵਿੱਚ ਘੱਟ ਤੋਂ ਘੱਟ ਸਜਾਵਾਂ ਹੁੰਦੀਆਂ ਹਨ।

**ਜਸਟਿਸ ਆਫ਼ ਦਾ ਪੀਸ** – ਇਹ ਇੱਕ ਪਾਰਟ-ਟਾਈਮ ਜੱਜ ਹੁੰਦਾ ਹੈ, ਜੋ ਅਕਸਰ ਇੱਕ ਸਥਾਨਕ ਵਕੀਲ ਹੁੰਦਾ ਹੈ, ਜੋ ਕਈ ਵੱਖ-ਵੱਖ ਕਾਨੂੰਨੀ ਸੁਣਵਾਈਆਂ ਲਈ ਜੱਜ ਦੀ ਥਾਂ ਲੈ ਸਕਦਾ ਹੈ, ਜਿਸ ਵਿੱਚ ਛੋਟੇ-ਮੋਟੇ ਜੁਰਮਾਂ ਲਈ ਮੁਕੱਦਮੇ ਵੀ ਸ਼ਾਮਲ ਹੁੰਦੇ ਹਨ।

**ਵਕੀਲ** - ਇਹ ਕਾਨੂੰਨੀ ਪਰ੍ਣਾਲੀ ਦਾ ਇੱਕ ਮਾਹਰ ਹੁੰਦਾ ਹੈ, ਜੋ ਪਰੋ੍ਵਿੰਸ਼ੀਅਲ ਲਾਅ ਸੁਸਾਇਟੀ ਦੁਆਰਾ ਪਰ੍ਮਾਣਿਤ ਪੇਸ਼ੇਵਰ ਹੁੰਦਾ ਹੈ । ਇਸ ਨੂੰ ਕਾਉਂਸਲ ਵੀ ਕਿਹਾ ਜਾਂਦਾ ਹੈ।

**ਕਾਨੂੰਨੀ ਸਹਾਇਤਾ** – ਉਹ ਰਕਮ ਜੋ ਸਰਕਾਰ ਤੁਹਾਡੇ ਲਈ ਵਕੀਲ ਨੂੰ ਭੁਗਤਾਨ ਕਰਦੀ ਹੈ।

**ਪੈਟ-ਡਾਊਨ ਤਲਾਸ਼ੀ** – ਕਿਸੇ ਵਿਅਕਤੀ ਦੇ ਸਰੀਰ ਨੂੰ ਉਸ ਦੇ ਕੱਪੜਿਆਂ ਦੇ ਬਾਹਰਲੇ ਪਾਸੇ ਹੱਥ ਦਬਾ ਕੇ ਕੀਤੀ ਗਈ ਤਲਾਸ਼ੀ। ਇਸ ਨੂੰ "ਬਾਂਹ ਮਰੋੜਨਾ" ਵੀ ਕਿਹਾ ਜਾਂਦਾ ਹੈ। ਆਮ ਤੌਰ 'ਤੇ ਲੁਕੇ ਹੋਏ ਹਥਿਆਰਾਂ ਦੀ ਤਲਾਸ਼ੀ ਕਰਨ ਲਈ ਇਸ ਨੂੰ ਵਰਤਿਆ ਜਾਂਦਾ ਹੈ।

**ਜਨਤਕ ਤੌਰ 'ਤੇ ਨਸ਼ਾ ਕਰਨਾ** - ਇੱਕ ਗਿਰ੍ਫ਼ਤਾਰੀ ਯੋਗ ਜੁਰਮ ਜਦੋਂ ਤੁਸੀਂ ਇੰਨਾ ਜ਼ਿਆਦਾ ਸ਼ਰਾਬੀ ਹੋ ਜਾਵੋਂ ਕਿ ਤੁਸੀਂ ਖੁਦ ਲਈ ਜਾਂ ਦੂਜਿਆਂ ਲਈ ਖ਼ਤਰਾ ਬਣ ਜਾਓ, ਜਾਂ ਤੁਸੀਂ ਪਰੇਸ਼ਾਨੀ ਦਾ ਕਾਰਨ ਬਣ ਰਹੇ ਹੋਵੋ। ਅਜਿਹੀ ਜਨਤਾ ਲਈ ਪਹੁੰਚਯੋਗ ਥਾਂ 'ਤੇ ਹੋਣਾ ਲਾਜ਼ਮੀ ਹੈ।

**ਵਾਜਬ ਆਧਾਰ** - ਕਿਸੇ ਗੱਲ 'ਤੇ ਵਿਸ਼ਵਾਸ ਕਰਨ ਦਾ ਇੱਕ ਠੋਸ ਕਾਰਨ। ਆਮ ਤੌਰ 'ਤੇ ਇਹ ਕਿਹਾ ਜਾਂਦਾ ਸੀ ਕਿ ਪੁਲਿਸ ਨੂੰ ਤੁਹਾਨੂੰ ਗਿਰਫ਼ਤਾਰ ਕਰਨ ਜਾਂ ਤਲਾਸ਼ੀ ਕਰਨ ਤੋਂ ਪਹਿਲਾਂ ਸਿਰਫ਼ "ਅਟਕਲਾਂ" ਜਾਂ ਸ਼ੱਕ ਤੋਂ ਇਲਾਵਾ ਕੁਝ ਸਬੂਤਾਂ ਦੀ ਲੋੜ ਹੁੰਦੀ ਹੈ।

**ਰਿਮਾਂਡ ਸੈਂਟਰ** – ਜਿੱਥੇ ਤੁਹਾਨੂੰ ਤੁਹਾਡੀ ਮੁਕੱਦਮੇ ਦੀ ਤਾਰੀਖ਼ ਤੱਕ ਰੱਖਿਆ ਜਾਂਦਾ ਹੈ ਜੇ ਜੱਜ ਤੁਹਾਡੀ ਕਾਰਨ-ਦੱਸੋ ਸੁਣਵਾਈ 'ਤੇ ਤੁਹਾਨੂੰ ਰਿਹਾਅ ਨਾ ਕਰਨ ਦਾ ਫੈਸਲਾ ਕਰਦਾ ਹੈ ਜਾਂ ਤੁਸੀਂ ਜ਼ਰੂਰੀ ਜ਼ਮਾਨਤ ਦੀ ਰਕਮ ਨਹੀਂ ਦੇ ਸਕਦੇ ਹੋ।

**ਕਾਰਨ ਦੱਸੋ ਸੁਣਵਾਈ** – ਜ਼ਮਾਨਤ ਦੀ ਸੁਣਵਾਈ  ਦੇਖੋ

**ਛੋਟੇ-ਮੋਟੇ ਜੁਰਮ** – ਸਭ ਤੋਂ ਘੱਟ ਗੰਭੀਰ ਕਿਸਮ ਦਾ ਜੁਰਮ। ਇਸ ਵਿੱਚ ਵੱਧ ਤੋਂ ਵੱਧ 6 ਮਹੀਨੇ ਦੀ ਕੈਦ ਅਤੇ/ਜਾਂ $5000 ਦਾ ਜੁਰਮਾਨਾ ਹੋ ਸਕਦਾ ਹੈ।

**ਸੰਮਨ** - ਇੱਕ ਜਸਟੀਸ ਜਾਂ ਜੱਜ ਦੁਆਰਾ ਜਾਰੀ ਕੀਤਾ ਗਿਆ ਇੱਕ ਦਸਤਾਵੇਜ਼ ਜਿਸ ਵਿੱਚ ਕਿਸੇ ਵਿਅਕਤੀ ਨੂੰ ਇੱਕ ਅਪਰਾਧ ਦੇ ਦੋਸ਼ ਦਾ ਜਵਾਬ ਦੇਣ ਲਈ ਅਦਾਲਤ ਵਿੱਚ ਹਾਜ਼ਰ ਹੋਣ ਦੀ ਲੋੜ ਹੁੰਦੀ ਹੈ।

**ਪੇਸ਼ ਹੋਣ ਦਾ ਵਾਅਦਾ** – ਕਾਗਜ਼ ਦਾ ਇੱਕ ਟੁਕੜਾ ਜਿਸ ਉੱਤੇ ਇੱਕ ਦੋਸ਼ੀ ਦਸਤਖ਼ਤ ਕਰਦਾ ਹੈ ਬਜਾਏ ਜ਼ਮਾਨਤ ਦੀ ਸੁਣਵਾਈ ਤੱਕ ਗਿਰਫ਼ਤਾਰ ਰਹਿਣ ਦੇ। ਇਸ ਵਿੱਚ ਆਮ ਤੌਰ 'ਤੇ ਉਹ ਸ਼ਰਤਾਂ ਸ਼ਾਮਲ ਹੋਣਗੀਆਂ ਜਿਨ੍ਹਾਂ ਦੀ ਪਾਲਣਾ ਕਰਨ ਲਈ ਦੋਸ਼ੀ ਆਪਣੀ ਹਿਰਾਸਤ ਤੋਂ ਰਿਹਾਈ ਲਈ ਸਹਿਮਤੀ ਦਿੰਦਾ ਹੈ।

**ਵਾਰੰਟ** – ਅਦਾਲਤ ਦੁਆਰਾ ਪੁਲਿਸ ਨੂੰ ਕੁਝ ਕਰਨ ਦਾ ਹੁਕਮ ਦੇਣ ਲਈ ਜਾਰੀ ਕੀਤੇ ਕਾਗਜ਼ ਦਾ ਇੱਕ ਟੁਕੜਾ ਹੁੰਦਾ ਹੈ। ਵਾਰੰਟ, ਹੋਰ ਚੀਜ਼ਾਂ ਦੇ ਨਾਲ, ਕਿਸੇ ਰਿਹਾਈਸ਼ ਦੀ ਤਲਾਸ਼ੀ (ਤਲਾਸ਼ੀ ਵਾਰੰਟ) ਜਾਂ ਕਿਸੇ ਵਿਅਕਤੀ ਦੀ ਗਿਰਫ਼ਤਾਰੀ (ਗਿਰਫ਼ਤਾਰੀ ਵਾਰੰਟ) ਦੀ ਮੰਗ ਕਰ ਸਕਦੇ ਹਨ।

ਗਿਰ੍ਫ਼ਤਾਰੀ ਸੰਬੰਧੀ ਗਾਈਡ ਜਿਸ ਨੂੰ ਭਾਰੀ ਪੁਲਿਸ ਕਰਮੀਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਪੁਲਿਸ ਗੱਲਬਾਤ ਵਿੱਚ ਉਹਨਾਂ ਦੇ ਅਧਿਕਾਰਾਂ ਬਾਰੇ ਜਾਣਕਾਰੀ ਪਰ੍ਦਾਨ ਕਰਕੇ ਤਾਕਤ ਪਰ੍ਦਾਨ ਕਰਨ ਲਈ ਬਣਾਇਆ ਗਿਆ ਹੈ। ਗਿਰ੍ਫ਼ਤਾਰੀ, ਤਲਾਸ਼ੀ ਅਤੇ ਜ਼ਬਤੀਆਂ, ਅਤੇ ਨਜ਼ਰਬੰਦੀ, ਸਭ ਨੂੰ ਸਮਝਣ ਲਈ ਆਸਾਨ ਭਾਸ਼ਾ ਵਿੱਚ ਤਿਆਰ ਕੀਤਾ ਗਿਆ ਹੈ। ਇਸ ਅੱਪਡੇਟ ਕੀਤੀ ਗਾਈਡ ਵਿੱਚ ਸ਼ਾਮਲ ਵਿਸ਼ੇਸ਼ ਖੰਡਾਂ ਵਿੱਚ ਮਾਨਸਿਕ ਸਿਹਤ ਅਤੇ ਅਣ-ਇੱਛਤ ਇਲਾਜ, ਨੌਜਵਾਨ ਅਤੇ ਕਾਨੂੰਨ, ਸਿਵਲ ਨਾ-ਫ਼ਰਮਾਨੀ, ਵਿਰੋਧ-ਪਰ੍ਦਰਸ਼, ਅਤੇ ਅਦਿਵਾਸੀ ਵਿਰੋਧ-ਪਰ੍ਦਰਸ਼ਨ ਸ਼ਾਮਲ ਹਨ।

ਪੁਲਿਸ ਨੇ ਆਦਿਵਾਸੀ, ਕਾਲੇ ਅਤੇ ਹੋਰ ਨਸਲ ਦੇ ਲੋਕਾਂ, ਬੇਘਰ ਲੋਕਾਂ, ਮਾਨਸਿਕ ਸਿਹਤ ਸੰਬੰਧੀ ਚੁਣੌਤੀਆਂ ਵਾਲੇ ਲੋਕਾਂ, ਨਸ਼ੀਲੇ ਪਦਾਰਥਾਂ ਨੂੰ ਵਰਤਣ ਵਾਲੇ ਲੋਕਾਂ, HIV+ ਵਾਲੇ ਲੋਕਾਂ, ਅਤੇ ਲਿੰਗ ਭਿੰਨਤਾ ਵਾਲੇ ਲੋਕਾਂ ਨੂੰ ਗੈਰ-ਅਨੁਪਾਤਕ ਤੌਰ 'ਤੇ ਨਿਸ਼ਾਨਾ ਬਣਾਉਣਾ ਜਾਰੀ ਰੱਖਿਆ ਹੈ। ਇਹ ਗਾਈਡ ਤੁਹਾਡੇ ਲਈ ਬਣਾਈ ਗਈ ਹੈ।

ਇਸ ਨੂੰ ਲਾਅ ਫਾਊਂਡੇਸ਼ਨ ਆਫ BC ਅਤੇ ਕੈਨੇਡੀਅਨ ਬਾਰ ਲਾਅ ਫਾਰ ਦ ਫਿਊਚਰ ਫੰਡ ਦੁਆਰਾ ਗਈ ਫੰਡਿੰਗ ਪਰ੍ਦਾਨ ਕੀਤੀ ਗਈ ਹੈ।

THE LAW FOUNDATION OF BRITISH COLUMBIA

© BC **ਸਿਵਲ ਲਿਬਰਟੀਜ਼ ਐਸੋਸੀਏਸ਼ਨ**

BC CLA BRITISH COLUMBIA CIVIL LIBERTIES ASSOCIATION

**bccla.org**